People's Herald

People's Herald



Rs- 100/month

# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

"Equality and Justice"

स्वतंत्रता, समानता, भाईचारा

PATIALA On line paper 21 ਮਈ 2025 ਬੁੱਧਵਾਰ "ਰੋਜ਼ਾਨਾ" ਸਾਲ ਚੌਥਾ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

**ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ**



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸ਼ੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ



## ਕਾਨੂੰਨ ਦੇ ਲਾਗੂ ਹੋਣ ਦੌਰਾਨ ਪੈਦਾ ਹੋਣ ਵਾਲੀ ਹਰ ਸਥਿਤੀ ਨਾਲ ਉਚਿਤ ਮੰਚ 'ਤੇ ਨਿਆਂਇਕ ਢੰਗ ਨਾਲ ਨਜਿੱਠਿਆ ਜਾ ਸਕਦਾ ਹੈ- ਐਸਜੀ; ਕੇਂਦਰ ਨੇ ਸੁਪਰੀਮ ਕੋਰਟ 'ਚ ਕਾਨੂੰਨ ਦਾ ਬਚਾਅ ਕੀਤਾ: ਵਕਫ

### ਕਿਹਾ, ਵਕਫ਼ ਅਪਣੇ ਸੁਭਾਅ 'ਚ ਧਰਮ ਨਿਰਪੱਖ ਸੰਕਲਪ ਹੈ ਅਤੇ ਇਸ ਦੇ ਹੱਕ 'ਚ ਸੰਵਿਧਾਨਕਤਾ ਦੀ ਧਾਰਨਾ ਨੂੰ ਵੇਖਦੇ ਹੋਏ ਇਸ 'ਤੇ ਰੋਕ ਨਹੀਂ ਲਗਾਈ ਜਾ ਸਕਦੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਮਈ INTERNATIONAL PAPER, 94636 01616 hardipchumber57@gmail.com



ਨਵੀਂ ਦਿੱਲੀ : ਕੇਂਦਰ ਸਰਕਾਰ ਨੇ ਮੰਗਲਵਾਰ ਨੂੰ ਸੁਪਰੀਮ ਕੋਰਟ 'ਚ ਵਕਫ਼ (ਸੋਧ) ਐਕਟ 2025 ਦਾ ਬਚਾਅ ਕਰਦਿਆਂ ਕਿਹਾ ਕਿ ਵਕਫ਼ ਅਪਣੇ ਸੁਭਾਅ 'ਚ ਧਰਮ ਨਿਰਪੱਖ ਸੰਕਲਪ ਹੈ ਅਤੇ ਇਸ ਦੇ ਹੱਕ 'ਚ ਸੰਵਿਧਾਨਕਤਾ ਦੀ ਧਾਰਨਾ ਨੂੰ ਵੇਖਦੇ ਹੋਏ ਇਸ 'ਤੇ ਰੋਕ ਨਹੀਂ ਲਗਾਈ ਜਾ ਸਕਦੀ।

ਕੇਂਦਰ ਨੇ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਰਾਹੀਂ ਚੀਫ ਜਸਟਿਸ ਬੀ.ਆਰ. ਗਵਈ ਅਤੇ ਜਸਟਿਸ ਅਗਸਟੀਨ ਜਾਰਜ ਮਸੀਹ ਦੀ ਬੈਂਚ ਦੇ ਸਾਹਮਣੇ ਸੌਂਪੇ ਅਪਣੇ ਲਿਖਤੀ ਨੋਟ ਵਿਚ ਅਦਾਲਤ ਵਲੋਂ ਪਹਿਲਾਂ ਉਠਾਏ ਗਏ ਮੁੱਦਿਆਂ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਕਾਨੂੰਨ ਸਿਰਫ ਧਾਰਮਕ ਆਜ਼ਾਦੀ ਦੀ ਰੱਖਿਆ ਕਰਦੇ ਹੋਏ ਵਕਫ ਪ੍ਰਸ਼ਾਸਨ ਦੇ ਧਰਮ ਨਿਰਪੱਖ ਪਹਿਲੂਆਂ ਨੂੰ ਨਿਯਮਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਨ੍ਹਾਂ ਕਿਹਾ ਕਿ ਇਸ 'ਤੇ ਰੋਕ ਲਗਾਉਣ ਦੀ ਕੋਈ ਗੰਭੀਰ ਕੌਮੀ ਲੋੜ ਨਹੀਂ ਹੈ।

ਬੈਂਚ ਨੇ ਕਿਹਾ, ''ਕਾਨੂੰਨ 'ਚ ਇਹ ਤੈਅ ਸਥਿਤੀ ਹੈ ਕਿ ਸੰਵਿਧਾਨਕ ਅਦਾਲਤਾਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਕਿਸੇ ਕਾਨੂੰਨੀ ਵਿਵਸਥਾ 'ਤੇ ਰੋਕ ਨਹੀਂ ਲਗਾਉਣਗੀਆਂ ਅਤੇ ਅੰਤ 'ਚ ਇਸ ਮਾਮਲੇ 'ਤੇ ਫੈਸਲਾ ਲੈਣਗੀਆਂ। ਸੰਵਿਧਾਨਕਤਾ ਦੀ ਧਾਰਨਾ ਹੈ ਜੋ ਸੰਸਦ ਵਲੋਂ ਬਣਾਏ ਗਏ ਕਾਨੂੰਨਾਂ 'ਤੇ ਲਾਗੂ ਹੁੰਦੀ ਹੈ।'' ਕਾਨੂੰਨ ਅਧਿਕਾਰੀ ਬੁਧਵਾਰ ਨੂੰ ਅਪਣਾ ਪੱਖ ਬੁਧਵਾਰ ਨੂੰ ਰਖੇਗਾ।

ਕੇਂਦਰ ਨੇ ਕਿਹਾ ਕਿ ਤਿੰਨ ਮੁੱਦੇ, ਜਿਨ੍ਹਾਂ 'ਤੇ ਬੈਂਚ ਨੂੰ ਅੰਤਰਿਮ ਨਿਰਦੇਸ਼ਾਂ ਲਈ ਵਿਚਾਰ ਕਰਨਾ ਸੀ, ਉਹ ਧਾਰਾ 3 (ਆਰ) ਹੈ ਜੋ 'ਪ੍ਰਯੋਗਕਰਤਾ ਰਾਹੀਂ ਵਕਫ' ਦੀ ਮਾਨਤਾ ਨੂੰ ਸੰਭਾਵਤ ਤੌਰ 'ਤੇ ਹਟਾ ਦਿੰਦੀ ਹੈ ਅਤੇ ਧਾਰਾ 3 ਸੀ ਜਿਸ ਨੇ ਸਰਕਾਰੀ ਜਾਇਦਾਦ ਨੂੰ ਵਕਫ ਐਲਾਨਣ ਤੋਂ ਬਾਹਰ ਰੱਖਣ ਲਈ ਵਿਸ਼ੇਸ਼ ਵਿਵਸਥਾਵਾਂ ਪੇਸ਼ ਕੀਤੀਆਂ ਹਨ।

ਬੈਂਚ ਨੇ ਕਿਹਾ ਕਿ ਤੀਜਾ ਮੁੱਦਾ ਕੇਂਦਰੀ ਵਕਫ ਕੌਂਸਲ ਅਤੇ ਰਾਜ ਵਕਫ ਬੋਰਡਾਂ ਦੀ ਬਣਤਰ ਨਾਲ ਸਬੰਧਤ ਹੈ, ਜਿਸ ਵਿਚ ਸੀਮਤ ਗੈਰ-ਮੁਸਲਿਮ ਪ੍ਰਤੀਨਿਧਤਾ ਦੀ ਇਜਾਜ਼ਤ ਦਿਤੀ ਗਈ ਹੈ। ਰੋਕ ਦੀ ਪਟੀਸ਼ਨ ਦਾ ਵਿਰੋਧ ਕਰਦੇ ਹੋਏ ਬੈਂਚ ਨੇ ਕਿਹਾ ਕਿ ਤੱਥਾਂ ਅਤੇ ਬੁਨਿਆਦੀ ਅਧਿਕਾਰਾਂ ਦੀ ਉਲੰਘਣਾ ਦੀਆਂ ਅਸਲ ਘਟਨਾਵਾਂ 'ਤੇ ਵਿਸ਼ੇਸ਼ ਦਲੀਲਾਂ ਦੀ ਅਣਹੋਂਦ 'ਚ ਕਿਸੇ ਕਾਨੂੰਨ ਨੂੰ ਲਾਗੂ ਕਰਨ ਦਾ ਕੋਈ ਵੀ ਹੁਕਮ ਉਲਟ ਹੋਵੇਗਾ।

ਬੈਂਚ ਨੇ ਕਿਹਾ ਕਿ ਪਟੀਸ਼ਨਕਰਤਾਵਾਂ ਦੀਆਂ ਦਲੀਲਾਂ ਦੇ ਉਲਟ, ਕੋਈ ਗੰਭੀਰ ਕੌਮੀ ਲੋੜ ਪੈਦਾ ਨਹੀਂ ਹੁੰਦੀ ਜੋ ਕਾਨੂੰਨ ਨੂੰ ਲਾਗੂ ਕਰਨ 'ਤੇ ਰੋਕ ਲਗਾਉਣ ਦੀ ਮੰਗ ਕਰਦੀ ਹੈ, ਕਿਉਂਕਿ ਕਾਨੂੰਨ ਦੇ ਲਾਗੂ ਹੋਣ ਦੌਰਾਨ ਪੈਦਾ ਹੋਣ ਵਾਲੀ ਹਰ ਸਥਿਤੀ ਨਾਲ ਉਚਿਤ ਮੰਚ 'ਤੇ ਨਿਆਂਇਕ ਢੰਗ ਨਾਲ ਨਜਿੱਠਿਆ ਜਾ ਸਕਦਾ ਹੈ।

ਪਟੀਸ਼ਨ 'ਚ ਕਿਹਾ ਗਿਆ ਹੈ ਕਿ ਪਟੀਸ਼ਨਾਂ 'ਚ ਵਕਫ ਨਾਲ ਜੁੜੇ ਵਕਫ ਅਤੇ ਜਾਇਦਾਦ ਰੈਗੂਲੇਸ਼ਨ ਨੂੰ ਸੰਵਿਧਾਨ ਦੀ ਧਾਰਾ 25 ਅਤੇ 26 (ਧਰਮ ਦਾ ਅਭਿਆਸ ਕਰਨ ਅਤੇ ਪ੍ਰਚਾਰ ਕਰਨ ਦੀ ਆਜ਼ਾਦੀ) ਦੇ ਤਹਿਤ ਧਾਰਮਕ ਅਧਿਕਾਰਾਂ ਨਾਲ ਜੋੜਿਆ ਗਿਆ ਹੈ।

## ਪੰਜ ਮੈਂਬਰੀ ਭਰਤੀ ਕਮੇਟੀ ਮੈਂਬਰਾਂ ਨੇ ਹੁਸ਼ਿਆਰਪੁਰ ਮੀਟਿੰਗ ਵਿੱਚ ਹਰ ਖੇਤਰ ਤੋਂ ਕੀਤੀ ਲਾਮਬੰਦੀ ਦੀ ਅਪੀਲ

### ਪੁਨਰ ਸੁਰਜੀਤੀ ਦੇ ਆਖਰੀ ਪੜਾਅ ਵੱਲ ਵੱਧ ਰਹੀ ਮੁਹਿੰਮ ਜ਼ਿੰਮੇਵਾਰ ਲੀਡਰਸ਼ਿਪ ਦੇਣ ਲਈ ਵਚਨਬੱਧ, ਹੁਕਮਨਾਮਾ ਸਾਹਿਬ ਦੀ ਇੰਨ ਬਿੰਨ ਹੋਵੇਗੀ ਪੂਰਤੀ- ਇਯਾਲੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਮਈ INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ 20 ਮਈ (ਤਰਸੇਮ ਦੀਵਾਨਾ ) ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਣੀ ਭਰਤੀ ਕਮੇਟੀ ਵੱਲੋਂ ਜਾਰੀ ਭਰਤੀ ਮੁਹਿੰਮ ਦਾ ਵੱਧ ਰਿਹਾ ਕਾਫ਼ਲਾ ਅੱਜ ਬੱਬਰ ਅਕਾਲੀ ਲਹਿਰ ਦੀ ਜਨਮ ਭੂਮੀ ਜ਼ਿਲਾ ਹੁਸ਼ਿਆਰਪੁਰ ਪਹੁੰਚਿਆ। ਮਾਲਵਾ ਤੋਂ ਉੱਠੀ ਪੰਥਕ ਅਤੇ ਅਕਾਲੀ ਸੋਚ ਨੂੰ ਜਾਗਰੂਕ ਕਰਦੀ ਕ੍ਰਾਂਤੀ ਦੀ ਲਹਿਰ ਵਿੱਚ ਦੁਆਬਾ ਦੀ ਧਰਤੀ ਵੀ ਰੰਗੀ ਨਜ਼ਰ ਆਈ। ਭਰਤੀ ਮੁਹਿੰਮ ਦੀ ਲਾਮਬੰਦੀ ਲਈ ਰੱਖੀ ਮੀਟਿੰਗ ਵੱਡੀ ਸਿਆਸੀ ਕਾਨਫਰੰਸ ਦੇ ਰੂਪ ਬੇਹੱਦ ਕਾਮਯਾਬ ਹੋ ਨਿੱਬੜੀ। ਇਸ ਮੌਕੇ ਖਾਸ ਤੌਰ ਤੇ ਪਹੁੰਚੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਜਨਮ ਗੁਰੂ ਘਰਾਂ ਦੀ ਰਾਖੀ ਅਤੇ ਵਾੜ ਦੇ ਰੂਪ ਵਿੱਚ ਹੋਈ, ਪਰ ਅੱਜ ਕੌਮ ਅਤੇ ਪੰਥ ਦੀ ਨੁਮਾਇੰਦਾ ਸਿਆਸੀ ਜਮਾਤ ਆਪਣੇ ਅਸਲੀ ਕਾਰਜ ਤੇ ਪਾਸੇ ਹੱਟ ਕੇ ਨਿੱਜ ਪ੍ਰਸਤ ਵੱਲ ਵੱਧ ਚੁੱਕੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਇਸ ਵਰਤਾਰੇ ਲਈ ਕੁਝ ਲੋਕਾਂ ਨੂੰ ਜ਼ਿੰਮੇਵਾਰ ਕਰਾਰ ਦਿੰਦੇ ਕਿਹਾ ਕਿ ਓਹਨਾ ਲੋਕਾਂ ਵਲੋ ਆਪਣੇ ਮੁਫਾਦਾਂ ਲਈ ਕੀਤੇ ਫ਼ੈਸਲਿਆਂ ਦੀ ਭਰਪਾਈ ਦਾ ਨੁਕਸਾਨ ਅੱਜ ਪੂਰਾ ਪੰਥ ਅਤੇ ਕੌਮ ਭੁਗਤ ਰਹੀ ਹੈ

ਇਸ ਮੌਕੇ ਠਾਠਾਂ ਮਾਰਦੇ ਵਰਕਰਾ ਦੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਮਨਪ੍ਰੀਤ ਸਿੰਘ ਇਯਾਲੀ ਨੇ ਬੀਤੇ ਦਿਨ ਵਿਦੇਸ਼ੀ ਧਰਤੀ ਤੇ ਬੈਠੇ ਪੰਜਾਬੀਆਂ ਲਈ ਸ਼ੁਰੂ ਕੀਤੀ ਆਨ ਲਾਈਨ ਭਰਤੀ ਨੂੰ ਮਿਲੇ ਭਰਪੂਰ ਹੁੰਗਾਰੇ ਦੀ ਗੱਲ ਕਰਦਿਆਂ ਕਿਹਾ ਕਿ,ਦੁਨੀਆਂ ਦੇ ਹਰ ਖੇਤਰ ਵਿੱਚ ਬੈਠਾ ਪੰਜਾਬੀ ਮੰਨ ਬਣਾ ਚੁੱਕਾ ਹੈ ਕਿ, ਆਪਣੀ ਸਿਆਸੀ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਪੁਨਰ ਸੁਰਜੀਤ ਕੀਤੇ ਬਗੈਰ ਮਸਲੇ ਹੱਲ ਨਹੀਂ ਹੋਣ ਵਾਲੇ, ਇਸ ਕਰਕੇ ਅੱਜ ਹਰ ਪੰਜਾਬੀ ਦੀ ਅਵਾਜ ਹੈ ਕਿ ਆਪਣੀ ਮਾਂ ਪਾਰਟੀ ਨੂੰ ਮਜ਼ਬੂਤ ਕੀਤਾ ਜਾਵੇ। ਇਯਾਲੀ ਨੇ ਮੁੜ ਦੁਹਰਾਇਆ ਕਿ, ਦੋ ਦਸੰਬਰ ਨੂੰ ਜਾਰੀ ਹੁਕਮਨਾਮਾ ਸਾਹਿਬ ਦੀ ਭਾਵਨਾ ਦੀ ਇੰਨ ਬਿੰਨ ਪਾਲਣਾ ਕਰਦੇ ਹੋਏ, ਪੂਰੀ ਦ੍ਰਿੜਤਾ ਨਾਲ ਪੰਥ ਅਤੇ ਪੰਜਾਬ ਨੂੰ ਪ੍ਰਵਾਣਿਤ ਲੀਡਰਸ਼ਿਪ ਦਿੱਤੀ ਜਾਵੇਗੀ। ਇਯਾਲੀ ਨੇ ਸਪੱਸ਼ਟ ਕੀਤਾ ਕਿ ਪੁਨਰ ਸੁਰਜੀਤੀ ਦਾ ਪੂਰਾ ਕਾਰਜ ਹੁਕਮਨਾਮਾ ਸਾਹਿਬ ਦੀ ਭਾਵਨਾ ਹੇਠ ਹੋਵੇਗਾ, ਇੱਕ ਕਦਮ ਹੁਕਮਨਾਮਾ ਸਾਹਿਬ ਤੋਂ ਬਾਹਰ ਜਾਕੇ ਕੋਈ ਵੀ ਕਾਰਜ ਜਾਂ ਨਿਯੁਕਤੀ ਨਹੀਂ ਹੋਵੇਗੀ। ਹੁਕਮਨਾਮਾ ਸਾਹਿਬ ਦੀਆਂ ਭਾਵਨਾਵਾਂ ਦੀਆਂ ਪਹਿਲੀਆਂ ਸਤਰਾਂ ਮੁਤਾਬਿਕ ਬਿਲਕੁਲ ਸਹੀ ਅਤੇ ਬਣਨ ਵਾਲੇ ਮੈਂਬਰ ਨੂੰ ਤਸਦੀਕ ਕਰਦਾ ਪਰੂਫ਼ ਲਗਾਕੇ ਮੈਂਬਰਸ਼ਿਪ ਭਰੀ ਜਾ ਰਹੀ ਹੈ,18 ਜੂਨ ਤੱਕ ਭਰਤੀ ਨੂੰ ਪੂਰਾ ਕੀਤਾ ਜਾਵੇਗਾ। ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ 2022 ਦੀ ਸ਼ਰਮਨਾਕ ਹਾਰ ਤੋਂ ਬਾਅਦ ਲੀਡਰਸ਼ਿਪ ਨੇ ਪਾਰਟੀ ਵਿੱਚ ਲੋਕਤੰਤਰਿਕ ਕਦਰਾਂ ਕੀਮਤਾਂ ਦੀ ਬਹਾਲੀ ਦੀ ਮੰਗ ਚੁੱਕੀ। ਇਸ ਅਵਾਜ ਨੂੰ ਸੁਣਨ ਅਤੇ ਇਸ ਤੇ ਗੌਰ ਕਰਨ ਦੀ ਬਜਾਏ ਕਾਬਜ ਲੀਡਰਸ਼ਿਪ ਨੇ ਇਸ ਤੋਂ ਮੁਨਕਰ ਹੋਣਾ ਸ਼ੁਰੂ ਕਰ ਦਿੱਤਾ। ਝੂੰਦਾਂ ਕਮੇਟੀ ਦੀ ਸਿਫਾਰਿਸ਼ ਸੀ ਕਿ ਸੁਖਬੀਰ ਸਿੰਘ ਬਾਦਲ ਨੂੰ ਲਾਂਭੇ ਕਰੋ। ਇਸ ਦੇ ਨਾਲ ਹੀ ਪਾਰਟੀ ਦੀ ਦਿੱਖ ਨੂੰ ਢਾਅ ਲਗਾਉਣ ਵਾਲੇ ਲੋਕਾਂ ਨੂੰ ਪਾਸੇ ਕਰਕੇ ਚੰਗੇ ਅਤੇ ਇਮਾਨਦਾਰ ਚਿਹਰੇ ਅੱਗੇ ਕਰੋ, ਪਰ ਤਿਆਗ ਦੀ ਭਾਵਨਾ ਨਾ ਦਿਖਾਉਣ ਵਾਲੇ ਲੋਕਾਂ ਨੇ ਵਰਕਰਾਂ ਦੀ ਭਾਵਨਾ ਨੂੰ ਕਦੇ ਪ੍ਰਵਾਨ ਨਹੀਂ ਕੀਤਾ।

ਜੱਥੇਦਾਰ ਇਕਬਾਲ ਸਿੰਘ ਝੂੰਦਾਂ ਨੇ ਸੰਗਤ ਦੇ ਰੂਬਰੂ ਹੁੰਦੇ ਹੋਏ ਕਿਹਾ ਕਿ, ਇਸ ਪੁਨਰ ਸੁਰਜੀਤੀ ਮੁਹਿੰਮ ਤਹਿਤ ਸਿਰਫ ਲੀਡਰਸ਼ਿਪ ਦੇ ਚਿਹਰੇ ਨਹੀਂ ਬਦਲਣੇ, ਸਗੋਂ ਨੀਤੀ ਵੀ ਬਦਲਣੀ ਹੈ। ਇਸ ਬਦਲੀ ਹੋਈ ਨੀਤੀ ਤਹਿਤ ਸ਼੍ਰੋਮਣੀ ਅਕਾਲੀ ਦਲ ਦੂਜੀਆਂ ਪਾਰਟੀਆਂ ਤੋਂ ਸਿਧਾਂਤਕ ਅਤੇ ਕਾਰਜ ਪੱਖ ਤੋਂ ਵੱਖ ਕਿਵੇਂ ਹੈ, ਇਸ ਵਿਲੱਖਣਤਾ ਨੂੰ ਪੇਸ਼ ਕਰਦੀ ਤਸਵੀਰ ਦੇ ਰੂਪ ਵਿੱਚ ਪੰਥ ਅਤੇ ਪੰਜਾਬ ਪ੍ਰਸਤ ਨਵੀਂ ਲੀਡਰਸ਼ਿਪ ਦਾ ਉਭਾਰ ਅਤੇ ਉਥਾਨ ਹੋਵੇਗਾ।

ਜੱਥੇਦਾਰ ਸੰਤਾ ਸਿੰਘ ਉਮੈਦਪੁਰੀ ਨੇ ਕਿਹਾ ਕਿ ਅੱਜ ਪੰਜਾਬ ਦੀ ਫ਼ਿਜ਼ਾ ਉਦਾਸ ਹੈ। ਨਿਰਾਸ਼ਤਾ ਅਤੇ ਨਿਆਸਰੇ ਵਾਲੀ ਸਥਿਤੀ ਵਿੱਚੋਂ ਪੰਜਾਬ ਗੁਜਰ ਰਿਹਾ ਹੈ। ਇਸ ਵਿੱਚੋ ਨਿਲਕਣ ਦਾ ਇਕੋ ਇੱਕ ਰਸਤਾ ਹੈ ਕਿ ਅਸੀਂ ਜੱਥੇਬੰਧਕ ਤੌਰ ਤੇ ਮਜ਼ਬੂਤ ਹੋਈਏ। ਆਪਣੀ ਪੰਥਕ ਸ਼ਕਤੀ ਨੂੰ ਮਜ਼ਬੂਤ ਕਰੀਏ। ਜੱਥੇਦਾਰ ਉਮੈਦਪੁਰੀ ਨੇ ਕਿਹਾ ਕਿ ਭਰਤੀ ਦਾ ਕੰਮ ਨੇਪਰੇ ਚੜ੍ਹਨ ਵਾਲਾ ਹੈ, ਅਗਲਾ ਕਾਰਜ ਸੰਗਤ ਨੇ ਕਰਨਾ ਹੈ,ਸੰਗਤ ਸਾਹਮਣੇ ਦੋ ਰਸਤੇ ਨੇ, ਇੱਕ ਭਗੌੜਾ ਦਲ ਵੱਲ ਜਾਂਦਾ ਹੈ ਦੂਜਾ ਰਸਤਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਥਾਪੜੇ ਨਾਲ ਚੁਣੀ ਜਾਣ ਪੰਥ ਅਤੇ ਪੰਜਾਬ ਪ੍ਰਵਾਣਿਤ ਲੀਡਰਸ਼ਿਪ ਵੱਲ, ਸੰਗਤ ਕੋਲ ਖੁੱਲਾ ਵਿਕਲਪ ਅਤੇ ਰਸਤਾ ਹੈ।

ਬੀਬੀ ਜਗੀਰ ਕੌਰ ਨੇ ਕਿਹਾ ਕਿ ਅੱਜ ਕੌਮ ਦੀ ਤਸਵੀਰ ਅਤੇ ਤਕਦੀਰ ਧੁੰਦਲੀ ਪੈ ਚੁੱਕੀ ਹੈ। ਖ਼ੂਨ ਪਸੀਨੇ ਨਾਲ ਸਿੰਜੀ ਸਾਡੀ ਪੰਥ ਅਤੇ ਪੰਜਾਬ ਦੀ ਮਾਂ ਪਾਰਟੀ ਅਯੋਗ ਲੋਕਾਂ ਦੇ ਹੱਥਾਂ ਵਿੱਚ ਜਾ ਚੁੱਕੀ ਹੈ। ਪਾਰਟੀ ਦੇ ਸੁਨਹਿਰੀ ਇਤਿਹਾਸ ਨੂੰ ਦੁਹਰਾਉਣ ਲਈ ਸਾਨੂੰ ਹੰਭਲਾ ਮਾਰਨ ਦੀ ਲੋੜ ਹੈ, ਪੰਜ ਮੈਂਬਰੀ ਭਰਤੀ ਕਮੇਟੀ ਜਰੀਏ ਆਸ ਅਤੇ ਉਮੀਦ ਤੇ ਖਰਾ ਉਤਰਦੀ ਲੀਡਰਸ਼ਿਪ ਦੀ ਭਾਲ ਨਿਸਚਿਤ ਰੂਪ ਵਿੱਚ ਪੂਰਾ ਹੋਵੇਗੀ।

ਸਾਬਕਾ ਸਾਂਸਦ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਅੱਜ ਅਕਾਲੀ ਦਲ ਦਾ ਵਰਕਰ ਘੱਟ ਰਹੀ ਵੋਟ ਫ਼ੀਸਦ ਤੇ ਚਿੰਤਤ ਹੈ। ਪਿਛਲੇ ਪੰਜ ਇਲੈਕਸ਼ਨ ਵਿੱਚ ਇੱਕ ਵਿਅਕਤੀ ਦੀ ਅਗਵਾਈ ਹੇਠ ਪਾਰਟੀ ਬੁਰੀ ਤਰ੍ਹਾਂ ਹਾਰੀ ਪਰ ਉਸ ਵਲੋ ਕਦੇ ਵੀ ਤਿਆਗ ਦੀ ਭਾਵਨਾ ਨਾਲ ਕੰਮ ਨਹੀਂ ਕੀਤਾ ਗਿਆ।

ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਪਾਰਟੀ ਵਿੱਚ ਗੈਰ ਸਿਧਾਂਤਕ ਅਤੇ ਗੈਰ

ਬਾਕੀ ਦੀ ਖਬਰ ਸਫ਼ਾ 2 ਤੇ

# ਜੋ ਜਮੀਨ ਸਰਕਾਰੀ ਹੈ ਬੋ ਜਮੀਨ ਹਮਾਰੀ ਹੈ ਬਸਪਾ ਦਾ ਅੰਦੋਲਨ- ਕਰੀਮਪੁਰੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com

ਜਲੰਧਰ( ਚਰਨਜੀਤ ਸੱਲ੍ਹਾਂ )ਬਹੁਜਨ ਸਮਾਜ ਪਾਰਟੀ ਪੰਜਾਬ ਵੱਲੋਂ ਪੰਜਾਬ ਸਰਕਾਰ ਵੱਲੋਂ ਸੰਗਰੂਰ ਵਿੱਚ ਜਮੀਨ ਪ੍ਰਾਪਤੀ ਲਈ ਲੜ ਰਹੇ ਬੇਜਮੀਨੇ ਲੋਕਾਂ ਤੇ ਸਰਕਾਰੀ ਜਬਰ ਦੀ ਨਿੰਦਾ ਸਰਕਾਰ ਵੱਲੋਂ ਕੀਤੇ ਗਿਰਫਤਾਰ ਬੇਗੁਨਾਹਾਂ ਨੂੰ ਤੁਰੰਤ ਰਿਹਾ ਕਰਨ ਲਈ ਕਿਹਾ ਅਤੇ ਸਰਕਾਰੀ ਜਮੀਨ ਤੁਰੰਤ ਬੇਜਮੀਨੇ ਲੋਕਾਂ ਚ ਵੰਡਣ ਲਈ ਸਰਕਾਰ ਆਪਣੀ ਸਮੰਤਵਾਦੀ ਅਤੇ ਜਾਬਰ ਮਾਨਸਿਕਤਾ ਛੱਡ ਕੇ ਅੱਗੇ ਵਧੇ, ਬਸਪਾ ਇਸ ਸਰਕਾਰੀ ਜਬਰ ਨੂੰ ਚੁੱਪ ਚਾਪ ਬਰਦਾਸ਼ਤ ਨਹੀਂ ਕਰੇਗੀ ਜਰੂਰਤ ਪੈਣ ਤੇ ਸੰਗਰੂਰ ਪਹੁੰਚ ਕੇ ਦਿੱਤਾ ਜਾ ਸਕਦਾ ਹੈ ਦਖਲ,ਪੰਜਾਬੀਆਂ ਨੂੰ ਬਸਪਾ ਨਾਲ ਜੁੜਨ ਦਾ ਸੱਦਾ ਭੈਣ ਕੁਮਾਰੀ ਮਾਇਆਵਤੀ ਜੀ ਮੁੱਖ ਮੰਤਰੀ ਉੱਤਰ ਪ੍ਰਦੇਸ਼ ਜੀ ਨੇ ਜਿਸ ਤਰ੍ਹਾਂ ਬੇਜਮੀਨਿਆਂ ਨੂੰ ਲੱਖਾਂ ਏਕੜ ਜਮੀਨ ਮੁਫਤ ਦਿੱਤੀ ਸੀ ਪੰਜਾਬ ਚ ਵੀ ਬਸਪਾ ਸਰਕਾਰ ਬਣਾ ਕੇ ਬੇਜਮੀਨਿਆਂ ਨੂੰ ਸਰਕਾਰੀ ਜਮੀਨਾਂ ਵੰਡੀਆ ਜਾਣਗੀਆਂ ਇਹ ਗੱਲਬਾਤ ਕਰਦਿਆਂ ਸ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਸਪਾ ਪੰਜਾਬ ਕੀਤੀ ਹੈ ਉਨ੍ਹਾਂ ਆਪ ਸਰਕਾਰ ਦੀ ਮਜ਼ਦੂਰਾਂ ਨੂੰ ਗ੍ਰਿਫਤਾਰ ਕਰਕੇ



ਬਹੁਤ ਮਾੜਾ ਕੰਮ ਕੀਤਾ ਹੈ ਉਨ੍ਹਾਂ ਸਮੂਹ ਪੰਜਾਬੀਆਂ ਨੂੰ ਇਸ ਵਾਰ ਬਸਪਾ ਦੀ ਸਰਕਾਰ ਬਣਾਉਣ ਦੀ ਅਪੀਲ ਕੀਤੀ ਹੈ।

# ਮੌਤ ਉਪਰੰਤ ਸਰੀਰ ਦਾਨ ਕਰਨ ਵਾਲੇ ਮਾ.ਟੋਡਰ ਮੱਲ ਨੂੰ ਸੌਂਪਿਆ ਪਛਾਣ ਪੱਤਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com

ਨਵਾਂਸ਼ਹਿਰ ( ਚਰਨਜੀਤ ਸੱਲ੍ਹਾਂ )- ਮਰਨ ਉਪਰੰਤ ਸਰੀਰ ਦਾਨ ਕਰਨ ਵਾਲੇ ਸੇਵਾ ਮੁਕਤ ਮਾ.ਟੋਡਰ ਮੱਲ ਵਾਸੀ ਸ਼ੁਭ ਨਗਰ ਕਰਿਆਮ ਰੋਡ ਨਵਾਂਸ਼ਹਿਰ ਜੀ ਨੂੰ ਸ੍ਰੀ ਰਾਜੀਵ ਵਰਮਾ ਏ.ਡੀ.ਸੀ. ਨਵਾਂਸ਼ਹਿਰ ਜੀ ਦੁਆਰਾ ਪਛਾਣ ਪੱਤਰ ਸੌਂਪਿਆ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਸਰੀਰ ਦਾਨ ਕਰਨਾ ਇੱਕ ਮਹਾਨ ਕਾਰਜ਼ ਹੈ ਪਰਿਵਾਰ ਦੁਆਰਾ ਲਿਆ ਫੈਸਲਾ ਸ਼ਲਾਘਾਯੋਗ ਹੈ। ਤਰਕਸ਼ੀਲ ਸੁਸਾਇਟੀ ਜੋਨ ਨਵਾਂਸ਼ਹਿਰ ਦੇ ਜਥੇਬੰਦਕ ਮੁਖੀ ਮਾ. ਜਗਦੀਸ਼ ਰਾਏਪੁਰ ਡੱਬਾ, ਵਿੱਤ ਮੁਖੀ ਸੁਖਵਿੰਦਰ ਗੋਗਾ ਵੀ ਇਸ ਮੌਕੇ ਹਾਜ਼ਰ ਸਨ ਜਿਹਨਾਂ ਦੀ ਪ੍ਰੇਰਨਾ ਸਦਕਾ ਮਾ ਟੋਡਰ ਮੱਲ ਜੀ ਨੇ ਇਹ ਪ੍ਰਣ



ਲਿਆ। ਤਰਕਸ਼ੀਲ ਆਗੂਆਂ ਨੇ ਕਿਹਾ ਕਿ ਮਾ.ਜੀ ਦੇ ਸਰੀਰ ਦਾਨ ਕਰਨ ਸਬੰਧੀ ਪਛਾਣ ਪੱਤਰ ਪਿਮਸ ਮੈਡੀਕਲ ਕਾਲਜ ਅਤੇ ਹਸਪਤਾਲ ਜਲੰਧਰ ਵਲੋਂ ਜਾਰੀ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਇਹੋ ਜਿਹੇ ਫ਼ੈਸਲੇ ਵਿਗਿਆਨਕ ਸੋਚ ਰੱਖਣ ਵਾਲੇ ਉੱਚੇ ਸੁੱਚੇ ਵਿਚਾਰਧਾਰਕ ਲੋਕ ਹੀ ਕਰ ਸਕਦੇ ਹਨ। ਮਾ ਟੋਡਰ ਮੱਲ ਜੀ ਨੇ ਕਿਹਾ ਕਿ ਮੇਰੇ ਵੱਲੋਂ ਲਏ ਇਸ ਪ੍ਰਣ ਤੋਂ ਹੋਰ ਮਿੱਤਰ ਦੋਸਤ ਅਤੇ ਰਿਸ਼ਤੇਦਾਰ ਵੀ ਪ੍ਰੇਰਿਤ ਹੋ ਰਹੇ ਹਨ। ਮੇਰੇ ਇਸ ਫ਼ੈਸਲੇ ਨਾਲ ਮੌਤ ਪਿੱਛੋਂ ਕੀਤੇ ਜਾਂਦੇ ਵਿਅਰਥ ਅਡੰਬਰਾਂ ਤੋਂ ਛੁਟਕਾਰਾ ਵੀ ਮਿਲੇਗਾ। ਇਸ ਮੌਕੇ ਮਾ.ਜੀ ਦੇ ਭਰਾ ਸ੍ਰੀ ਰਾਕੇਸ਼ ਕੁਮਾਰ ਸੇਵਾ ਮੁਕਤ ਮਿਲਟਰੀ ਕਰਨਲ ਅਤੇ ਸ੍ਰੀ ਮਨੋਹਰ ਲਾਲ ਸਾਬਕਾ ਸਰਪੰਚ ਕਮਾਮ ਨੇ ਕਿਹਾ ਇਸ ਫੈਸਲੇ ਨਾਲ ਬਹੁਤ ਸਾਰੇ ਰੂੜੀਵਾਦੀ ਰਸਮਾਂ ਰਿਵਾਜਾਂ ਨੂੰ ਵੀ ਠੱਲ੍ਹ ਪਵੇਗੀ। ਮੌਤ ਪਿੱਛੋਂ ਲੋਕਾਂ ਦੇ ਦਿਲਾਂ ਵਿੱਚ ਪਾਏ ਜਾਂਦੇ ਅਨੇਕਾਂ ਵਹਿਮ ਭਰਮ ਅਤੇ ਹੋਰ ਭੁਲੇਖਿਆਂ ਤੋਂ ਨਿਜ਼ਾਤ ਮਿਲੇਗੀ।ਸ੍ਰੀ ਜਗਦੀਸ਼ ਸਿੰਘ ਸਾਬਕਾ ਸਰਪੰਚ ਕਮਾਮ ਅਤੇ ਸੇਵਾ ਮੁਕਤ ਮਾ.ਦੇਸ ਰਾਜ ਬੱਜੋਂ ਨੇ ਕਿਹਾ ਇਹ ਫੈਸਲਾ ਬਹੁਤ ਹੀ ਸ਼ਲਾਘਾਯੋਗ ਹੈ ਅਤੇ ਇਹ ਜਿੰਦਾ ਸ਼ਹੀਦਾਂ ਵਾਲਾ ਫੈਸਲਾ ਹੈ। ਉਹਨਾਂ ਅੱਗੇ ਕਿਹਾ ਕਿ ਮਾ. ਜੀ ਪਹਿਲਾਂ ਵੀ ਆਪਣੀ ਡਿਊਟੀ ਦੌਰਾਨ ਪੜ੍ਹਾਉਂਦੇ ਰਹੇ ਅਤੇ ਮੌਤ ਉਪਰੰਤ ਵੀ ਮੈਡੀਕਲ ਕਾਲਜ ਦੇ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਰਹਿਣਗੇ। ਵਿਦਿਆਰਥੀ ਸਰੀਰ ਦੀਆਂ ਬਰੀਕੀਆਂ, ਗੁੰਝਲਦਾਰ ਭੇਤਾਂ ਨੂੰ ਜਾਨਣਗੇ ਅਤੇ ਪ੍ਰੈਕਟੀਕਲੀ ਸਿੱਖਿਆ ਹਾਸਲ ਕਰਕੇ ਹਸਪਤਾਲਾਂ ਵਿੱਚ ਆਉਣ ਵਾਲੇ ਮਰੀਜ਼ਾਂ ਦਾ ਸਹੀ ਢੰਗ ਨਾਲ ਇਲਾਜ ਕਰਕੇ ਉਨ੍ਹਾਂ ਦੀਆਂ ਬੇਸ਼ਕੀਮਤੀ ਜ਼ਿੰਦਗੀਆਂ ਨੂੰ ਬਚਾਉਣਗੇ।

ਮਾ.ਜਗਦੀਸ਼ ਰਾਏਪੁਰ ਡੱਬਾ।
ਜਥੇਬੰਦਕ ਮੁਖੀ ਜੋਨ ਨਵਾਂਸ਼ਹਿਰ।
ਫੋਨ:9417434038

# ਹਰਿਮੰਦਰ ਸਾਹਿਬ ਕੰਪਲੈਕਸ ’ਚ ਕੋਈ ਹਵਾਈ ਸੁਰੱਖਿਆ ਤੋਪ ਤਾਇਨਾਤ ਨਹੀਂ ਕੀਤੀ ਗਈ : ਫੌਜ

## ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ (ਹਰਿਮੰਦਰ ਸਾਹਿਬ) ਦੇ ਕੰਪਲੈਕਸ ਦੇ ਅੰਦਰ ਕੋਈ ਏ.ਡੀ. ਗੰਨ ਜਾਂ ਕੋਈ ਹੋਰ ਏ.ਡੀ. ਸਰੋਤ ਤਾਇਨਾਤ ਨਹੀਂ ਕੀਤਾ ਗਿਆ ਸੀ।

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com

ਫੌਜ ਨੇ ਕਿਹਾ ਹੈ ਕਿ ਆਪਰੇਸ਼ਨ ਸੰਧੂਰ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੋਈ ਹਵਾਈ ਰੱਖਿਆ ਬੰਦੂਕ ਜਾਂ ਕੋਈ ਹੋਰ ਹਵਾਈ ਰੱਖਿਆ ਸਰੋਤ ਤਾਇਨਾਤ ਨਹੀਂ ਕੀਤਾ ਗਿਆ ਸੀ। ਫ਼ੌਜ ਦਾ ਇਹ ਸਪਸ਼ਟੀਕਰਨ ਫ਼ੌਜੀ ਹਵਾਈ ਸੁਰੱਖਿਆ ਦੇ ਡਾਇਰੈਕਟਰ ਜਨਰਲ ਲੈਫ਼ਟੀਨੈਂਟ ਸੁਮੇਰ ਇਵਾਨ ਡੀ’ਕੁਨਹਾ ਵਲੋਂ



ਇਕ ਖ਼ਬਰ ਏਜੰਸੀ ਨੂੰ ਦਿਤੀ ਇੰਟਰਵਿਊ ਦੇ ਮੱਦੇਨਜ਼ਰ ਆਇਆ ਹੈ।

ਲੈਫ਼ਟੀਨੈਂਟ ਸੁਮੇਰ ਨੇ ਇੰਟਰਵਿਊ ’ਚ ਆਪਰੇਸ਼ਨ ਸੰਧੂਰ ਬਾਰੇ ਬੋਲਦਿਆਂ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦੀ ਤਾਰੀਫ਼ ਕਰਦਿਆਂ ਕਿਹਾ ਸੀ ਕਿ ਉਨ੍ਹਾਂ ਨੇ ਪਾਕਿਸਤਾਨ ਤੋਂ ਸੰਭਾਵਤ ਡਰੋਨ ਅਤੇ ਮਿਜ਼ਾਈਲ ਖਤਰਿਆਂ ਦਾ ਮੁਕਾਬਲਾ ਕਰਨ ਲਈ ਫ਼ੌਜ ਨੂੰ ਹਰਿਮੰਦਰ ਸਾਹਿਬ ’ਚ ਹਵਾਈ ਸੁਰੱਖਿਆ ਬੰਦੂਕਾਂ ਤਾਇਨਾਤ ਕਰਨ ਦੀ ਇਜਾਜ਼ਤ ਦਿਤੀ ਸੀ। ਹਾਲਾਂਕਿ ਇਹ ਖਬਰ ਫੈਲਣ ਮਗਰੋਂ ਖ਼ੁਦ ਫ਼ੌਜ ਨੇ ਬਿਆਨ ਜਾਰੀ ਕਰ ਕੇ ਇਸ ਦਾ ਖੰਡਨ ਕੀਤਾ ਅਤੇ ਕਿਹਾ, ‘‘ਸ੍ਰੀ ਹਰਿਮੰਦਰ ਸਾਹਿਬ ’ਚ ਏ.ਡੀ. ਬੰਦੂਕਾਂ ਦੀ ਤਾਇਨਾਤੀ ਨੂੰ ਲੈ ਕੇ ਕੁੱਝ ਮੀਡੀਆ ਰੀਪੋਰਟਾਂ ਫੈਲ ਰਹੀਆਂ ਹਨ। ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ (ਹਰਿਮੰਦਰ ਸਾਹਿਬ) ਦੇ ਕੰਪਲੈਕਸ ਦੇ ਅੰਦਰ ਕੋਈ ਏ.ਡੀ. ਗੰਨ ਜਾਂ ਕੋਈ ਹੋਰ ਏ.ਡੀ. ਸਰੋਤ ਤਾਇਨਾਤ ਨਹੀਂ ਕੀਤਾ ਗਿਆ ਸੀ।’’

# ਜਾਖੜ ਕਾਂਗਰਸ ਸਰਕਾਰ ‘ਚ ਰਹੇ ਚੁੱਪ, ਹੁਣ ਭਾਜਪਾ ਨੂੰ ਖ਼ੁਸ਼ ਕਰਨ ਲਈ ਚੁੱਕ ਰਹੇ ਹਨ ਆਵਾਜ਼: ਕੰਗ

## ਸੁਨੀਲ ਜਾਖੜ 2020 ਵਿੱਚ ਕਾਂਗਰਸ ਸਰਕਾਰ ਦਾ ਹਿੱਸਾ ਸਨ ਜਦੋਂ ਤਰਨਤਾਰਨ ਵਿੱਚ ਨਕਲੀ ਸ਼ਰਾਬ ਕਾਰਨ 154 ਜਾਨਾਂ ਗਈਆਂ ਸਨ। ਉਦੋਂ ਉਨ੍ਹਾਂ ਦਾ ਨੈਤਿਕ ਗ਼ੁੱਸਾ ਕਿੱਥੇ ਸੀ?

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com

ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਅੱਜ ਭਾਜਪਾ ਦੇ ਪੰਜਾਬ ਪ੍ਰਧਾਨ ਸੁਨੀਲ ਜਾਖੜ ਦੀ ਸਖ਼ਤ ਆਲੋਚਨਾ ਕੀਤੀ ਅਤੇ ਕਿਹਾ ਕਿ ਉਹ ਮਜੀਠਾ ਵਿੱਚ ਨਕਲੀ ਸ਼ਰਾਬ ਕਾਰਨ ਹੋਈਆਂ ਦੁਖਦਾਈ ਮੌਤਾਂ ਦੇ ਮੂਲ ਕਾਰਨ ਨੂੰ ਸੰਬੋਧਿਤ ਕਰਨ ਦੀ ਬਜਾਏ ਉਸ ਨੂੰ ਰਾਜਨੀਤਿਕ ਲਾਭ ਲਈ ਵਰਤ ਰਹੇ ਹਨ। ਕੰਗ ਨੇ ਕਿਹਾ, “ਇਹ ਮੰਦਭਾਗਾ ਹੈ ਕਿ ਭਾਜਪਾ ਵਿੱਚ ਆਪਣੇ ਆਪ ਨੂੰ ਸਥਾਪਿਤ ਕਰਨ ਲਈ ਜਾਖੜ ਲਾਸ਼ਾਂ ‘ਤੇ ਰਾਜਨੀਤੀ ਕਰ ਰਹੇ ਹਨ। ਆਪਣੀ ਪਾਰਟੀ ਦੇ ਅੰਦਰ ਉਨ੍ਹਾਂ ਦੀ ਸਥਿਤੀ ਇੰਨੀ ਕਮਜ਼ੋਰ ਹੋ ਗਈ ਹੈ ਕਿ ਉਹ ਗੰਭੀਰ ਹੱਲਾਂ ਦੀ ਬਜਾਏ ਖੋਖਲੀ ਬਿਆਨਬਾਜ਼ੀ ਦਾ ਸਹਾਰਾ ਲੈ ਰਹੇ ਹਨ।”

ਕੰਗ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇਸ ਮਾਮਲੇ ਵਿੱਚ ਤੁਰੰਤ ਅਤੇ ਫੈਸਲਾਕੁੰਨ ਕਾਰਵਾਈ ਕੀਤੀ ਹੈ। 6 ਘੰਟਿਆਂ ਦੇ ਅੰਦਰ, ਠੇਕੇਦਾਰਾਂ, ਆਬਕਾਰੀ ਅਧਿਕਾਰੀਆਂ ਅਤੇ ਪੁਲਿਸ ਕਰਮਚਾਰੀਆਂ ਸਮੇਤ ਕਈ ਅਧਿਕਾਰੀਆਂ ਨੂੰ ਜਵਾਬਦੇਹ ਠਹਿਰਾਇਆ ਗਿਆ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ 16 ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚੋਂ ਕੁਝ ਨੂੰ ਦਿੱਲੀ ਤੋਂ ਵੀ ਫੜਿਆ ਗਿਆ ਹੈ। ਕੰਗ ਨੇ ਪੁਸ਼ਟੀ ਕੀਤੀ ਕਿ “ਮੁੱਖ ਮੰਤਰੀ ਮਾਨ ਦਾ ਨਿਰਦੇਸ਼ ਬਹੁਤ ਸਪੱਸ਼ਟ ਹੈ – ਇਸ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ।”

ਮੀਥੇਨੌਲ ਦੀ ਉਪਲਬਧਤਾ ‘ਤੇ ਚਾਨਣਾ ਪਾਉਂਦਿਆਂ, ਕਾਂਗ ਨੇ ਕਿਹਾ ਕਿ ਇਸ ਦੀ ਸਪਲਾਈ ਨੂੰ ਨਿਯਮਤ ਕਰਨਾ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹੈ, ਜੋ ਕਿ ਪੂਰੇ ਭਾਰਤ ਵਿੱਚ ਖ਼ਤਰਨਾਕ ਤੌਰ ‘ਤੇ ਪਹੁੰਚਣਯੋਗ ਹੈ। ਉਨ੍ਹਾਂ ਕਿਹਾ, “ਮਿਥੇਨੌਲ ਇੱਕ ਰਾਸ਼ਟਰੀ ਚਿੰਤਾ ਦਾ ਵਿਸ਼ਾ ਹੈ ਨਾ ਕਿ ਸਿਰਫ਼ ਪੰਜਾਬ ਦਾ ਮੁੱਦਾ। ਅਜਿਹੇ ਖ਼ਤਰਨਾਕ ਪਦਾਰਥਾਂ ਦੀ ਉਪਲਬਧਤਾ ਨੂੰ ਸਖ਼ਤੀ ਨਾਲ ਕੰਟਰੋਲ ਕੀਤਾ ਜਾਣਾ ਚਾਹੀਦਾ ਹੈ।” ਕੰਗ ਨੇ ਕਿਹਾ ਕਿ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਪਹਿਲਾਂ ਹੀ ਕੇਂਦਰ ਸਰਕਾਰ ਨੂੰ ਪੱਤਰ ਲਿਖ ਚੁੱਕੇ ਹਨ ਜਿਸ ਵਿੱਚ ਮੀਥੇਨੌਲ ਦੀ ਵਿੱਕਰੀ ਅਤੇ ਵੰਡ ਨੂੰ ਨਿਯਮਤ ਕਰਨ ਲਈ ਸਖ਼ਤ ਦਿਸ਼ਾ-ਨਿਰਦੇਸ਼ ਅਤੇ ਰਾਸ਼ਟਰੀ ਨੀਤੀ ਬਣਾਉਣ ਦੀ ਅਪੀਲ ਕੀਤੀ ਗਈ ਹੈ।

‘ਆਪ’ ਦੇ ਸੀਨੀਅਰ ਬੁਲਾਰੇ ਨੀਲ ਗਰਗ ਨੇ ਜਾਖੜ ਦੇ ਪਖੰਡ ਵੱਲ ਇਸ਼ਾਰਾ ਕਰਦੇ ਹੋਏ ਕਿਹਾ ਕਿ ਸੁਨੀਲ ਜਾਖੜ 2020 ਵਿੱਚ ਕਾਂਗਰਸ ਸਰਕਾਰ ਦਾ ਹਿੱਸਾ ਸਨ ਜਦੋਂ ਤਰਨਤਾਰਨ ਵਿੱਚ ਨਕਲੀ ਸ਼ਰਾਬ ਕਾਰਨ 154 ਜਾਨਾਂ ਗਈਆਂ ਸਨ। ਉਦੋਂ ਉਨ੍ਹਾਂ ਦਾ ਨੈਤਿਕ ਗ਼ੁੱਸਾ ਕਿੱਥੇ ਸੀ? ‘ਆਪ’ ਨੂੰ ਉਨ੍ਹਾਂ ਪੀੜਤਾਂ ਲਈ



ਇਨਸਾਫ਼ ਦੀ ਮੰਗ ਕਰਦੇ ਹੋਏ ਪ੍ਰਦਰਸ਼ਨ ਕਰਨੇ ਪਏ। ਅੱਜ, ਜਾਖੜ ਮੀਥੇਨੌਲ ਨਿਯਮ ਵਿੱਚ ਕੇਂਦਰ ਸਰਕਾਰ ਦੀ ਭੂਮਿਕਾ ਨੂੰ ਨਜ਼ਰਅੰਦਾਜ਼ ਕਰ ਰਹੇ ਹਨ ਅਤੇ ਇਸ ਦੀ ਬਜਾਏ ਇੱਕ ਦੁਖਾਂਤ ਦਾ ਰਾਜਨੀਤੀਕਰਨ ਕਰਦੇ ਹਨ।

ਗਰਗ ਨੇ ਕਿਹਾ ਕਿ ਜੇਕਰ ਜਾਖੜ ਸੱਚਮੁੱਚ ਇਸ ਮੁੱਦੇ ਪ੍ਰਤੀ ਗੰਭੀਰ ਹਨ ਤਾਂ ਉਨ੍ਹਾਂ ਨੂੰ ਆਪਣੀ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਅਪੀਲ ਕਰਨੀ ਚਾਹੀਦੀ ਹੈ ਕਿ ਉਹ ਪੰਜਾਬ ਦੀ ਮੀਥੇਨੌਲ ‘ਤੇ ਸਖ਼ਤ ਨਿਯਮ ਬਣਾਉਣ ਦੀ ਮੰਗ ਨੂੰ ਤਰਜੀਹ ਦੇਵੇ ਅਤੇ ਇਸ ਵੱਡੇ ਮੁੱਦੇ ਨੂੰ ਹੱਲ ਕਰੇ।

# ਇਟਲੀ ਦੇ ਸਿੱਖ ਆਗੂਆਂ ਦੇ ਵਿਸ਼ੇਸ਼ ਵਫ਼ਦ ਨੇ ਨਵੇਂ ਬਣੇ ਪੋਪ ਲਿਉਨੇ ਨਾਲ ਕੀਤੀ ਪਹਿਲੀ ਮੁਲਾਕਾਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com

ਇਸਾਈ ਧਰਮ ਦੇ ਨਵੇਂ ਬਣੇ ਪੋਪ ਲਿਉਨੇ ਨਾਲ ਸਿੱਖਾਂ ਦੇ ਇਕ ਵਿਸ਼ੇਸ਼ ਵਫ਼ਦ ਨੇ ਵੈਟੀਕਨ ਸਿਟੀ ਵਿਚ ਪਹਿਲੀ ਮਲਾਕਾਤ ਕੀਤੀ। ਸਿੱਖੀ ਸੇਵਾ ਸੁਸਾਇਟੀ ਇਟਲੀ ਵਲੋਂ ਰੋਮ ਵਿਖੇ ਪੋਪ ਲਿਉਨੇ ਨਾਲ ਹੋਈ ਪਹਿਲੀ ਮੁਲਾਕਾਤ ਉਪਰੰਤ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਸਿੱਖੀ ਸੇਵਾ ਸੁਸਾਇਟੀ ਦੇ ਅਹੁਦੇਦਾਰ ਜਗਜੀਤ ਸਿੰਘ



ਨੇ ਦਸਿਆ ਕਿ ਸੁਸਾਇਟੀ ਦੇ ਵਫ਼ਦ ਵਲੋਂ ਐਤਵਾਰ ਵਿਚ ਵੈਟੀਕਨ ਸਿਟੀ ਦੇ ਸਮਾਰੋਹ ਵਿਚ ਹਿੱਸਾ ਲਿਆ ਗਿਆ ਸੀ ਅਤੇ ਸੋਮਵਾਰ ਪੋਪ ਲਿਉਨੇ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਨੂੰ ਦੁਸ਼ਾਲੇ ਨਾਲ ਸਨਮਾਨਤ ਕੀਤਾ ਗਿਆ ਅਤੇ ਸ੍ਰੀ ਦਰਬਾਰ ਸਾਹਿਬ ਦਾ ਮਾਡਲ ਵੀ ਭੇਂਟ ਕੀਤਾ। ਉਨ੍ਹਾਂ ਕਿਹਾ ਕਿ ਪੋਪ ਨਾਲ ਉਨ੍ਹਾਂ ਦੀ ਮੁਲਾਕਾਤ ਬੇਹੱਦ ਯਾਦਗਾਰ ਰਹੀ।

ਉਨ੍ਹਾਂ ਕਿਹਾ ਕਿ ਅਸੀ ਉਮੀਦ ਕਰਦੇ ਹਾਂ ਕਿ ਪੋਪ ਲਿਓਨੇ ਦੇ ਕਾਰਜਕਾਲ ਮੌਕੇ ਸਿੱਖ ਅਤੇ ਈਸਾਈ ਭਾਈਚਾਰੇ ਦੇ ਸਬੰਧ ਹੋਰ ਵੀ ਮਜ਼ਬੂਤ ਹੋਣਗੇ ਅਤੇ ਭਾਈਚਾਰਕ ਸਾਂਝ ਵਧੇਗੀ। ਉਨ੍ਹਾਂ ਦਸਿਆ ਕਿ ਪੋਪ ਦੁਆਰਾ ਸੰਸਾਰ ਵਿਚ ਸ਼ਾਂਤੀ ਲਿਆਉਣ ਲਈ ਵੀ ਸੰਦੇਸ਼ ਦਿਤਾ। ਇਸ ਮੌਕੇ ਪੋਪ ਲਿਉਨੇ ਨੇ ਸਿੱਖਾਂ ਦਾ ਧਨਵਾਦ ਵੀ ਕੀਤਾ ਅਤੇ ਸਮਾਜ ਵਿਚ ਸਿੱਖਾਂ ਦੁਆਰਾ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਸਿੱਖੀ ਸੇਵਾ ਸੁਸਾਇਟੀ ਵਲੋਂ ਜਗਜੀਤ ਸਿੰਘ ਤੋਂ ਇਲਾਵਾ ਗੁਰਸ਼ਰਨ ਸਿੰਘ, ਬਿਸ਼ਮੇ ਸਿੰਘ ਅਤੇ ਮਜਿੰਦਰ ਸਿੰਘ ਆਦਿ ਹਾਜ਼ਰ ਹੋਏ।

## ਸਫਾ 1 ਦੀ ਖਬਰ ਦਾ ਬਾਕੀ ਭਾਗ

ਪੰਥਕ ਫੈਸਲੇ ਹੋਏ, ਜਿਸ ਨੂੰ ਸਾਡੇ ਵਰਕਰਾਂ ਨੇ ਕਬੂਲ ਨਹੀਂ ਕੀਤਾ। ਪਾਰਟੀ ਸੰਗਠਨ ਉਪਰ ਗੈਰ ਤਜੁਰੇਬਕਾਰ ਲੋਕਾਂ ਦਾ ਕਾਬਜ ਹੋਣ ਦਾ ਖ਼ੁਮਿਆਜਾ ਅੱਜ ਵਰਕਰ ਭੁਗਤ ਰਹੇ ਹਨ। ਢੀਂਡਸਾ ਨੇ ਸਾਰੇ ਵਰਕਰਾਂ ਨੂੰ ਅਪੀਲ ਕੀਤੀ ਕਿ ਓਹ ਅਗਲੇ ਹਫਤੇ ਤੱਕ ਪੂਰੀ ਤਨਦੇਹੀ ਨਾਲ ਲੱਗ ਕੇ ਭਰਤੀ ਕਾਪੀਆਂ ਨੂੰ ਪੂਰਾ ਕਰਦੇ ਹੋਏ ਜਮ੍ਹਾਂ ਕਰਵਾਉਣ ਦੀ ਕੋਸ਼ਿਸ਼ ਕਰਨ।

ਇਸ ਮੀਟਿੰਗ ਨੂੰ ਸਾਬਕਾ ਮੰਤਰੀ ਸੁੱਚਾ ਸਿੰਘ ਛੋਟੇਪੁਰ ਨੇ ਵੀ ਸੰਬੋਧਨ ਕੀਤਾ।

ਮੀਟਿੰਗ ਵਿੱਚ ਪਹੁੰਚੇ ਵਰਕਰਾਂ ਦਾ ਧੰਨਵਾਦ ਕਰਦਿਆਂ ਸਾਬਕਾ ਵਿਧਾਇਕ ਅਤੇ ਐਸਜੀਪੀਸੀ ਮੈਂਬਰ ਠੇਕੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾ ਨੇ ਕਿਹਾ ਕਿ ਦੁਆਬੇ ਦੀ ਧਰਤੀ ਤੇ ਪੰਜ ਮੈਂਬਰੀ ਭਰਤੀ ਕਮੇਟੀ ਨੂੰ ਮਿਲਣ ਵਾਲਾ ਸਹਿਯੋਗ ਨਵੀਂ ਇਬਾਰਤ ਲਿਖਣ ਜਾ ਰਿਹਾ ਹੈ।

ਇਸ ਸਮੇਂ , ਮਨਜੀਤ ਸਿੰਘ ਦਸੂਹਾ, ਸਤਵਿੰਦਰ ਪਾਲ ਸਿੰਘ ਰਾਮਦਾਸਪੁਰ, ਪਰਮਿੰਦਰ ਸਿੰਘ ਪੰਨੂ, ਜਗਤਾਰ ਸਿੰਘ ਬਲਾਲਾ, ਹਰਕਮਲ ਜੀਤ ਸਿੰਘ ਸਹੋਤਾ, ਹਰਜੀਤ ਸਿੰਘ ਭਾਂਤਪੁਰ, ਬੂਟਾ ਸਿੰਘ ਅਲੀਪੁਰ, ਗੁਰਿੰਦਰ ਸਿੰਘ ਗੋਲਡੀ, ਮਾਸਟਰ ਕੁਲਵਿੰਦਰ ਸਿੰਘ ਜੰਡਾ, ਹਰਬੰਸ ਸਿੰਘ ਮੰਝਪੁੱਰ, ਸੁਖਵਿੰਦਰ ਸਿੰਘ ਮੂਨਕ, ਇੰਦਰਜੀਤ ਸਿੰਘ ਖਾਲਸਾ, ਰਸ਼ਮਿੰਦਰ ਸਿੰਘ ਕੰਗ, ਜਸਦੀਪ ਸਿੰਘ ਰਾਮਦਾਸਪੁਰ, ਗੁਰਤੇਜ ਸਿੰਘ ਕੁੰਢਲ,ਬਲਵਿੰਦਰ ਸਿੰਘ ਬੌਬੀ, ਅਵਤਾਰ ਸਿੰਘ ਬਾਹੋਵਾਲ, ਅਮਰਜੀਤ ਸਿੰਘ ਪੁਰਖੋਵਾਲ ਸਮੇਤ ਵੱਡੀ ਗਿੱਣਤੀ ਵਿੱਚ ਲੋਕ ਹਾਜ਼ਰ ਸਨ।

# ਦਯਾਨੰਦ ਹਸਪਤਾਲ ਨੇ ਸੀਏਆਰ-ਟੀ ਥੈਰੇਪੀ ਕਰਕੇ ਕੈਂਸਰ ਇਲਾਜ ਵਿੱਚ ਨਵਾਂ ਇਤਿਹਾਸ ਰਚਿਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com



ਲੁਧਿਆਣਾ (ਗੁਰਦੀਪ ਸਿੰਘ) ਡੀ ਐਮ ਸੀ ਮੈਡੀਕਲ ਕਾਲਜ ਅਤੇ ਹਸਪਤਾਲ ਨੇ ਕੈਂਸਰ ਇਲਾਜ ਦੇ ਖੇਤਰ ਵਿੱਚ ਇੱਕ ਵੱਡੀ ਪ੍ਰਾਪਤੀ ਹਾਸਲ ਕੀਤੀ ਹੈ। ਡੀਐਮਸੀਐਚ ਕੈਂਸਰ ਕੇਅਰ ਸੈਂਟਰ ਵਿੱਚ ਪੰਜਾਬ ਦੀ ਪਹਿਲੀ “ਕਾਈਮੇਰਿਕ ਐਂਟੀਜਨ ਰਿਸੈਪਟਰ ਟੀ-ਸੈੱਲ” ਥੈਰੇਪੀ ਸਫਲਤਾਪੂਰਵਕ ਕੀਤੀ ਗਈ। ਇਹ ਇਲਾਜ ਡਾ. ਸੁਵੀਰ ਸਿੰਘ – ਜੋ ਕਿ ਕਲੀਨੀਕਲ ਹੀਮੈਟੋਲੋਜੀ ਅਤੇ ਬੋਨ ਮੈਰੋ ਟ੍ਰਾਂਸਪਲਾਂਟ ਵਿਭਾਗ ਦੇ ਮੁਖੀ ਅਤੇ ਐਸੋਸੀਏਟ ਪ੍ਰੋਫੈਸਰ ਹਨ ਦੀ ਅਗਵਾਈ ਹੇਠ ਕੀਤਾ ਗਿਆ।ਇਸ ਇਲਾਜ ਬਾਰੇ ਜਾਣਕਾਰੀ ਦਿੰਦਿਆਂ ਡਾ. ਸੁਵੀਰ ਸਿੰਘ ਨੇ ਕਿਹਾ ਭਾਰਤ ਵਿੱਚ ਲਗਭਗ 120 ਇਲਾਜ ਹੋਏ ਹਨ, ਅਤੇ ਡੀ ਐਮ ਸੀ ਐਚ ਪੰਜਾਬ ਵਿੱਚ ਇਹ ਥੈਰੇਪੀ ਕਰਨ ਵਾਲਾ ਪਹਿਲਾ ਹਸਪਤਾਲ ਬਣ ਗਿਆ ਹੈ। ਡੀ ਐਮ ਸੀ ਐਚ ਮੈਨੇਜਿੰਗ ਸੋਸਾਇਟੀ ਦੇ ਸਕੱਤਰ ਸ਼੍ਰੀ ਬਿਪਿਨ ਗੁਪਤਾ ਨੇ ਦੱਸਿਆ ਕਿ ਡੀ ਐਮ ਸੀ ਅਤੇ ਐਚ ਕੈਂਸਰ ਕੇਅਰ ਸੈਂਟਰ ਦਾ ਕਲੀਨੀਕਲ ਹੀਮੈਟੋਲੋਜੀ ਅਤੇ ਬੀ ਐਮ ਟੀ ਵਿਭਾਗ ਪਹਿਲਾਂ ਤੋਂ ਹੀ ਬਾਲਗਾਂ ਅਤੇ ਬੱਚਿਆਂ ਲਈ ਬੋਨ ਮੈਰੋ ਟ੍ਰਾਂਸਪਲਾਂਟ ਕਰਨ ਵਾਲਾ ਇੱਕ ਮਸ਼ਹੂਰ ਕੇਂਦਰ ਹੈ। ਇੱਥੇ ਤਕਰੀਬਨ 100 ਸਟੈਮ ਸੈੱਲ ਟ੍ਰਾਂਸਪਲਾਂਟ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ ਆਟੋਲੋਜਨਸ (ਮਰੀਜ਼ ਦੇ ਆਪਣੇ ਸੈੱਲ), ਅਲੋਜਨਿਕ (ਰਿਸ਼ਤੇਦਾਰ ਦੇ ਸੈੱਲ), ਅਤੇ ਮੈਚਡ ਅਨਰੀਲੇਟਡ ਡੋਨਰ ਟ੍ਰਾਂਸਪਲਾਂਟ ਸ਼ਾਮਿਲ ਹਨ। ਡਾ. ਜੀ.ਐਸ. ਵਾਂਡਰ, ਪ੍ਰਿੰਸੀਪਲ, ਡੀ ਐਮ ਸੀ ਅਤੇ ਐਚ ਨੇ ਵੀ ਇਸ ਪ੍ਰਾਪਤੀ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਡੀਐਮਸੀਐਚ ਵਿੱਚ ਕਾਰ-ਟੀ ਥੈਰੇਪੀ ਕਰਨਾ ਪੰਜਾਬ ਦੇ ਕੈਂਸਰ ਮਰੀਜ਼ਾਂ ਲਈ ਇੱਕ ਵੱਡੀ ਉਪਲਬਧੀ ਹੈ। ਡਾ. ਜੀ. ਐੱਸ. ਬ੍ਰਾਰ, ਸਰਜੀਕਲ ਓਂਕੋਲੋਜਿਸਟ, ਡੀ ਐਮ ਸੀ ਅਤੇ ਐਚ ਨੇ ਕਿਹਾ ਕਿ ਇਹ ਥੈਰੇਪੀ ਉਹਨਾਂ ਲੋਕਾਂ ਲਈ ਨਵੀਂ ਉਮੀਦ ਲੈ ਕੇ ਆਈ ਹੈ ਜਿਨ੍ਹਾਂ ਕੋਲ ਹੋਰ ਕੋਈ ਵਿਕਲਪ ਨਹੀਂ ਰਹਿੰਦੇ। ਸ਼੍ਰੀ ਹਰਪਾਲ ਸਿੰਘ, ਮਰੀਜ਼ ਦੇ ਪਿਤਾ ਨੇ ਇਸ ਮੁਸ਼ਕਲ ਸਮੇਂ ਦੌਰਾਨ ਦਿੱਤੀ ਗਈ ਵਿਸ਼ੇਸ਼ ਦੇਖਭਾਲ ਅਤੇ ਸਮਰਥਨ ਲਈ ਡੀਐਮਸੀਐਂਡਐਚ ਦਾ ਦਿਲੋਂ ਧੰਨਵਾਦ ਕੀਤਾ।

# ਬੇਜ਼ਮੀਨੇ ਮਜ਼ਦੂਰਾਂ ਤੇ ਲਾਠੀਚਾਰਜ ਦੀ ਸੀਟੂ ਨੇ ਕੀਤੀ ਸਖ਼ਤ ਨਿਖੇਧੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com



ਸੰਗਰੂਰ, 20 ਮਈ (ਜਗਸੀਰ ਸਿੰਘ ) -ਅੱਜ ਇੱਥੇ ਵੱਡੇ ਜਗੀਰਦਾਰਾਂ ਦੀ ਬੇ-ਚਰਾਗ ਜਮੀਨ ਨੂੰ ਬੇ ਜਮੀਨੇ ਮਜ਼ਦੂਰ ਪਰਿਵਾਰਾਂ ਚ ਵੰਡੇ ਜਾਣ ਦੀ ਮੰਗ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਪ੍ਰਦਰਸ਼ਨ ਕਰਨ ਸਮੇਂ ਮਜ਼ਦੂਰਾਂ ਉੱਪਰ ਪੁਲਿਸ ਵੱਲੋਂ ਲਾਠੀ ਚਾਰਜ ਕਰਨ ਅਤੇ ਗ੍ਰਿਫਤਾਰ ਕਰਨ ਦੀ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਰਜਿ ਨੰਬਰ 06/ 2012 (ਸੰਬੰਧਿਤ ਸੀਟੂ) ਦੇ ਸੂਬਾ ਪ੍ਰਧਾਨ ਸਾਥੀ ਸ਼ੇਰ ਸਿੰਘ ਫਰਵਾਹੀ, ਜਨਰਲ ਸਕੱਤਰ ਅਮਰਨਾਥ ਕੂੰਮਕਲਾਂ, ਵਿੱਤ ਸਕੱਤਰ ਗੁਰਨਾਮ ਸਿੰਘ ਘਨੌਰ ਅਤੇ ਸਵਾਈ ਆਗੂ ਸਤਵੀਰ ਸਿੰਘ ਤੁੰਗਾਂ ਨੇ ਸਖਤ ਸ਼ਬਦਾਂ ਵਿੱਚ ਇਸ ਜਬਰ ਦੀ ਨਿਖੇਧੀ ਕੀਤੀ ਹੈ । ਮਜ਼ਦੂਰ ਆਗੂਆਂ ਨੇ ਮੁੱਖ ਮੰਤਰੀ ਦੀ ਆਪਣੇ ਰਿਹਾਇਸ਼ੀ ਕੋਠੀ ਦੇ ਨੇੜੇ ਆਪਣੇ ਹੀ ਜਿਲਾ ਸੰਗਰੂਰ ਵਿੱਚ ਜਗੀਰਦਾਰਾਂ ਦੀ ਬੇ ਚਿਰਾਗ ਜਮੀਨ ਦੀ ਗਰੀਬ ਕਿਰਤੀਆਂ ਚ ਵੰਡਣ ਦੀ ਮੰਗ ਵਾਜਬ ਅਤੇ ਹੱਕੀ ਹੈ ਕਿਉਂਕਿ ਰਜਵਾੜਿਆਂ/ ਜਗੀਰਦਾਰਾਂ ਦੇ ਖਾਤਮੇ ਤੋਂ 78 ਸਾਲਾਂ ਬਾਅਦ ਵੀ ਉਹਨਾਂ ਦੀ ਸੈਂਕੜੇ ਏਕੜ ਜਮੀਨ ਦੀ ਮਾਲਕੀ ਨੂੰ ਖਤਮ ਨਾ ਕਰਨਾ ਪਿਛਲੀਆਂ ਸਰਕਾਰਾਂ ਅਤੇ ਮੌਜੂਦਾ ਭਗਵੰਤ ਮਾਨ ਸਰਕਾਰ ਦੀ ਉਹਨਾਂ ਨਾਲ ਗੂੜੀ ਸਾਂਝ ਭਿਆਲੀ ਨੂੰ ਜੱਗ ਜਾਹਰ ਕਰਦੀ ਹੈ। ਯੂਨੀਅਨ ਦੇ ਆਗੂਆਂ ਨੇ ਇਹ ਵੀ ਕਿਹਾ ਕਿ ਜਗੀਰਦਾਰਾਂ ਦੀ ਇਹ ਜਮੀਨ ਅਤੇ ਪੰਜਾਬ ਅੰਦਰ ਹੋਰ ਐਸੀਆਂ ਜਮੀਨਾਂ ਨੂੰ ਬੇਜਮੀਨੇ ਮਜ਼ਦੂਰਾਂ ਕਿਸਾਨਾਂ ਚ ਵੰਡਣ ਲਈ ਘੋਲ ਲੜ ਰਹੀ ਕਮੇਟੀ ਦੀ ਆਗੂਆਂ ਨਾਲ ਮਿਲ ਕੇ ਗੱਲ ਕਰਕੇ ਇਸ ਮਸਲੇ ਦਾ ਹੱਲ ਕਰੇ।

ਇਸੇ ਸਮੇਂ ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨਜ (ਸੀਟੂ) ਦੇ ਕੇਂਦਰੀ ਸਕੱਤਰ ਕਾਮਰੇਡ ਊਸ਼ਾ ਰਾਣੀ ਸੂਬਾ, ਜਨਰਲ ਸਕੱਤਰ ਸਾਥੀ ਚੰਦਰ ਸ਼ੇਖਰ ਅਤੇ ਪ੍ਰਧਾਨ ਸਾਥੀ ਮਹਾਂ ਸਿੰਘ ਰੋੜੀ ਨੇ ਵੀ ਜਮੀਨ ਪ੍ਰਾਪਤੀ ਕਮੇਟੀ ਦੇ ਮਜ਼ਦੂਰਾਂ ਉੱਪਰ ਪੁਲਿਸ ਜਬਰ ਅਤੇ ਗ੍ਰਿਫਤਾਰੀਆਂ ਕਰਨ ਦੀ ਸਖਤ ਨਿਖੇਧੀ ਕਰਦਿਆਂ ਬੇ-ਚਰਾਗ ਜਮੀਨ ਅਤੇ ਹੋਰ ਜਮੀਨਾਂ ਨੂੰ ਬੇਜਮੀਨੇ ਮਜ਼ਦੂਰਾਂ ਵਿੱਚ ਵੰਡਣ ਲਈ ਆਗੂਆਂ ਨਾਲ ਗੱਲ ਕਰਕੇ ਇਸ ਮਸਲੇ ਦਾ ਹੱਲ ਕਰੇ ।

# ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਦੀ ਗ੍ਰਿਫ਼ਤਾਰੀ ਦੀ ਸਖ਼ਤ ਨਿਖੇਧੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com

ਸੰਗਰੂਰ,20 ਮਈ (ਜਗਸੀਰ ਸਿੰਘ)- ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਸੰਗਰੂਰ ਨੇ ਪੰਜਾਬ ਪੁਲਿਸ ਵੱਲੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਦੀਆਂ ਕੀਤੀਆਂ ਜਾ ਰਹੀਆਂ ਗ੍ਰਿਫ਼ਤਾਰੀਆਂ ਅਤੇ ਉਨ੍ਹਾਂ ਦੇ ਘਰਾਂ ਵਿੱਚ ਕੀਤੀ ਜਾ ਰਹੀ ਛਾਪੇਮਾਰੀ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ ਅਤੇ ਪੰਜਾਬ ਸਰਕਾਰ ਨੂੰ ਇਹ ਗੈਰ ਜਮਹੂਰੀ ਵਰਤਾਰਾ ਤੁਰੰਤ ਬੰਦ ਕਰਨ ਦੀ ਮੰਗ ਕੀਤੀ ਹੈ।

ਸਭਾ ਦੇ ਜ਼ਿਲ੍ਹਾ ਪ੍ਰਧਾਨ ਜਗਜੀਤ ਸਿੰਘ ਭੁਟਾਲ ਸਕੱਤਰ ਕੁਲਦੀਪ ਸਿੰਘ ਪ੍ਰੈਸ ਸਕੱਤਰ ਜੁਝਾਰ ਸਿੰਘ ਲੌਂਗੋਵਾਲ ਸੂਬਾ ਆਗੂ ਸਵਰਨਜੀਤ ਸਿੰਘ ਮਨਧੀਰ ਸਿੰਘ ਰਾਜੋਮਾਜਰਾ ਅਤੇ ਬਲਵਿੰਦਰ ਸਿੰਘ ਬਿਸਾਖਾ ਨੇ ਕਿਹਾ ਕਿ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਜ਼ਮੀਨ ਪ੍ਰਾਪਤੀ ਲਈ ਕੀਤੀ ਜਾ ਰਹੀ ਹੱਕ ਜਤਾਈ ਨੂੰ ਜਬਰ ਨਾਲ ਨਾਲ ਦਬਾਅ ਕੇ ਪੰਜਾਬ ਸਰਕਾਰ ਨੇ ਆਪਣਾ ਦਲਿਤ ਅਤੇ ਮਜ਼ਦੂਰ ਵਿਰੋਧੀ ਚਿਹਰਾ ਨੰਗਾ ਕਰ ਦਿੱਤਾ ਹੈ। ਰਾਜ ਜਾਂ ਕੇਂਦਰ ਸਰਕਾਰ ਵੱਲੋਂ ਸਮੇਂ ਸਮੇਂ ਤੇ ਲੈਂਡ ਸੀਲਿੰਗ ਸੰਬੰਧੀ ਪਾਸ ਕੀਤੇ ਕਾਨੂੰਨਾਂ ਨੂੰ ਲਾਗੂ ਕਰਕੇ ਵਾਧੂ ਜ਼ਮੀਨ ਬੇਜ਼ਮੀਨੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵਿੱਚ ਵੰਡਣ ਦੀ ਥਾਂ ਸਰਕਾਰ ਇਸ ਦੀ ਮੰਗ ਕਰ ਰਹੀ ਜਥੇਬੰਦੀ ਦੇ ਆਗੂਆਂ ਉਪਰ ਜਬਰ ਕਰਨ ਦੇ ਰਾਹ ਪੈ ਗਈ ਹੈ। ਆਗੂਆਂ ਨੇ ਸਮੂਹ ਜਨਤਕ ਜਮਹੂਰੀ ਜਥੇਬੰਦੀਆਂ ਅਤੇ ਇਨਸਾਫ਼ ਪਸੰਦ ਲੋਕਾਂ ਨੂੰ ਸਰਕਾਰ ਦੇ ਇਸ ਗੈਰ ਜਮਹੂਰੀ ਅਤੇ ਤਾਨਾਸ਼ਾਹੀ ਕਦਮਾਂ ਦੇ ਖਿਲਾਫ ਜ਼ੋਰਦਾਰ ਆਵਾਜ਼ ਉਠਾਉਣ ਦੀ ਅਪੀਲ ਕੀਤੀ ਹੈ।

# ਸੋਹੀਆਂ ਪਿੰਡ ‘ਚ ਜਾਬਰ ਸਰਕਾਰ ਦਾ ਪੁਲਿਸ ਤੰਤਰ ਨਾਲ ਮਿਲਕੇ ਕੀਤਾ ਸਾਮੰਤਵਾਦੀ ਐਕਸ਼ਨ ਬਸਪਾ ਬਰਦਾਸ਼ਤ ਨਹੀਂ ਕਰੇਗੀ - ਡਾ: ਕਰੀਮਪੁਰੀ

## ਬੋਲੇ ! ਬਸਪਾ ਨੇ ਅਪਣੀ ਸਰਕਾਰ ‘ਚ ਸਰਕਾਰੀ ਜਮੀਨਾ ਬੇਜਮੀਨੇ ਲੋਕਾਂ ‘ਚ ਵੰਡਕੇ ਉਨ੍ਹਾਂ ਨੂੰ ਮਾਲਕ ਬਣਾਇਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com



ਲੁਧਿਆਣਾ 20 ਮਈ ( ਵਤਨਪ੍ਰੀਤ ਬੇਪਾਰਾਏ ) ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਡਾ: ਅਵਤਾਰ ਸਿੰਘ ਕਰੀਮਪੁਰੀ ਨੇ ਸੰਗਰੂਰ ਜਿਲ੍ਹੇ ਦੇ ਸੋਹੀਆਂ ਪਿੰਡ 930 ਏਕੜ ਜਮੀਨ ਦੇ ਮਾਮਲੇ ਨੂੰ ਲੈਕੇ ‘ਚ ਗਰੀਬ ਦਲਿਤ ਮਜਦੂਰਾਂ ਉੱਤੇ ਕੀਤੀ ਪੁਲਿਸੀਆ ਕਾਰਵਾਈ ਦੀ ਸਖਤ ਸ਼ਬਦਾਂ ‘ਚ ਨਿੰਦਾ ਕਰਦਿਆਂ ਉਨ੍ਹਾਂ ਪੰਜਾਬ ਸਰਕਾਰ ਨੂੰ ਜਾਬਰ ਸਰਕਾਰ ਆਖਿਆ ਅਤੇ ਇਸਨੂੰ ਪੁਲਿਸ ਤੰਤਰ ਨਾਲ ਮਿਲਕੇ ਕੀਤਾ ਸਾਮੰਤਵਾਦੀ ਐਕਸ਼ਨ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਪਿੰਡ ਦੇ ਹਜਾਰਾਂ ਸਾਲਾਂ ਤੋਂ ਬੇਜਮੀਨੇ ਲੋਕਾਂ ਦਾ ਕਸੂਰ ਏਨ੍ਹਾਂ ਸੀ ਕਿ ਉਹ ਇਸ 930 ਏਕੜ ਜਮੀਨ ਦੀ ਮਾਲਕੀ ਚਾਹੁੰਦੇ ਸਨ ਜਿਨ੍ਹਾਂ ਉੱਤੇ 2000 ਪੁਲਿਸ ਵਾਲਾ ਚਾੜ੍ਹ ਕੇ ਜਬਰ ਢਾਉਣ ਤੋਂ ਬਾਅਦ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਸਖਤ ਲਹਿਜੇ ‘ਚ ਸਰਕਾਰੀ ਜਬਰ ਆਖ ਇਸਦੀ ਕੇਵਲ ਨਿੰਦਾ ਹੀ ਨਹੀਂ ਕੀਤੀ ਬਲਕਿ ਬਸਪਾ ਵੱਲੋਂ ਇਸਨੂੰ ਨਾ ਬਰਦਾਸ਼ਤ ਕਰਨ ਦੀ ਗੱਲ ਵੀ ਆਖੀ। ਉਨ੍ਹਾਂ ਕਿਹਾ ਕਿ “ਜੋ ਜਮੀਨ ਸਰਕਾਰੀ ਹੈ ਵੋ ਜਮੀਨ ਹਮਾਰੀ ਹੈ” ਏਹ ਬਸਪਾ ਦਾ ਅੰਦੋਲਨ ਹੈ ਅਤੇ ਸੋਹੀਆਂ ਸਮੇਤ ਜਿਸ ਵੀ ਪਿੰਡ ‘ਚ ਲੋਕਾਂ ਵਲੋਂ ਏਹ ਅੰਦੋਲਨ ਚਲਾਇਆ ਜਾ ਰਿਹਾ ਹੈ ਬਸਪਾ ਉਨ੍ਹਾਂ ਦੇ ਹਰ ਪੱਖੋਂ ਨਾਲ ਹੈ। ਉਨ੍ਹਾਂ ਸਰਕਾਰ ਵੱਲੋਂ ਗ੍ਰਿਫਤਾਰ ਕੀਤੇ ਬੇਗੁਨਾਹਾਂ ਨੂੰ ਤੁਰੰਤ ਰਿਹਾ ਕਰਨ ਲਈ ਵੀ ਕਿਹਾ। ਉਨ੍ਹਾਂ ਸਰਕਾਰੀ ਜਮੀਨ ਤੁਰੰਤ ਬੇਜਮੀਨੇ ਲੋਕਾਂ ‘ਚ ਵੰਡਣ ਦੀ ਮੰਗ ਨੂੰ ਉਠਾਉਂਦਿਆਂ ਕਿਹਾ ਕਿ ਸਰਕਾਰ ਆਪਣੀ ਸਮੰਤਵਾਦੀ ਅਤੇ ਜਾਬਰ ਮਾਨਸਿਕਤਾ ਛੱਡ ਕੇ ਅੱਗੇ ਵਧੇ, ਬਸਪਾ ਇਸ ਸਰਕਾਰੀ ਜਬਰ ਨੂੰ ਚੁੱਪ ਚਾਪ ਬਰਦਾਸ਼ਤ ਨਹੀਂ ਕਰੇਗੀ। ਜਰੂਰਤ ਪੈਣ ‘ਤੇ ਸੰਗਰੂਰ ਪਹੁੰਚ ਕੇ ਦਖਲ ਦਿੱਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਜਨਤੰਤਰ ਦਾ ਕਤਲ ਕਰਕੇ ਪੁਲਿਸ ਤੰਤਰ ਵੱਲ ਵੱਧ ਰਹੀ ਹੈ ਜਿਸ ਖਿਲਾਫ ਪੰਜਾਬ ਦੇ ਇਨਸਾਫ ਪਸੰਦ ਲੋਕਾਂ ਨੂੰ ਉੱਠਣਾ ਹੋਵੇਗਾ। ਉਨ੍ਹਾਂ ਸਰਕਾਰ ਨੂੰ ਅਪਣੀ ਸਾਮੰਤਵਾਦੀ ਤੇ ਜਾਬਰ ਨੀਤੀ ਨੂੰ ਛੱਡਕੇ ਗਰੀਬ ਬੇਜਮੀਨੇ ਲੋਕਾਂ ਨੂੰ ਜਮੀਨ ਵੰਡਣ ਦੀ ਵਕਾਲਤ ਕੀਤੀ। ਉਨ੍ਹਾਂ ਦੱਸਿਆ ਕਿ 35 ਤੋਂ 40 ਫੀਸਦੀ ਅਬਾਦੀ ਵਾਲੇ ਦਲਿਤਾਂ ਕੋਲ ਪੰਜਾਬ ਦੀ ਕੁੱਲ ਜਮੀਨ ਦੀ ਪੌਣੇ ਛੇ ਫੀਸਦੀ ਜਮੀਨ ਹੈ ਤੇ ਓਬੀਸੀ ਦਾ ਹਾਲ ਵੀ ਏਹੀ ਹੈ। ਪੰਜਾਬੀਆਂ ਨੂੰ ਬਸਪਾ ਨਾਲ ਜੁੜਨ ਦਾ ਸੱਦਾ ਦਿੰਦਿਆਂ ਕਿਹਾ ਕਿ ਦੇਸ਼ ਦੇ ਸੱਭ ਤੋਂ ਵੱਡੇ ਸੂਬੇ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਭੈਣ ਕੁਮਾਰੀ ਮਾਇਆਵਤੀ ਨੇ ਅਪਣੀਆਂ 4 ਸਰਕਾਰਾਂ ਦੇ ਕਾਰਜਕਾਲ ਦੌਰਾਨ ਜਿਸ ਤਰ੍ਹਾਂ ਬੇਜਮੀਨਿਆਂ ਨੂੰ ਲੱਖਾਂ ਏਕੜ ਜਮੀਨ ਮੁਫਤ ਦਿੱਤੀ ਸੀ ਪੰਜਾਬ ‘ਚ ਵੀ ਬਸਪਾ ਸਰਕਾਰ ਬਣਾ ਕੇ ਬੇਜਮੀਨਿਆਂ ਨੂੰ ਸਰਕਾਰੀ ਜਮੀਨਾਂ ਵੰਡੀਆ ਜਾਣਗੀਆਂ। ਉਨ੍ਹਾਂ ਕਿਹਾ ਕਿ ਏਹ ਤਾਂ ਹੋਇਆ ਜਦੋਂ ਉੱਥੋਂ ਦੇ ਲੋਕ ਜਾਗਰੂਕ ਤੇ ਇਕਜੁੱਟ ਹੋਏ ਅਤੇ ਉਨ੍ਹਾਂ ਭੈਣ ਜੀ ਦੀ ਅਗਵਾਈ ਹੇਠ ਅਪਣੀ ਸਰਕਾਰ ਬਣਾਈ। ਉੱਤਰ ਪ੍ਰਦੇਸ਼ ਦੀ ਤਰਜ ‘ਤੇ ਪੰਜਾਬ ਦੇ ਲੋਕ ਵੀ ਅਪਣੀ ਸਰਕਾਰ ਬਣਾ ਕੇ ਅਪਣੀਆਂ ਅਜਿਹੀਆਂ ਸਮੱਸਿਆਵਾਂ ਦਾ ਪੱਕੇ ਤੌਰ ‘ਤੇ ਹੱਲ ਕਰਨ।

# ਪੇਂਡੂ ਮਜ਼ਦੂਰ ਯੂਨੀਅਨ ਨੇ ਸੂਬੇ ਭਰ ‘ਚ ਪੰਜਾਬ ਸਰਕਾਰ ਦੀਆਂ ਅਰਥੀਆਂ ਸਾੜੀਆਂ

## ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਦੀ ਪਤਨੀ ਅਤੇ ਨੰਨੀ ਬੱਚੀ ਨੂੰ ਪੁਲਿਸ ਵਲੋਂ ਹਿਰਾਸਤ ਵਿੱਚ ਲੈਣ ਦਾ ਤਿੱਖਾ ਵਿਰੋਧ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com



ਦਲਜੀਤ ਕੌਰ

ਚੰਡੀਗੜ੍ਹ/ਜਲੰਧਰ, 20 ਮਈ, 2025: ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਨੇ ਜਲੰਧਰ, ਕਪੂਰਥਲਾ, ਗੁਰਦਾਸਪੁਰ, ਲੁਧਿਆਣਾ, ਮੋਗਾ ਸਮੇਤ ਪੰਜਾਬ ਭਰ ਵਿੱਚ 5 ਦਰਜਨ ਤੋਂ ਵੱਧ ਪਿੰਡਾਂ ਅਤੇ ਕਸਬਿਆਂ ਵਿੱਚ ਮੁੱਖ ਮੰਤਰੀ ਦੇ ਪੁਤਲੇ ਫੂਕੇ ਗਏ। ਮੁੱਖ ਮੰਤਰੀ ਭਗਵੰਤ ਮਾਨ ਦੇ ਪੁਤਲੇ ਸਾੜ ਕੇ ਸੂਬਾ ਸਰਕਾਰ ਦੇ ਇਸ਼ਾਰੇ ਉੱਤੇ ਬੁਖਲਾਹਟ ਵਿੱਚ ਆ ਕੇ ਪੁਲਿਸ ਵਲੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜੋਨਲ ਜਨਰਲ ਸਕੱਤਰ ਗੁਰਵਿੰਦਰ ਬੌੜਾ ਦੀ ਪਤਨੀ ਅਤੇ ਕਮੇਟੀ ਆਗੂ ਧਰਮਵੀਰ ਹਰੀਗੜ੍ਹ ਦੀ ਪਤਨੀ ਤੇ ਨੰਨੀ ਬੱਚੀ ਤੱਕ ਨੂੰ ਹਿਰਾਸਤ ਵਿੱਚ ਲੈਣ ਅਤੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਜਿਲ੍ਹਾ ਜਲੰਧਰ ਦੇ ਪ੍ਰਧਾਨ ਹੰਸ ਰਾਜ ਪੱਬਵਾਂ ਸਮੇਤ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ 500 ਤੋਂ ਵੱਧ ਪਿੰਡ ਪੱਧਰੀ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਦਾ ਵਿਰੋਧ ਕੀਤਾ ਗਿਆ।

ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ ਅਤੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਕਿਹਾ ਕਿ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵਲੋਂ ਜੀਦ ਦੇ ਰਾਜੇ ਦੀ ਬੀੜ ਐਸਵਾਨ ਸੰਗਰੂਰ ਸਥਿਤ ਬੇਚਿਰਾਗ ਪਿੰਡ ਵਿਖੇ 927 ਏਕੜ ਜ਼ਮੀਨ ਚ ਬੇਗਮਪੁਰਾ ਵਸਾਉਣ ਦਾ ਐਲਾਨ ਕੀਤਾ ਗਿਆ ਸੀ।

ਭਗਵੰਤ ਮਾਨ ਸਰਕਾਰ ਨੇ ਬੁਖਲਾਹਟ ਵਿੱਚ ਆ ਕਿ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜੋਨਲ ਜਨਰਲ ਸਕੱਤਰ ਗੁਰਵਿੰਦਰ ਬੌੜਾ ਦੀ ਪਤਨੀ ਅਤੇ ਕਮੇਟੀ ਆਗੂ ਧਰਮਵੀਰ ਹਰੀਗੜ੍ਹ ਦੀ ਪਤਨੀ ਤੇ ਨੰਨੀ ਬੱਚੀ ਤੱਕ ਨੂੰ ਪਟਿਆਲਾ ਪੁਲਿਸ ਰਾਹੀਂ ਹਿਰਾਸਤ ਵਿੱਚ ਲੈਣ ਲੱਗੇ ਭੋਰਾ ਸ਼ਰਮ ਤੱਕ ਮਹਿਸੂਸ ਨਹੀਂ ਕੀਤੀ। ਜਥੇਬੰਦੀ ਇਸਦੀ ਤਿੱਖੇ ਸ਼ਬਦਾਂ ਚ ਨਿੰਦਾ ਕਰਦੀ ਹੈ।

ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵਲੋਂ ਬੇਜ਼ਮੀਨੇ ਦਲਿਤਾਂ, ਮਜ਼ਦੂਰਾਂ ਨੂੰ ਬੀੜ ਐਸਵਾਨ ‘ਚ ਬੇਗ਼ਮਪੁਰਾ ਵਸਾਉਣ ਤੋਂ ਰੋਕਣ ਲਈ ਪਿਛਲੇ ਤਿੰਨ ਦਿਨ ਤੋਂ ਪੰਜਾਬ ਨੂੰ ਪੂਰੀ ਤਰ੍ਹਾਂ ਪੁਲਿਸ ਰਾਜ ਵਿੱਚ ਤਬਦੀਲ ਕਰਕੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ, ਇਸਤਰੀ ਜਾਗ੍ਰਿਤੀ ਮੰਚ ਦੇ ਆਗੂਆਂ ਦੀਆਂ ਗ੍ਰਿਫ਼ਤਾਰੀਆਂ, ਘਰਾਂ ਵਿੱਚ ਛਾਪੇਮਾਰੀਆਂ ਕੀਤੀਆਂ ਗਈਆਂ ਹਨ। ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਹੰਸ ਰਾਜ ਪੱਬਵਾਂ, ਸਮੇਤ 100 ਤੋਂ ਵੱਧ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪਿੰਡ ਪੱਧਰੀ ਆਗੂਆਂ ਨੂੰ ਹਿਰਾਸਤ ਵਿੱਚ ਲਿਆ ਹੋਇਆ ਹੈ। ਅੱਜ ਸੈਂਕੜਿਆਂ ਦੀ ਗਿਣਤੀ ਵਿੱਚ ਬੀੜ ਐਸਵਾਨ ਜਾ ਰਹੇ ਮਜ਼ਦੂਰਾਂ ਦੇ ਕਾਫ਼ਲਿਆਂ ਨੂੰ ਸ਼ੜਕਾਂ ਵਿੱਚ ਮਿੱਟੀ ਦੇ ਭਰੇ ਟਿੱਪਰ ਲਗਾ ਕੇ ਰੋਕ ਕੇ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ।

ਉਨ੍ਹਾਂ ਕਿਹਾ ਕਿ ਅਸਲ ਵਿੱਚ ਬੀੜ ਐਸਵਾਨ ਵਾਲੀ ਜ਼ਮੀਨ ਉੱਪਰ ਪੇਂਡੂ ਧਨਾਢਾਂ, ਅਫ਼ਸ਼ਰਸ਼ਾਹੀ ਅਤੇ ਸਿਆਸਤਦਾਨਾਂ ਦਾ ਗੱਠਜੋੜ ਅੱਖ ਟਿਕਾਈ ਬੈਠਾ ਹੈ।

ਪੇਂਡੂ ਮਜ਼ਦੂਰ ਆਗੂਆਂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਦਲਿਤ ਮਜ਼ਦੂਰਾਂ, ਦਲਿਤਾਂ ਦਾ ਬੇਚਿਰਾਗ ਪਿੰਡਾਂ ਵਿੱਚ ਰਾਜਿਆਂ, ਸਰਦਾਰਾਂ ਦੀਆਂ ਜ਼ਮੀਨਾਂ ਵਿੱਚ ਬਣਦਾ ਜ਼ਮੀਨੀ ਹੱਕ ਮਾਰਨ ਚਲਾਏ ਦਮਨ ਚੱਕਰ ਨੇ ਪਹਿਲੀਆਂ ਸਰਕਾਰਾਂ ਨੂੰ ਵੀ ਮਾਤ ਪਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਬੇਜ਼ਮੀਨੇ ਮਜ਼ਦੂਰਾਂ, ਕਿਸਾਨਾਂ ਵਿਰੋਧੀ ਅਤੇ ਪੇਂਡੂ ਧਨਾਢਾਂ, ਜਾਗੀਰਦਾਰਾਂ ਅਤੇ ਕਾਰਪੋਰੇਟ ਪੱਖੀ ਨੀਤੀਆਂ ਉੱਪਰ ਚੱਲ ਰਹੀ ਹੈ। ਸਰਕਾਰ ਦੇ ਜ਼ਬਰ ਨੂੰ ਚੁੱਪ ਕਰਕੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਇਸਦਾ ਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਕਲ੍ਹ ਦੇ ਲੇਖ ਦਾ ਬਾਕੀ ਭਾਗ

ਭਾਰਤ ਵਿੱਚ ਮੇਰੇ ਵਰਗੇ ਵਿਦਵਾਨ ਹਨ, ਪਰ ਤੁਸੀਂ ਮੈਨੂੰ ਵਧਾਈ ਪੱਤਰ ਦੇ ਕੇ ਸਨਮਾਨਿਤ ਕੀਤਾ, ਇਹ ਤੁਹਾਡੀ ਉਦਾਰਤਾ ਹੈ। ਭਾਰਤ ਦੇ ਸੰਵਿਧਾਨ ਨੂੰ ਲਾਗੂ ਹੋਏ ਪੰਜ ਸਾਲ ਬੀਤ ਚੁੱਕੇ ਹਨ। ਤੁਹਾਨੂੰ ਸਾਰਿਆਂ ਨੂੰ ਸੋਚਣਾ ਚਾਹੀਦਾ ਹੈ ਕਿ ਇਹ ਸੰਵਿਧਾਨ ਕਿਵੇਂ ਕੰਮ ਕਰਦਾ ਹੈ? ਬਾਹਰੋਂ ਤੁਹਾਨੂੰ ਲੱਗੇਗਾ ਕਿ ਸਾਡੀ ਅਤੇ ਬ੍ਰਿਟਿਸ਼ ਸ਼ਾਸਨ ਪ੍ਰਣਾਲੀ ਲਗਭਗ ਇੱਕੋ ਜਿਹੀ ਹੈ, ਕੁਝ ਹਿੱਸਿਆਂ ਨੂੰ ਛੱਡ



ਕੇ। ਉੱਥੇ ਬਾਲਗ ਵੋਟਿੰਗ ਪ੍ਰਣਾਲੀ ਦੀ ਪਾਲਣਾ ਕੀਤੀ ਜਾਂਦੀ ਹੈ, ਇਹੀ ਪ੍ਰਣਾਲੀ ਸਾਡੇ ਦੇਸ਼ ਵਿੱਚ ਵੀ ਲਾਗੂ ਹੈ। ਉਸ ਦੇਸ਼ ਵਿੱਚ ਇੱਕ ਸੰਸਦ ਹੈ, ਸਾਡੇ ਦੇਸ਼ ਵਿੱਚ ਵੀ ਇੱਕ ਸੰਸਦ ਹੈ। ਉਸ ਦੇਸ਼ ਦੀ ਸੰਸਦ ਵਿੱਚ ਫੈਸਲੇ ਬਹੁਮਤ ਨਾਲ ਲਏ ਜਾਂਦੇ ਹਨ, ਸਾਡੀ ਸੰਸਦ ਵਿੱਚ ਵੀ ਫੈਸਲੇ ਬਹੁਮਤ ਨਾਲ ਲਏ ਜਾਂਦੇ ਹਨ। ਇਸ ਦੇ ਬਾਵਜੂਦ, ਉਸ ਦੇਸ਼ ਦੇ ਪ੍ਰਸ਼ਾਸਨ ਵਿੱਚ ਇੱਕ ਅੰਤਰ ਜ਼ਰੂਰ ਦਿਖਾਈ ਦਿੰਦਾ ਹੈ। ਇੰਗਲੈਂਡ ਵਿੱਚ ਇੱਕ ਲੋਕਤੰਤਰੀ ਪ੍ਰਣਾਲੀ ਹੈ ਅਤੇ ਅਜਿਹਾ ਲਗਦਾ ਹੈ ਕਿ ਇੱਥੇ ਤਾਨਾਸ਼ਾਹੀ ਉਭਰੀ ਹੈ। ਸਾਡੇ ਦੇਸ਼ ਦੇ ਕੰਮਕਾਜ ਵਿੱਚ, ਦਿਖਾਉਣ ਅਤੇ ਕਰਨ ਵਿੱਚ ਅੰਤਰ ਹੈ। ਨਹੀਂ, ਮੈਨੂੰ ਨਹੀਂ ਪਤਾ ਕਿ ਤੁਹਾਨੂੰ ਲੱਗਦਾ ਹੈ ਕਿ ਸਾਡੇ ਦੇਸ਼ ਦਾ ਸੰਵਿਧਾਨ ਇਸ ਤਰ੍ਹਾਂ ਕੰਮ ਕਰਦਾ ਹੈ। ਲੋਕਾਂ ਨੂੰ ਹੁਣ ਪ੍ਰਸ਼ਾਸਨ ਅਤੇ ਸੰਵਿਧਾਨ ਪ੍ਰਤੀ ਜਾਗਰੂਕ ਹੋਣਾ ਚਾਹੀਦਾ ਹੈ। ਅਜਿਹਾ ਨਹੀਂ ਹੈ ਕਿ ਮੈਂ ਮਾਣ ਨਾਲ ਆਪਣੇ ਆਪ ਨੂੰ ਭਾਰਤ ਦੇ ਨਵੇਂ ਸੰਵਿਧਾਨ ਦਾ ਨਿਰਮਾਤਾ ਕਹਿੰਦਾ ਹਾਂ, ਪਰ ਨਿਰਮਾਤਾ ਹੋਣ ਦੇ ਨਾਤੇ, ਮੈਂ ਹਮੇਸ਼ਾ ਅਜਿਹਾ ਮਹਿਸੂਸ ਕੀਤਾ ਹੈ। ਸੋਚਦੇ ਹੋਏ, ਕਈ ਵਾਰ ਲੱਗਦਾ ਹੈ ਕਿ ਇਸ ਦੇਸ਼ ਦਾ ਕੀ ਬਣੇਗਾ ਅਤੇ ਅੱਖਾਂ ਸਾਹਮਣੇ ਇੱਕ ਭਿਆਨਕ ਤਸਵੀਰ ਆ ਜਾਂਦੀ ਹੈ।

ਮੈਨੂੰ ਹੁਣ ਚੋਣਾਂ ਵਿੱਚ ਕੋਈ ਦਿਲਚਸਪੀ ਨਹੀਂ ਹੈ। ਮੈਂ ਰਾਜਨੀਤੀ ਦੇਖੀ ਹੈ। ਕਾਂਗਰਸ ਦੇ ਰਾਜ ਵਿੱਚ ਜਾਤੀ ਆਧਾਰਿਤ ਵਿਤਕਰੇ ਕਾਰਨ, ਇਸ ਦੇਸ਼ ਦੀ ਰਾਜਨੀਤੀ ਹੁਣ ਅਜਿਹੀ ਹੋ ਗਈ ਹੈ ਕਿ ਘੱਟ ਗਿਣਤੀ ਕਬੀਲਿਆਂ ਕੋਲ ਜਿਉਂਦੇ ਰਹਿਣ ਦਾ ਕੋਈ ਸਾਧਨ ਨਹੀਂ ਹੈ। ਇਸ ਦੇ ਬਾਵਜੂਦ, ਮੈਂ ਆਪਣੇ ਆਪ ਨੂੰ ਰਾਜਨੀਤੀ ਤੋਂ ਵੱਖ ਨਹੀਂ ਕਰਾਂਗਾ। ਮੈਨੂੰ ਜਾਤੀਵਾਦ ਕਾਰਨ ਕਈ ਵਾਰ ਅਸਫਲਤਾ ਦਾ ਸਾਹਮਣਾ ਕਰਨਾ ਪਿਆ ਹੈ ਪਰ ਮੈਂ ਫਿਰ ਵੀ ਲੜਾਂਗਾ। ਮੈਂ ਆਪਣੀ ਰਾਜਨੀਤੀ ਜਾਰੀ ਰੱਖਾਂਗਾ। ਮੈਂ ਬੱਲਾ ਛੱਡ ਕੇ ਟੈਂਟ ਵਾਪਸ ਨਹੀਂ ਜਾਵਾਂਗਾ। (ਹਾਸਾ ਅਤੇ ਤਾੜੀਆਂ)

ਮੈਂ ਇੰਗਲੈਂਡ ਦੇ ਪ੍ਰਸ਼ਾਸਨ ਅਤੇ ਆਪਣੇ ਦੇਸ਼ ਦੇ ਪ੍ਰਸ਼ਾਸਨ ਬਾਰੇ ਦੱਸ ਰਿਹਾ ਸੀ। ਇੰਗਲੈਂਡ ਅਤੇ ਭਾਰਤ ਵਿੱਚ ਮੁੱਖ ਅੰਤਰ ਇਹ ਜਾਪਦਾ ਹੈ ਕਿ ਇੱਥੇ ਵੋਟਰਾਂ ਨੂੰ ਉਮੀਦਵਾਰ ਚੁਣਨ ਦਾ ਅਧਿਕਾਰ ਨਹੀਂ ਹੈ। ਉੱਥੇ ਵੋਟਰ ਖੁਦ ਉਮੀਦਵਾਰ ਦੀ ਚੋਣ ਕਰਦੇ ਹਨ। ਉਸ ਦੇ ਹਲਕੇ ਦੇ ਵੋਟਰਾਂ ਨੂੰ ਇਹ ਜਾਣਕਾਰੀ ਹੁੰਦੀ ਹੈ ਕਿ ਕਿਹੜਾ ਉਮੀਦਵਾਰ ਕਿਹੋ ਜਿਹਾ ਵਿਅਕਤੀ ਹੈ, ਉਸਦਾ ਸਿੱਖਿਆ ਪੱਧਰ ਕੀ ਹੈ, ਉਸਦਾ ਆਚਰਣ ਜਾਂ ਚਰਿੱਤਰ ਕੀ ਹੈ, ਉਸ ਵਿੱਚ ਸਮਾਜ ਸੇਵਾ ਦੀ ਕਿੰਨੀ ਭਾਵਨਾ ਹੈ, ਆਦਿ। ਇਸ ਆਧਾਰ ‘ਤੇ, ਉਹ ਆਪਣੇ ਉਮੀਦਵਾਰ ਦੀ ਚੋਣ ਕਰਦੇ ਹਨ। ਸਾਡੇ ਦੇਸ਼ ਵਿੱਚ, ਇਸ ਸਬੰਧ ਵਿੱਚ ਸਥਿਤੀ ਕੁਝ ਵੱਖਰੀ ਹੈ। ਸਾਡੇ ਵੋਟਰਾਂ ਨੂੰ ਅਜੇ ਵੀ ਇਹ ਫੈਸਲਾ ਕਰਨ ਦੀ ਆਜ਼ਾਦੀ ਨਹੀਂ ਹੈ ਕਿ ਉਹ ਕਿਸ ਹਲਕੇ ਤੋਂ ਕਿਸ ਉਮੀਦਵਾਰ ਨੂੰ ਖੜ੍ਹਾ ਕਰਨ। ਅੱਜ, ਕਾਂਗਰਸ ਦੀ ਚੋਣ ਨੀਤੀ ਤੋਂ, ਤੁਹਾਨੂੰ ਪਤਾ ਲੱਗ ਜਾਵੇਗਾ ਕਿ ਦਿੱਲੀ ਹਾਈਕਮਾਨ ਇਹ ਫੈਸਲਾ ਕਰਦੀ ਹੈ ਕਿ ਕਿਸ ਨੂੰ ਕਿਸ ਹਲਕੇ ਤੋਂ ਖੜ੍ਹਾ ਕਰਨਾ ਹੈ। ਹਲਕੇ ਦੇ ਵੋਟਰਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਹਾਈਕਮਾਨ ਵੱਲੋਂ ਉਮੀਦਵਾਰ ਨੂੰ ਕਿਵੇਂ ਖੜ੍ਹਾ ਕੀਤਾ ਜਾਂਦਾ ਹੈ, ਉਸਦਾ ਕਿਰਦਾਰ ਕਿਹੋ ਜਿਹਾ ਹੈ, ਕੀ ਉਸਨੇ ਕੋਈ ਕਾਲਾਬਾਜ਼ਾਰੀ ਜਾਂ ਘੁਟਾਲਾ ਕੀਤਾ ਹੈ, ਕੀ ਉਹ ਭ੍ਰਿਸ਼ਟ ਹੈ, ਕੀ ਉਹ ਸਮਾਜ ਦੀ ਭਲਾਈ ਲਈ ਵਿਧਾਨ ਸਭਾ ਜਾਂ ਲੋਕ ਸਭਾ ਵਿੱਚ ਜਨਤਕ ਹਿੱਤ ਦੇ ਮੁੱਦੇ ਉਠਾਏਗਾ ਜਾਂ ਨਹੀਂ। ਇਨ੍ਹਾਂ ਮਾਮਲਿਆਂ ਕਾਰਨ ਕਾਂਗਰਸ ਹਾਈ ਕਮਾਂਡ ਦਾ ਲੋਕਾਂ ਨਾਲ ਕੋਈ ਸਬੰਧ ਨਹੀਂ ਰਿਹਾ। ਤੁਹਾਨੂੰ ਅਸੀਂ ਜਿਸ ਨੂੰ ਵੀ ਕਹਾਂਗੇ, ਉਸਨੂੰ ਵੋਟ ਪਾਉਣੀ ਪਵੇਗੀ, ਇਹ ਕਾਂਗਰਸ ਹਾਈਕਮਾਨ ਦਾ ਸਿਧਾਂਤ ਹੈ। ਜੇਕਰ ਕਾਂਗਰਸ ਕਿਸੇ ਗਧੇ ਨੂੰ ਆਪਣਾ ਉਮੀਦਵਾਰ ਵੀ ਬਣਾਉਂਦੀ ਹੈ, ਤਾਂ ਵੀ ਤੁਸੀਂ ਉਸਨੂੰ ਆਪਣੀ ਵੋਟ ਦਿਓਗੇ। ਜੇਕਰ ਕਾਂਗਰਸ ਸਾਨੂੰ ਸੜਕ ਦੇ ਖੰਭੇ ਲਈ ਵੋਟ ਪਾਉਣ ਲਈ ਕਹਿੰਦੀ ਹੈ, ਤਾਂ ਅਸੀਂ ਸੜਕ ਦੇ ਖੰਭੇ ਨੂੰ ਵੀ ਵੋਟ ਪਾਵਾਂਗੇ। ਕੀ ਇਸੇ ਨੂੰ ਤੁਸੀਂ ਲੋਕਤੰਤਰ ਕਹਿੰਦੇ ਹੋ? ਇਹ ਲੋਕਤੰਤਰ ‘ਤੇ ਖੁੱਲ੍ਹਾ ਹਮਲਾ ਹੈ। ਅਜਿਹਾ ਸਿਸਟਮ ਦੇਸ਼ ਲਈ ਘਾਤਕ ਹੈ।

ਉਮੀਦਵਾਰ ਚੁਣਨ ਦਾ ਅਧਿਕਾਰ ਸਿਰਫ਼ ਹਲਕੇ ਨੂੰ ਹੀ ਹੈ। ਜੇਕਰ ਅਜਿਹਾ ਨਹੀਂ ਹੈ ਤਾਂ ਇਸਨੂੰ ਲੋਕਤੰਤਰ ਨਹੀਂ ਕਿਹਾ ਜਾ ਸਕਦਾ। ਇੰਗਲੈਂਡ ਵਿੱਚ, ਪਾਰਟੀ ਖੁਦ ਨੇਤਾ ਅਤੇ ਮੰਤਰੀਆਂ ਦੀ ਚੋਣ ਕਰਦੀ ਹੈ। ਇੱਥੇ, ਨੇਤਾ ਆਪਣੇ ਸਹਿਯੋਗੀਆਂ ਦੀ ਚੋਣ ਕਰਨ ਦੇ ਅਧਿਕਾਰ ਦੀ ਮੰਗ ਕਰਦਾ ਹੈ ਅਤੇ ਉਹ ਇਸਨੂੰ ਮਾਣ ਨਾਲ ਲਾਗੂ ਵੀ ਕਰਦਾ ਹੈ। ਇਹ ਖੁੱਲ੍ਹੇਆਮ ਤਾਨਾਸ਼ਾਹੀ ਹੈ; ਇਸੇ ਲਈ ਅੱਜ ਕਾਂਗਰਸ ਸੱਤਾ ਵਿੱਚ ਹੈ। ਇੱਥੇ ਚੀਜ਼ਾਂ ਕਿਵੇਂ ਕੰਮ ਕਰਦੀਆਂ ਹਨ ਅਤੇ ਤੁਸੀਂ ਖੁਦ ਸਾਰੀ ਵਾਗਡੋਰ ਕਾਂਗਰਸ ਨੂੰ ਸੌਂਪ ਰਹੇ ਹੋ, ਇਸ ਦੇ ਆਧਾਰ ‘ਤੇ, ਤੁਹਾਨੂੰ ਕਿਸੇ ਦੁਆਰਾ ਸਪੱਸ਼ਟ ਤੌਰ ‘ਤੇ ਦੱਸਣ ਦੀ ਜ਼ਰੂਰਤ ਹੈ ਕਿ ਤੁਸੀਂ ਮੂਰਖ ਹੋ। (ਤਾੜੀਆਂ) ਭਾਰਤ ਕਿੱਥੇ ਜਾ ਰਿਹਾ ਹੈ?

ਇਸ ਵੇਲੇ ਕਾਂਗਰਸ ਦੀ ਰਾਜਨੀਤੀ ਵਿੱਚ ਔਰਤਾਂ ਦੀ ਗਿਣਤੀ ਵਧਾਈ ਜਾ ਰਹੀ ਹੈ। ਮੈਨੂੰ ਔਰਤਾਂ ਦੀ ਇਸ ਕਾਂਗਰਸ ਦੀ ਰਾਜਨੀਤੀ ਬਾਰੇ ਕੁਝ ਵੀ ਸਮਝ ਨਹੀਂ ਆ ਰਿਹਾ। ਔਰਤਾਂ ਵੱਲੋਂ ਆਪਣਾ ਧਰਮ ਛੱਡ ਕੇ ਰਾਜਨੀਤੀ ਕਰਨ ਤੋਂ ਵੱਧ ਸ਼ਰਮਨਾਕ ਕੁਝ ਨਹੀਂ ਹੈ। ਹੁਣ ਮਹਾਰਾਸ਼ਟਰ ਦੀਆਂ ਔਰਤਾਂ ਲਈ ਸਿਰਫ਼ ‘ਕਸੋਟਾ’ (ਮਹਾਰਾਸ਼ਟਰੀ ਸ਼ੈਲੀ ਵਿੱਚ ਸਾੜ੍ਹੀ ਪਹਿਨਦੇ ਸਮੇਂ ਪਿੱਛੇ ਲੱਗੀ ਨੌਂ ਗਜ਼ ਦੀ ਸਾੜ੍ਹੀ ਦਾ ਸਿਰਾ) ਖੋਲ੍ਹਣਾ ਬਾਕੀ ਹੈ। ਇਸ ਦੇ ਖੁੱਲ੍ਹਣ ਨਾਲ ਸਾੜ੍ਹੀ ਇੱਕ ਤਰ੍ਹਾਂ ਨਾਲ ਖੁੱਲ੍ਹਦੀ ਹੈ। ਇਸਦਾ ਸ਼ਬਦਿਕ ਅਰਥ ਹੈ - ਸ਼ਰਮ ਜਾਂ ਨਿਮਰਤਾ ਛੱਡਣਾ)। ਕਾਂਗਰਸ ਨੇ 292 ਔਰਤਾਂ ਨੂੰ ਲੋਕ ਸਭਾ ਵਿੱਚ ਲਿਜਾਣ ਦਾ ਫੈਸਲਾ ਕੀਤਾ ਹੈ। ਜੇ ਔਰਤਾਂ ਅਸੈਂਬਲੀ ਵਿੱਚ ਜਾਣ, ਤਾਂ ਮਰਦ ਕੀ ਕਰਨਗੇ? ਜਦੋਂ ਔਰਤਾਂ ਲੋਕ ਸਭਾ ਵਿੱਚ ਪੂਰਾ ਦਿਨ ਆਪਣੀਆਂ ਬਾਹਾਂ ਹੇਠ ਫਾਈਲਾਂ ਲੈ ਕੇ ਘਰ ਵਾਪਸ ਆਉਂਦੀਆਂ ਹਨ, ਤਾਂ ਕੀ ਉਨ੍ਹਾਂ ਦੇ ਪਤੀ ਮੇਜ਼ ‘ਤੇ ਖਾਣਾ ਰੱਖਣਗੇ? ਇਹ ਔਰਤਾਂ ਸਾਰਾ ਦਿਨ ਸੰਸਦ-ਅਸੈਂਬਲੀ ਜਾਣਗੀਆਂ ਅਤੇ ਸ਼ਾਮ ਨੂੰ ਘਰ ਵਾਪਸ ਆਉਣ ਤੋਂ ਬਾਅਦ ਆਪਣੇ ਪਤੀਆਂ ਨੂੰ ਪੁੱਛਣਗੀਆਂ - ਸੁਣੋ, ਮੈਂ ਸੰਸਦ ਤੋਂ ਵਾਪਸ ਆ ਗਈ ਹਾਂ। ਕੀ ਘਰ ਦਾ ਸਾਰਾ ਕੰਮ ਹੋ ਗਿਆ ਹੈ ਜਾਂ ਨਹੀਂ? ਇਹ ਔਰਤਾਂ ਸੰਸਦ

“ਇਕੁਐਲਿਟੀ ਐਂਡ ਜਸਟਿਸ”
"Equality and Justice" Rs- 100/month ਸ੍ਵਤੰਤ੍ਰਤਾ, ਸਮਾਨਤਾ, ਭਾਈਚਾਰਾ

ਜਾਣਗੀਆਂ ਅਤੇ ਉਨ੍ਹਾਂ ਦੇ ਬੱਚਿਆਂ ਦੀ ਦੇਖਭਾਲ ਕੌਣ ਕਰੇਗਾ? ਇੱਕ ਬੱਚਾ ਰੋ ਰਿਹਾ ਹੈ, ਦੂਜੇ ਦਾ ਨੱਕ ਵਗ ਰਿਹਾ ਹੈ, ਤੀਜਾ ਕਿਤੇ ਚਲਾ ਗਿਆ ਹੈ। ਇਨ੍ਹਾਂ ਬੱਚਿਆਂ ਦੀ ਦੇਖਭਾਲ ਕੌਣ ਕਰੇਗਾ? ਇਹ ਸਭ ਕੁਝ ਉਲਟ ਹੋ ਰਿਹਾ ਹੈ। ਇਹ ਇੱਕ ਉਲਟਾ ਸੰਸਾਰ ਹੈ। ਖੈਰ, ਇਹ ਔਰਤਾਂ ਸੰਸਦ ਜਾਣ ਤੋਂ ਬਾਅਦ ਕੀ ਕਰਦੀਆਂ ਹਨ? ਮੈਨੂੰ ਇਸ ਬਾਰੇ ਕੁਝ ਵੀ ਕਹਿਣ ਵਿੱਚ ਸ਼ਰਮ ਆਉਂਦੀ ਹੈ। ਮੇਰਾ ਤੁਹਾਨੂੰ ਉਨ੍ਹਾਂ ਬਾਰੇ ਦੱਸਣ ਦਾ ਇਰਾਦਾ ਨਹੀਂ ਸੀ, ਪਰ ਮੈਂ ਤੁਹਾਨੂੰ ਹੁਣ ਦੱਸਾਂਗਾ। (ਹਾਸਾ)।

ਉਸਦੀ ਨੀਤੀ ਪੂਰੀ ਤਰ੍ਹਾਂ ਖਤਮ ਹੋ ਗਈ ਹੈ। ਮੈਨੂੰ ਕੁਝ ਚਿੱਠੀਆਂ ਮਿਲੀਆਂ ਹਨ। ਉਨ੍ਹਾਂ ਪੱਤਰਾਂ ਦੀ ਸਮੱਗਰੀ ਪ੍ਰਧਾਨ ਮੰਤਰੀ ਬਾਰੇ ਹੈ। ਚਿੱਠੀ ਲਿਖਣ ਵਾਲੀ ਇੱਕ ਮਹਾਰਾਸ਼ਟਰੀ ਔਰਤ ਹੈ। ਇਹ ਬਹੁਤ ਸ਼ਰਮ ਦੀ ਗੱਲ ਹੈ। ਚਿੱਠੀ ਵਿੱਚ, ਨਹਿਰੂ ਦਾ ਜ਼ਿਕਰ ਕਰਦੇ ਹੋਏ, ਉਨ੍ਹਾਂ ਨੇ ਕਿਹਾ ਹੈ ਕਿ ਉਹ ਇਹ ਕਰਨਗੇ, ਉਹ ਕਰਨਗੇ ਆਦਿ। ਜਦੋਂ ਮੈਂ ਕੈਬਨਿਟ ਵਿੱਚ ਸੀ, ਮੈਨੂੰ ਬੜੌਦਾ ਦੀ ਇੱਕ ਔਰਤ ਤੋਂ ਚਿੱਠੀਆਂ ਮਿਲਦੀਆਂ ਸਨ। ਇਸ ਵਿੱਚ ਉਹ ਮੈਨੂੰ ‘ਭਾਊਜੀ’ (ਦੇਵਰ ਜਾਂ ਜੇਠ) ਕਹਿੰਦੀ ਹੈ। ਉਹ ਸ਼ਾਇਦ ਜਵਾਹਰ ਲਾਲ ਨਹਿਰੂ ਨੂੰ ਆਪਣਾ ਪਤੀ ਮੰਨਦੀ ਹੈ। ਮੈਂ ਦੋ-ਤਿੰਨ ਚਿੱਠੀਆਂ ਸਾੜ ਦਿੱਤੀਆਂ। ਮੈਂ ਇੱਕ ਚਿੱਠੀ ਰੱਖੀ ਹੈ। ਮੇਰੇ ਅਸਤੀਫ਼ਾ ਦੇਣ ਤੋਂ ਬਾਅਦ, ਨਹਿਰੂ ਦੁਆਰਾ ਮੇਰੇ ਲਈ ਰੱਖੀ ਗਈ ਪਾਰਟੀ ਵਿੱਚ, ਮੈਂ ਦੇਖਿਆ ਕਿ ਨਹਿਰੂ ਅਜੀਬ ਲੋਕਾਂ ਨਾਲ ਘੁਲ-ਮਿਲ ਰਹੇ ਸਨ। ਮੈਂ ਉਸਦੇ ਕੋਟ ਦੀ ਬਾਂਹ ਖਿੱਚੀ ਅਤੇ ਉਸਦਾ ਧਿਆਨ ਆਪਣੇ ਵੱਲ ਖਿੱਚਿਆ ਅਤੇ ਉਸਨੂੰ ਉਹ ਚਿੱਠੀ ਦਿਖਾਈ ਜੋ ਮੇਰੇ ਕੋਲ ਸੀ।

ਫਿਰ ਉਸਨੇ ਕਿਹਾ, ‘ਮੈਨੂੰ ਹਜ਼ਾਰਾਂ ਅਜਿਹੇ ਬੇਕਾਰ ਪੱਤਰ ਮਿਲਦੇ ਹਨ।’ ਉਹਨਾਂ ਨੂੰ ਨਜ਼ਰਅੰਦਾਜ਼ ਕਰੋ। ਮਾਲਵੰਕਰ ਨੂੰ ਪੁੱਛੋ। ਇਹ ਕਿਹੋ ਜਿਹਾ ਜਵਾਬ ਹੈ? ਬੜੌਦਾ ਦੀ ਔਰਤ ਤੁਹਾਡਾ ਨਾਮ ਬਦਨਾਮ ਕਰ ਰਹੀ ਹੈ, ਇਹੀ ਮੈਂ ਉਨ੍ਹਾਂ ਨੂੰ ਸਮਝਾਉਣਾ ਚਾਹੁੰਦਾ ਸੀ। ਪਰ ਉਸਨੇ ਕਿਹਾ ਕਿ ਅਜਿਹੇ ਹਜ਼ਾਰਾਂ ਪੱਤਰ ਆਉਂਦੇ ਹਨ। ਕੀ ਸਾਨੂੰ ਇਸ ਨੂੰ ਆਪਣੇ ਚਰਿੱਤਰ ਬਾਰੇ ਜਾਗਰੂਕਤਾ ਕਹਿਣਾ ਚਾਹੀਦਾ ਹੈ? ਤੁਹਾਨੂੰ ਇਨ੍ਹਾਂ ਸਾਰੀਆਂ ਗੱਲਾਂ ਬਾਰੇ ਧਿਆਨ ਨਾਲ ਸੋਚਣਾ ਪਵੇਗਾ। ਜੇਕਰ ਸੰਸਦ ਜਾਣ ਵਾਲੀਆਂ ਔਰਤਾਂ ਨੂੰ ਇਸ ਤਰ੍ਹਾਂ ਗੁੰਮਰਾਹ ਕੀਤਾ ਜਾਂਦਾ ਹੈ, ਤਾਂ ਕਾਂਗਰਸ ਦਾ ਉਨ੍ਹਾਂ ਨੂੰ ਉੱਥੇ ਜਾਣ ਦੇਣ ਦਾ ਕੀ ਮਕਸਦ ਹੈ?

**ਲੇਖ ਦਾ ਬਾਕੀ ਭਾਗ ਕਲ੍ਹ**

# ਮਾਨ ਸਰਕਾਰ ਵੱਲੋਂ ਪਸੂ ਮੰਡੀਆਂ ਦਾ 22 ਕਰੋੜ ਘਟਕੇ ਟੈਂਡਰ ਲੈਣਾ, ‘ਭ੍ਰਿਸਟਾਚਾਰ ਮੁਕਤ ਪੰਜਾਬ’ ਦੇ ਬੋਰਡਾਂ ਦਾ ਚਿੜਾ ਰਿਹਾ ਮੂੰਹ-ਪੰਜਾਬ ਕਿਸਾਨ ਯੂਨੀਅਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com



ਮਾਨਸਾ 20 ਮਈ ( ਆਤਮਾ ਸਿੰਘ ਪਮਾਰ ) ਪੰਜਾਬ ਕਿਸਾਨ ਯੂਨੀਅਨ ਦੇ ਸੂਬਾਈ ਆਗੂ ਗੁਰਨਾਮ ਸਿੰਘ ਭੀਖੀ, ਗੁਰਜੰਟ ਸਿੰਘ ਮਾਨਸਾ ਗੋਰਾ ਸਿੰਘ ਭੈਣੀ ਅਤੇ ਨਰਿੰਦਰ ਕੌਰ ਬੁਰਜ ਹਮੀਰਾ ਨੇ ਗੱਲ ਬਾਤ ਦੌਰਾਨ ਦੱਸਿਆ ਕਿ ਜੱਥੇਬੰਦੀ ਦਾ ਇੱਕ ਵਫ਼ਦ ਪਸ਼ੂ ਮੰਡੀਆਂ ਸੰਬੰਧੀ ‘ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਡਾਇਰੈਕਟਰ ਓਮਾ ਸੰਕਰ ਗੁਪਤਾ ਆਈ ਏ ਐਸ ਨੂੰ ਮਿਲਣ ਲਈ ਸੈਕਟਰ 92 ਮੋਹਾਲੀ ਸਥਿਤ ਉਨ੍ਹਾਂ ਦੇ ਦਫਤਰ ਵਿਖੇ ਪਹੁੰਚਿਆ I ਆਗੂਆਂ ਨੇ ਕਿਹਾ ਕਿ ਦੋ ਧਿਰੀ ਗੱਲਬਾਤ ਦੌਰਾਨ ਡਾਇਰੈਕਟਰ ਨੇ ਕਿਸੇ ਵੀ ਗੱਲ ਦਾ ਤਸੱਲੀਬਖਸ਼ ਜੁਆਬ ਨਹੀਂ ਦਿੱਤਾ, ਸਗੋਂ ਯੂਨੀਅਨ ਦੇ ਆਗੂਆਂ ਨਾਲ ਦੁਰਵਿਹਾਰ ਕਰਨ ਅਤੇ ਕੁਰੱਖਤ ਸਬਦਾਵਲੀ ਦੀ ਵਰਤੋਂ ਵੀ ਕੀਤੀ। ਉਨਾਂ ਦੇ ਅਜਿਹੇ ਵਿਵਹਾਰ ਚੋਂ ਕਥਿਤ ਭ੍ਰਿਸ਼ਟਾਚਾਰ ਦੀ ਬੂ ਆ ਰਹੀ ਸੀ I ਆਗੂਆਂ ਨੇ ਕਿਹਾ ਕਿ ਡਾਇਰੈਕਟਰ ਦਫਤਰ ਦੇ ਸਾਹਮਣੇ ਹੀ ਉਨ੍ਹਾਂ ਰੋਸ ਪ੍ਰਦਰਸ਼ਨ ਕੀਤਾ ਅਤੇ ਕਿਹਾ ਕਿ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਡਾਇਰੈਕਟਰ ਵੱਲੋਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਤੇ ਚੱਲਦਿਆਂ ਠੇਕੇਦਾਰਾਂ ਲਈ ਬੇਲੋੜੀਆਂ ਸ਼ਰਤਾਂ ਲਗਾਉਂਦਿਆਂ ਮੰਡੀਆਂ ਲੈਣ ਲਈ ਤਿੰਨ ਸਾਲਾਂ ਦੇ ਤਜਰਬੇ ਦੀ ਮੰਗ ਕੀਤੀ ਉਨਾਂ ਕਿਹਾ ਕਿ ਪਿਛਲੇ ਸਾਲ ਇਹੀ ਠੇਕਾ 94 ਕਰੋੜ ਦਾ ਸੀ ਜੋ,ਇਸ ਵਾਰ 72 ਕਰੋੜ 46 ਲੱਖ ਦਾ ਹੈ I ਵਿਭਾਗ ਵੱਲੋਂ ਆਪਣੇ ਚਹੇਤਿਆਂ ਦੀਆਂ ਫਾਇਲਾਂ ਜਿੰਨ੍ਹਾਂ ਵਿੱਚ ਸੁਖਪਾਲ ਭੱਟੀ, ਮਨਜਿੰਦਰ ਸਿੰਘ ਬਿੱਟੂ,ਹਾਜੀ ਇਨਾਮ,ਮਿੱਕੀ ਤੇ ਸੁਦਾਮ ਗਰੁੱਪ ਦੀਆਂ ਫਾਇਲਾਂ ਜਮਾਂ ਕਰਵਾ ਲਈਆਂ ਜਿੰਨਾਂ ਵਿੱਚੋਂ ਹਰਦੀਪ ਸਿੰਘ ਐਂਡ ਕੰਪਨੀ,ਨਸੀਬ ਅਹਿਮਦ ਐਂਡ ਕੰਪਨੀ,ਚੌਧਰੀ ਰਾਕੇਸ਼ ਐਂਡ ਕੰਪਨੀ,ਹਾਜੀ ਨਸੀਬ ਦੀਆਂ ਫਾਇਲਾਂ ਲੈਣ ਤੋਂ ਇਨਕਾਰ ਕਰ ਦਿੱਤਾ। ਆਗੂਆਂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਪੂਰੇ ਪੰਜਾਬ ‘ਚ ਹਰ ਚਾਹਵਾਨ ਵਿਅਕਤੀ ਨੂੰ ਖੁੱਲੇ ਤੌਰ ਤੇ ਟੈਂਡਰ ਭਰਨ ਦਾ ਮੌਕਾ ਪ੍ਰਦਾਨ ਕਰੇ I ਪੰਜਾਬ ਸਰਕਾਰ ਮੰਡੀਆਂ ਅੰਦਰ ਵੈਟਨਰੀ ਡਾਕਟਰਾਂ, ਛਾਂ ਅਤੇ ਪਾਣੀ ਦਾ ਵੀ ਪੁਖਤਾ ਪ੍ਰਬੰਧ ਕਰੇ ਅਤੇ ਠੇਕੇਦਾਰੀ ਰਾਹੀਂ ਕਮਾਏ ਪੈਸੇ ਨੂੰ ਕਿਸਾਨਾਂ ਮਜਦੂਰਾਂ ਦੇ ਸਾਂਝੇ ਹਿੱਤਾਂ ਲਈ ਵਰਤਿਆ ਜਾਵੇ I ਉਨਾਂ ਇਹ ਵੀ ਕਿਹਾ ਕਿ ਲਿਖਾਈ ਦੇ ਵੀ ਅੱਧੇ ਰੇਟ ਕੀਤੇ ਜਾਣ I ਇਸ ਸਮੇਂ ਜੱਥੇਬੰਦੀ ਦੇ ਮੈਂਬਰ ਅਮਰੀਕ ਸਿੰਘ ਮਾਨਸਾ,ਅਲੀ ਖਾਨ ਆਦਿ ਵੀ ਹਾਜਰ ਸਨ I ਪਤਾ ਲੱਗਾ ਹੈ ਦੇਰ ਸਾਮ ਨੂੰ ਡਾਇਰੈਕਟਰ ਦੇ ਬੁਲਾਉਣ ਤੇ ਸਪੈਸਲ ਸੈੱਲ ਮੋਹਾਲੀ ਤੋਂ ਐਸ.ਪੀ ਮਨਪ੍ਰੀਤ ਨੇ ਪਹੁੰਚ ਕੇ ਦੋਹਾਂ ਧਿਰਾਂ ਦੀ ਗੱਲਬਾਤ ਸੁਣਕੇ ਜੱਥੇਬੰਦੀ ਦੇ ਸੁਝਾਅ ਮੰਨਣ ਦੀ ਗੱਲ ਕਹਿਕੇ ਮਾਮਲਾ ਟਿਕਾ ਦਿੱਤਾ ਅਤੇ ਅਗਲੀ ਕਾਰਵਾਈ ਕਾਗਜ਼ੀ ਪੁਲੰਦਿਆਂ ਵਿੱਚ ਬੰਦ ਹੋ ਕੇ ਕੋਰਟ ਦੇ ਦਰਵਾਜੇ ਸਟੇਅ ਲਈ ਪਹੁੰਚ ਗਈ ਹੈ ਅਤੇ ਹਾਲ ਦੀ ਘੜੀ ਫਿਲਹਾਲ ਬੋਲੀ ਦਸ ਦਿਨ ਲਈ ਅੱਗੇ ਪਾ ਦਿੱਤੀ ਗਈ ਹੈ

# ਵਿਸ਼ੇਸ਼ ਵਿਦਿਆਰਥੀਆਂ ਨੂੰ ਕਾਨੂੰਨੀ ਸੇਵਾਵਾਂ ਬਾਰੇ ਜਾਣੂ ਕਰਵਾਇਆ ਗਿਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com




ਹੁਸ਼ਿਆਰਪੁਰ 20 ਮਈ (ਤਰਸੇਮ ਦੀਵਾਨਾ) ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜੇ.ਐਸ.ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ ਅਤੇ ਅਧਿਆਪਕ ਸਿਖਲਾਈ ਸੰਸਥਾ ਜਹਾਨਖੇਲਾ ਵਿੱਚ ਇੱਕ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਐਡਵੋਕੇਟ ਹਰਜੀਤ ਕੌਰ ਨੇ ਮਾਨਸਿਕ ਅਤੇ ਸਰੀਰਕ ਤੌਰ ‘ਤੇ ਅਪਾਹਜ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਮੁਫਤ ਕਾਨੂੰਨੀ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਨੀਲਮ, ਕੋਰਸ ਕੋਆਰਡੀਨੇਟਰ ਬਰਿੰਦਰ ਕੁਮਾਰ, ਰਾਮ ਆਸਰਾ, ਨਿਰਵੀਰ ਕੌਰ, ਪ੍ਰੇਮ ਕੁਮਾਰ, ਪ੍ਰਿੰਸੀਪਲ ਸ਼ੈਲੀ ਸ਼ਰਮਾ, ਡਿਪਲੋਮਾ ਵਿਦਿਆਰਥੀ, ਆਸ਼ਾਦੀਪ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਹਰਬੰਸ ਸਿੰਘ ਆਦਿ ਵੀ ਮੌਜੂਦ ਸਨ। ਇਸ ਸਮੇਂ, ਸਕੂਲ ਸਟਾਫ਼ ਨੇ ਕਾਨੂੰਨੀ ਮਾਹਿਰਾਂ ਦੀ ਟੀਮ ਦਾ ਸਕੂਲ ਵਿੱਚ ਆਉਣ ਅਤੇ ਜਾਣਕਾਰੀ ਸਾਂਝੀ ਕਰਨ ਲਈ ਧੰਨਵਾਦ ਕੀਤਾ।

# ਕੀ ਭਾਰਤੀ ਜਨਤਕ ਮੰਚ ਤੇ ਗੰਭੀਰ ਚਰਚਾ ਲਈ ਫੂਲੇ ਅਤੇ ਅੰਬੇਡਕਰ ਲਈ ਕੋਈ ਖੁੱਲ੍ਹੀ ਜਨਤਕ ਥਾਂ ਹੈ?

## ਹੁਣ ਇਹ ਸਪੱਸ਼ਟ ਹੋ ਗਿਆ ਹੈ ਕਿ ਫੂਲੇ ਅਤੇ ਅੰਬੇਡਕਰ ਦੀ ਜਨਤਕ ਦਿੱਖ ਬ੍ਰਾਹਮਣਵਾਦੀ ਦਬਦਬੇ ਨੂੰ ਤੋੜਦੀ ਹੈ। ਕੀ ਹੁਣ ਸਮਾਜ ਦੇ ਇੱਕ ਵਰਗ ਨੂੰ ਖੁਸ਼ ਰੱਖਣ ਲਈ ਉਨ੍ਹਾਂ ਦੇ ਕਿਰਦਾਰਾਂ ਨੂੰ ਬਦਲਿਆ ਜਾ ਰਿਹਾ ਹੈ?

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com

ਜਯੋਤੀਬਾ ਫੂਲੇ ਅਤੇ ਬੀ.ਆਰ. ਅੰਬੇਡਕਰ ਦੇ ਜੀਵਨ ਅਤੇ ਦਰਸ਼ਨ ਨੂੰ ਖਾਸ ਤੌਰ ‘ਤੇ ਸ਼ੂਦਰ ਅਤੇ ਅਛੂਤਾਂ, ਨਾਲ ਹੀ ਔਰਤਾਂ ਅਤੇ ਆਮ ਤੌਰ ‘ਤੇ ਭਾਰਤੀ ਸਮਾਜ ਲਈ ਮੁਕਤੀਦਾਤਾ ਵਜੋਂ ਪਿਆਰ ਕੀਤਾ ਜਾਂਦਾ ਸੀ। ਅਨੰਤ ਮਹਾਦੇਵਨ ਦੁਆਰਾ ਨਿਰਦੇਸ਼ਤ ਫੂਲੇ ‘ਤੇ ਇੱਕ ਹਾਲੀਆ ਫਿਲਮ ਨੇ ਵਿਵਾਦ ਪੈਦਾ ਕੀਤੇ, ਜਿਸ ਦਾ ਕੁਝ ਬ੍ਰਾਹਮਣ ਸੰਗਠਨਾਂ/ਵਿਅਕਤੀਆਂ ਨੇ ਵਿਰੋਧ ਕੀਤਾ।

ਇਸ ਨਾਲ ਮੈਨੂੰ ਕੁਝ ਸਵਾਲ ਉੱਠਣ ਲੱਗੇ: ਕੀ ਬ੍ਰਾਹਮਣਵਾਦੀ ਹਿੰਦੂ ਸਮਾਜ ਵਿੱਚ ਫੂਲੇ ਅਤੇ ਅੰਬੇਡਕਰ ਚਰਚਾ ਲਈ ਕੋਈ ਖਾਲੀ ਜਨਤਕ ਜਗ੍ਹਾ ਹੈ? ਉਹ ਭਾਰਤੀ ਹਿੰਦੂ ਸਮਾਜ ਵਿੱਚ ਕੀ ਦਰਸਾਉਂਦੇ ਹਨ? ਉਨ੍ਹਾਂ ਦੇ ਜਨਮ ਦਿਨ - ਜੋ ਕਿ ਕ੍ਰਮਵਾਰ 11 ਅਤੇ 14 ਅਪ੍ਰੈਲ ਨੂੰ ਦਲਿਤ ਇਤਿਹਾਸ ਮਹੀਨੇ ਵਜੋਂ ਮਨਾਏ ਜਾਣ ਵਾਲੇ ਮਹੀਨੇ ਵਿੱਚ ਆਉਂਦੇ ਹਨ - ਜਨਤਕ ਪ੍ਰਸਿੱਧ ਸੱਭਿਆਚਾਰ ਵਿੱਚ ਕਿਵੇਂ ਯੋਗਦਾਨ ਪਾਉਂਦੇ ਹਨ?

ਆਧੁਨਿਕ ਲੋਕਤੰਤਰਾਂ ਵਿੱਚ ਜਨਤਾ ਦਾ ਵਿਚਾਰ ਹਮੇਸ਼ਾ ਇੱਕ ਵਿਵਾਦਿਤ ਜਗ੍ਹਾ ਹੁੰਦਾ ਹੈ। ਇਹ ਸਮਾਜਾਂ ਵਿੱਚ ਪ੍ਰਮੁੱਖ ਕੁਲੀਨ ਵਰਗ, ਨਸਲ ਅਤੇ ਜਾਤੀ ਦੁਆਰਾ ਨਿਯੰਤਰਿਤ ਹੁੰਦਾ ਹੈ। ਭਾਰਤੀ ਜਨਤਾ ਬ੍ਰਾਹਮਣਵਾਦੀ ਸ਼ਕਤੀ ਗੰਭੀਰ ਚਰਚਾ ਦੁਆਰਾ ਪ੍ਰਭਾਵਿਤ ਹੈ। ਜਨਤਕ ਪ੍ਰਸਿੱਧ ਸੱਭਿਆਚਾਰ ਵਿੱਚ, ਬ੍ਰਾਹਮਣਵਾਦੀ ਚਿੰਨ੍ਹ - ਜਿਵੇਂ ਕਿ ਮੰਦਰ, ਪਵਿੱਤਰ ਸਥਾਨ ਅਤੇ ਸੱਭਿਆਚਾਰਕ ਅਭਿਆਸ - ਦੂਜਿਆਂ ਦੇ ਜਨਤਕ ਜੀਵਨ ਨੂੰ ਢੱਕਦੇ ਹਨ। ਅਸਲੀਅਤ ਵਿੱਚ, ਲੋਕਤੰਤਰ ਵਿੱਚ ਜਨਤਾ ਦਾ ਵਿਚਾਰ ਹਰੇਕ ਨਾਗਰਿਕ, ਵੱਖ-ਵੱਖ ਸਮੂਹਾਂ, ਭਾਈਚਾਰਿਆਂ ਅਤੇ ਪਛਾਣਾਂ ਦਾ ਹੋਣਾ ਚਾਹੀਦਾ ਹੈ।

ਇੱਕ ਬਰਾਬਰ ਅਤੇ ਆਜ਼ਾਦ ਜਨਤਕ ਸਥਾਨ ਦੇ ਰੂਪ ਵਿੱਚ ਲੋਕਤੰਤਰ ਨੇ ਹਰ ਕਿਸੇ ਨੂੰ ਇੱਕ ਭਾਗੀਦਾਰ, ਸਮਾਵੇਸ਼ੀ, ਸਤਿਕਾਰਯੋਗ ਜਨਤਕ ਖੇਤਰ ਵਿੱਚ ਯੋਗਦਾਨ ਪਾਉਣ ਦੀ ਆਗਿਆ ਦਿੱਤੀ ਹੈ। ਹਾਲਾਂਕਿ, ਜਨਤਾ ਦਾ ਵਿਚਾਰ ਇੱਕ ਲੋਕਤੰਤਰੀ ਰਾਜ ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ ਜਿੱਥੇ ਜਨਤਕ ਰਾਏ ‘ਤੇ ਵਿਚਾਰ ਕੀਤਾ ਜਾਂਦਾ ਹੈ। ਪਰ ਕਿਸਦੀ ਜਨਤਕ ਰਾਏ ਰਾਜ ਲਈ ਮਾਇਨੇ ਰੱਖਦੀ ਹੈ? ਫੂਲੇ ਅਤੇ ਅੰਬੇਡਕਰ ਰਾਜ ਅਤੇ ਜਨਤਕ ਖੇਤਰ ਬਾਰੇ ਆਲੋਚਨਾਤਮਕ ਅਤੇ ਸ਼ੱਕੀ ਸਨ। ਉਨ੍ਹਾਂ ਦੀ ਸ਼ੰਕਾ ਉਨ੍ਹਾਂ ਦੇ ਜਨਮ ਦਿਵਸ ਦੇ ਸੌ ਸਾਲਾਂ ਬਾਅਦ ਸੱਚ ਜਾਪਦੀ ਹੈ।

ਭਾਰਤੀ ਉਪ-ਮਹਾਂਦੀਪ ਵਿੱਚ ਫੂਲੇ ਅਤੇ ਅੰਬੇਡਕਰ ਨੂੰ ਆਧੁਨਿਕ ਚਿੰਤਕ ਮੰਨਿਆ ਜਾਂਦਾ ਹੈ। ਉਨ੍ਹਾਂ ਨੂੰ ਭਾਰਤੀ ਪੁਨਰਜਾਗਰਣ ਦੇ ਚੈਂਪੀਅਨ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਦੀ ਜਨਤਕ ਸ਼ਮੂਲੀਅਤ ਨਾ ਸਿਰਫ ਬ੍ਰਾਹਮਣਵਾਦੀ ਚਰਚਾਵਾਂ ਦੇ ਮੂਲ ਰੂਪ ਵਿੱਚ ਵਿਰੋਧੀ ਸੀ, ਬਲਕਿ ਉਨ੍ਹਾਂ ਦੇ ਸਮਾਜਿਕ ਅਤੇ ਰਾਜਨੀਤਿਕ ਅੰਦੋਲਨ ਨੇ ਭਾਰਤੀ ਸਮਾਜ ਵਿੱਚ ਇੱਕ ਸਮਾਨਤਾਵਾਦੀ ਜਨਤਕ ਸਥਾਨ ਨੂੰ ਉਤਸ਼ਾਹਿਤ ਕੀਤਾ।

ਸਵਾਲ ਇਹ ਹੈ ਕਿ ਇਨ੍ਹਾਂ ਦੋਵਾਂ ਇਨਕਲਾਬੀਆਂ ਨੂੰ ਕਿਹੜੀ ਜਗ੍ਹਾ ਪ੍ਰਦਾਨ ਕੀਤੀ ਜਾਂਦੀ ਹੈ? ਉਨ੍ਹਾਂ ਨੂੰ ਜਨਤਕ ਸਥਾਨ ਕਿਵੇਂ ਸਮਰਪਿਤ ਹਨ? ਦਲੀਲ ਨਾਲ, ਜਨਤਕ ਪ੍ਰਸਿੱਧ ਸੱਭਿਆਚਾਰ ਵਿੱਚ, ਫੂਲੇ ਅਤੇ ਅੰਬੇਡਕਰ ਦੋਵੇਂ ਸਮਾਜ ਦੇ ਜਾਤੀਵਾਦੀ ਅਤੇ ਪੁਰਖ-ਪ੍ਰਧਾਨ ਚਰਿੱਤਰ ਦੁਆਰਾ ਟਾਲ ਦਿੱਤੇ ਜਾਂਦੇ ਹਨ। ਇੱਕ ਪਾਸੇ, ਉਨ੍ਹਾਂ ਦੀ ਮੌਜੂਦਗੀ ਹੁਣ ਵਧੇਰੇ ਪ੍ਰਮੁੱਖ ਹੈ ਅਤੇ ਇਸੇ ਤਰ੍ਹਾਂ ਸਮਾਜ ਵਿੱਚ ਉਨ੍ਹਾਂ ਦੀ ਸਾਰਥਕਤਾ ਵੀ ਹੈ। ਹਾਲਾਂਕਿ, ਉਨ੍ਹਾਂ ਦੀ ਪਛਾਣ ਵਿੱਚ ਕਿਸੇ ਵੀ ਕੱਟੜਪੰਥੀ ਪ੍ਰੋਜੈਕਟ ਦਾ ਬ੍ਰਾਹਮਣਵਾਦੀ ਸਮਾਜ ਵੱਲੋਂ ਵਿਰੋਧ ਕੀਤਾ ਜਾਂਦਾ ਹੈ।

ਮਹਾਤਮਾ ਫੂਲੇ ਦੀ 198ਵੀਂ ਜਯੰਤੀ ਇਸ ਸਾਲ 11 ਅਪ੍ਰੈਲ ਨੂੰ ਮਨਾਈ ਗਈ ਸੀ, ਫਿਰ ਵੀ ਬ੍ਰਾਹਮਣਵਾਦੀ ਸਮਾਜ ਉਨ੍ਹਾਂ ਦੇ ਮੁਕਤੀਦਾਇਕ ਦਰਸ਼ਨ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹੈ। ਆਪਣੀ ਕਿਤਾਬ, ਗੁਲਾਮੀ ਵਿੱਚ, ਫੂਲੇ ਸਹੀ ਦੱਸਦੇ ਹਨ ਕਿ ਬ੍ਰਾਹਮਣਾਂ ਦੁਆਰਾ ਬਣਾਈ ਗਈ ਪ੍ਰਸਿੱਧ ਸੰਸਕ੍ਰਿਤੀ ਸਿੱਖਿਆ, ਮੰਦਰ, ਕਾਰੋਬਾਰ ਅਤੇ ਸਮਾਜ ਦੇ ਹਰ ਸਾਧਨ ‘ਤੇ ਏਕਾਧਿਕਾਰ ਕਰਨਾ ਹੈ। ਇਸ ਲਈ, ਉਨ੍ਹਾਂ ਲਈ, ਜਾਤ ਦੀ ਸੰਭਾਲ ਗੁਲਾਮੀ ਦੇ ਬਰਾਬਰ ਹੈ, ਜਿੱਥੇ ਸ਼ੂਦਰ, ਅਤਿ-ਸ਼ੂਦਰ ਅਤੇ ਔਰਤਾਂ ‘ਤੇ ਜ਼ੁਲਮ ਅਤੇ ਦਮਨ ਕੀਤਾ ਜਾਂਦਾ ਹੈ।

ਜਨਤਕ ਸਿੱਖਿਆ ਤੋਂ ਇਨਕਾਰ ਹਾਸ਼ੀਏ ‘ਤੇ ਪਏ ਸਮਾਜ ਨੂੰ ਗਿਆਨ ਪ੍ਰਾਪਤ ਕਰਨ ਤੋਂ ਵਾਂਝਾ ਕਰ ਦੇਵੇਗਾ। ਸਿੱਖਿਆ ਅਤੇ ਧਰਮ ਦੇ ਮਾਮਲੇ ਵਿੱਚ ਬ੍ਰਾਹਮਣਾਂ ਦੇ ਏਕਾਧਿਕਾਰ ‘ਤੇ ਫੂਲੇ ਦਾ ਹਮਲਾ ਅੱਜ ਸਿੱਖਿਆ ਦੇ ਕਾਰਪੋਰੇਟੀਕਰਨ ਅਤੇ ਹਿੰਦੂਕਰਨ ਦੇ ਯੁੱਗ ਵਿੱਚ ਪ੍ਰਸੰਗਿਕ ਹੈ।

ਫੂਲੇ ਨੂੰ ਪਹਿਲੀ ਵਾਰ ਭਾਰਤ ਏਕ ਖੋਜ ਦੇ ਐਪੀਸੋਡਾਂ ਵਿੱਚ ਪ੍ਰਸਿੱਧ ਟੈਲੀਵਿਜ਼ਨ ਸਕ੍ਰੀਨ ‘ਤੇ ਜਗ੍ਹਾ ਮਿਲੀ, ਜੋ ਕਿ ਜਵਾਹਰ ਲਾਲ ਨਹਿਰੂ ਦੀ ਡਿਸਕਵਰੀ ਆਫ਼ ਇੰਡੀਆ ‘ਤੇ ਅਧਾਰਤ ਸੀ। ਫਿਰ ਵੀ, ਫੂਲੇ ਦੀ ਫਿਲਮ ਦੇ ਵਿਰੋਧ ਨੇ ਭਾਰਤ ਵਿੱਚ ਬ੍ਰਾਹਮਣਾਂ ਦੀ ਏਕਾਧਿਕਾਰ ਨੂੰ ਉਜਾਗਰ ਕੀਤਾ। ਬ੍ਰਾਹਮਣਾਂ/ਬ੍ਰਾਹਮਣਵਾਦ ਦੇ ਵਿਰੁੱਧ ਕਿਸੇ ਵੀ ਚੀਜ਼ ਨੂੰ ਰਾਸ਼ਟਰ ਵਿਰੋਧੀ ਮੰਨਿਆ ਜਾਂਦਾ ਹੈ। ਇਹ ਕਸ਼ਮੀਰੀ ਪੰਡਿਤਾਂ ਦੇ ਮਾਮਲੇ ਵਿੱਚ ਵੀ ਸਪੱਸ਼ਟ ਹੈ। ਇਹ ਵਿਡੰਬਨਾ ਹੈ ਕਿ ਕੋਈ ਵੀ ਸਿਵਲ ਸੋਸਾਇਟੀ ਸਮੂਹ ਫਿਲਮ ਦੀ ਸੈਂਸਰਸ਼ਿਪ ਦੇ ਵਿਰੁੱਧ ਏਕਤਾ ਨਹੀਂ ਪ੍ਰਗਟ ਕਰਦਾ।

ਇਸ ਤੋਂ ਇਲਾਵਾ, ਨਾਰੀਵਾਦੀ ਬੁੱਧੀਜੀਵੀਆਂ ਅਤੇ ਕਾਰਕੁਨਾਂ ਨੇ ਵੀ ਫਿਲਮ ਦਾ ਬਚਾਅ ਕਰਨ ਵਿੱਚ ਫੂਲੇ ਦੇ ਮੁਕਤੀ ਅੰਦੋਲਨ ਨਾਲ ਏਕਤਾ ਨਹੀਂ ਪ੍ਰਗਟਾਈ। ਦੂਜੇ ਪਾਸੇ, ਦਲਿਤ-ਬਹੁਜਨ ਜਨਤਾ ਨੇ ਫਿਲਮ ਨੂੰ ਸਿਨੇਮਾਘਰਾਂ ਵਿੱਚ ਪ੍ਰਦਰਸ਼ਿਤ ਕਰਨ ਦੀ ਮੰਗ ਕੀਤੀ। ਫਿਲਮ ਫੂਲੇ ਦੇ ਸੰਘਰਸ਼ ਅਤੇ ਮਿਸ਼ਨ ਨੂੰ ਦਰਸਾਉਂਦੀ ਹੈ, ਜੋ ਇਸਨੂੰ ਪ੍ਰੇਰਨਾਦਾਇਕ ਬਣਾਉਂਦੀ ਹੈ, ਪਰ ਫੂਲੇ ਦਾ ਨਾਟਕ ਅਤੇ ਸੰਵਾਦ ਕੱਟੜਪੰਥੀ, ਮੌਲਿਕ ਅਤੇ ਵਿਵਾਦਪੂਰਨ ਨਹੀਂ ਬਲਕਿ ਉਦਾਰਵਾਦੀ ਅਤੇ ਉਦਾਰਵਾਦੀ ਹਨ।



ਅੰਬੇਡਕਰ ਨਾ ਸਿਰਫ਼ ਭਾਰਤੀ ਰਾਜਨੀਤੀ ਅਤੇ ਅਕਾਦਮਿਕ ਖੇਤਰ ਵਿੱਚ ਸਰਵ ਵਿਆਪਕ ਹਨ, ਸਗੋਂ 14 ਅਪ੍ਰੈਲ ਨੂੰ ਉਨ੍ਹਾਂ ਦੀ ਜਨਮ ਵਰ੍ਹੇਗੰਢ ‘ਤੇ ਜਨਤਕ ਪ੍ਰਸਿੱਧ ਸੱਭਿਆਚਾਰ ਦਾ ਇੱਕ ਮੁੱਖ ਹਿੱਸਾ ਵੀ ਬਣ ਜਾਂਦੇ ਹਨ, ਜਿਸਨੂੰ ਭੀਮ (ਸਤਿਕਾਰ ਨਾਲ) ਜਾਂ ਅੰਬੇਡਕਰ ਜਯੰਤੀ ਵਜੋਂ ਜਾਣਿਆ ਜਾਂਦਾ ਹੈ। ਇਹ ਭਾਰਤ ਦੇ ਦੂਰ-ਦੁਰਾਡੇ ਪਿੰਡਾਂ ਦੇ ਨਾਲ-ਨਾਲ ਦੁਨੀਆ ਭਰ ਦੇ ਪ੍ਰਮੁੱਖ ਸ਼ਹਿਰਾਂ ਵਿੱਚ ਵੀ ਮਨਾਇਆ ਜਾਂਦਾ ਹੈ। ਇਸ ਸਾਲ, ਨਿਊਯਾਰਕ ਸਿਟੀ ਨੇ 14 ਅਪ੍ਰੈਲ ਨੂੰ ਬੀ ਆਰ ਅੰਬੇਡਕਰ ਦਿਵਸ ਵਜੋਂ ਘੋਸ਼ਿਤ ਕੀਤਾ। ਇਸ ਤੋਂ ਪਹਿਲਾਂ, ਬ੍ਰਿਟਿਸ਼ ਕੋਲੰਬੀਆ ਨੇ ਅੰਬੇਡਕਰ ਜਯੰਤੀ ਨੂੰ “ਸਮਾਨਤਾ ਦਿਵਸ” ਵਜੋਂ ਮਾਨਤਾ ਦਿੱਤੀ ਸੀ।

ਭਾਰਤੀ ਸਮਾਜ ਅਤੇ ਰਾਜਨੀਤੀ ਵਿੱਚ ਅੰਬੇਡਕਰ ਲਈ ਜਗ੍ਹਾ ਅਸਵੀਕਾਰਨਯੋਗ ਹੈ। ਕਈ ਸਰਕਾਰਾਂ ਉਨ੍ਹਾਂ ਦੀਆਂ ਵੱਡੀਆਂ ਮੂਰਤੀਆਂ ਬਣਾਉਣ ਵਿੱਚ ਕਰੋੜਾਂ ਖਰਚ ਕਰਦੀਆਂ ਹਨ; ਸੰਸਥਾਵਾਂ ਉਨ੍ਹਾਂ ਦੇ ਨਾਮ ‘ਤੇ ਰੱਖੀਆਂ ਜਾਂਦੀਆਂ ਹਨ। ਅੰਬੇਡਕਰ, ਸਿਰਫ਼ ਪਛਾਣ ਦੇ ਪ੍ਰਤੀਕ ਵਜੋਂ, ਇੱਕ ਦ੍ਰਿਸ਼ਮਾਨ ਜਨਤਕ ਸਥਾਨ ਦਾ ਮਾਲਕ ਹੈ, ਹਾਲਾਂਕਿ ਇਹ ਹਮੇਸ਼ਾ ਵਿਵਾਦ ਦਾ ਵਿਸ਼ਾ ਰਿਹਾ ਹੈ।

2025 ਵਿੱਚ, ਸਰਕਾਰ ਨੇ 14 ਅਪ੍ਰੈਲ ਨੂੰ ਰਾਸ਼ਟਰੀ ਛੁੱਟੀ ਘੋਸ਼ਿਤ ਕੀਤੀ। ਹਾਲਾਂਕਿ, ਕਹਾਣੀ ਦਾ ਦੂਜਾ ਪੱਖ ਇਹ ਹੈ ਕਿ ਭਾਰਤ ਦੇ ਜਾਤੀਵਾਦੀ ਜਨਤਾ ਦੁਆਰਾ ਅੰਬੇਡਕਰ ਦੀਆਂ ਮੂਰਤੀਆਂ ਨੂੰ ਸਮੇਂ-ਸਮੇਂ ‘ਤੇ ਅਪਵਿੱਤਰ ਕੀਤਾ ਜਾਂਦਾ ਹੈ। ਭਾਰਤ ਦੇ ਪੇਂਡੂ ਕਸਬਿਆਂ ਅਤੇ ਪਿੰਡਾਂ ਵਿੱਚ ਅੰਬੇਡਕਰ ਦੀ ਮੂਰਤੀ ਦੀ ਮੌਜੂਦਗੀ ਜਾਤੀਵਾਦੀ ਜਨਤਾ ਵਿੱਚ ਨਫ਼ਰਤ, ਘ੍ਰਿਣਾ ਅਤੇ ਘਿਰਣਾ ਦੀ ਭਾਵਨਾ ਪੈਦਾ ਕਰਦੀ ਹੈ। ਇਸ ਲਈ, ਭਾਰਤੀ ਸਮਾਜ ਵਿੱਚ ਅੰਬੇਡਕਰ ਨੂੰ ਕਿਸ ਤਰੀਕੇ ਨਾਲ ਸਵੀਕਾਰ ਕੀਤਾ ਜਾਂਦਾ ਹੈ? ਅੰਬੇਡਕਰ ਦੀ ਪਛਾਣ ਨੂੰ ਇੱਕ ਵੱਖਰੇ ਰਾਜਨੀਤਿਕ ਉਦੇਸ਼ ਲਈ ਇੱਕ ਦਾਨੀ ਜਨਤਕ ਸ਼ਖਸੀਅਤ ਵਜੋਂ ਸਵੀਕਾਰ ਕੀਤਾ ਜਾਂਦਾ ਹੈ।

ਇਸ ਵੇਲੇ, ਅੰਬੇਡਕਰ ਦਾ ਨਾਮ ਭਾਰਤੀ ਸੰਵਿਧਾਨ ਨਾਲ ਜੋੜਿਆ ਜਾਂਦਾ ਹੈ। ਉਸਦੀ ਤਸਵੀਰ ਨੂੰ ਇੱਕ ਲੋਕਤੰਤਰੀ ਵਿਵਸਥਾ ਵਿੱਚ ਭਾਰਤੀ ਸੰਵਿਧਾਨ ਦੇ ਇੱਕ ਜੀਵਤ ਰੂਪ ਵਜੋਂ ਦਰਸਾਇਆ ਗਿਆ ਹੈ ਜੋ ਇੱਕ ਨਾਗਰਿਕ ਦੇ ਜੀਵਨ ਦੇ ਅਧਿਕਾਰ ਨੂੰ ਬਰਕਰਾਰ ਰੱਖਦਾ ਹੈ, ਜੋ ਕਿ ਬਹੁਗਿਣਤੀਵਾਦੀ ਤਾਨਾਸ਼ਾਹੀ ਦੇ ਉਲਟ ਹੈ। ਵਿਅੰਗਾਤਮਕ ਤੌਰ ‘ਤੇ, ਬਹੁਗਿਣਤੀਵਾਦੀ ਸਰਕਾਰ ਅੰਬੇਡਕਰ ਦੇ ਪਰਿਵਰਤਨਸ਼ੀਲ ਸੰਵਿਧਾਨਕ ਸਿਧਾਂਤਾਂ ਦੇ ਵਿਰੁੱਧ ਹੈ ਅਤੇ ਅੰਬੇਡਕਰਵਾਦੀਆਂ ਦੀਆਂ ਸੱਭਿਆਚਾਰਕ ਇੱਛਾਵਾਂ ਨੂੰ ਅਪਣਾਉਂਦੀ ਹੈ।

ਅੰਬੇਡਕਰਵਾਦੀਆਂ ਦੁਆਰਾ ਬਣਾਈ ਗਈ ਜਗ੍ਹਾ ਨੇ ਰਾਜਨੀਤਿਕ ਪਾਰਟੀਆਂ ਨੂੰ ਭਾਰਤੀ ਜਨਤਾ ਵਿੱਚ ਜਗ੍ਹਾ ਪ੍ਰਦਾਨ ਕਰਨ ਲਈ ਮਜਬੂਰ ਕਰ ਦਿੱਤਾ, ਹਾਲਾਂਕਿ ਭਾਰਤੀ ਸਮਾਜ ਸਵੀਕਾਰ ਕਰਨ ਤੋਂ ਝਿਜਕਦਾ ਹੈ। ਅੰਬੇਡਕਰ ਲਈ ਜਗ੍ਹਾ ਬਹੁਤ ਸੀਮਤ ਹੈ। ਇਹ ਇੱਕ ਵੱਖਰੀ ਜਗ੍ਹਾ ਵੀ ਹੈ। ਉਦਾਹਰਣ ਵਜੋਂ, ਅਕਾਦਮਿਕ ਖੇਤਰ ਵਿੱਚ ਅੰਬੇਡਕਰ ਦੀ ਸਕਾਲਰਸ਼ਿਪ ਲਈ ਬਹੁਤ ਘੱਟ ਜਗ੍ਹਾ ਹੈ। ਅਕਾਦਮਿਕ ਵਿਸ਼ਿਆਂ ਵਿੱਚ ਅੰਬੇਡਕਰ ਦੇ ਦ੍ਰਿਸ਼ਟੀਕੋਣ ਨੂੰ ਅਜੇ ਤੱਕ ਸਵੀਕਾਰ ਨਹੀਂ ਕੀਤਾ ਗਿਆ ਹੈ।

ਹਾਲਾਂਕਿ, ਹਾਲ ਹੀ ਦੇ ਸਾਲਾਂ ਵਿੱਚ, ਅੰਬੇਡਕਰ ਦੇ ਨਾਮ ‘ਤੇ ਸਕਾਲਰਸ਼ਿਪਾਂ ਦੀ ਗਿਣਤੀ ਵਧੀ ਹੈ। ਇਹ ਅੰਬੇਡਕਰਵਾਦੀ ਵਿਦਵਾਨਾਂ ਦੀ ਨਿਰੰਤਰ ਆਲੋਚਨਾ ਤੋਂ ਬਾਅਦ ਹੋਇਆ ਹੈ। ਅੰਬੇਡਕਰ ਦੀ ਸਕਾਲਰਸ਼ਿਪ ਨੂੰ ਇੱਕ ਸਰਵਵਿਆਪੀ-ਸੰਖੇਪ-ਆਮ ਸਿਧਾਂਤ ਵਜੋਂ ਨਹੀਂ ਮੰਨਿਆ ਜਾਂਦਾ ਹੈ ਪਰ ਇੱਕ ਤੰਗ ਵਰਗ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ, ਅਕਾਦਮਿਕ ਖੇਤਰ ਵਿੱਚ ਪ੍ਰਚਲਿਤ ਘਟਾਓਵਾਦੀ ਨਜ਼ਰੀਏ ਦੇ ਕਾਰਨ।

ਇੱਕ ਸ਼ਕਤੀਸ਼ਾਲੀ ਵਿਰੋਧੀ-ਸੱਭਿਆਚਾਰ, ਅੰਬੇਡਕਰ ਦੀ ਜਯੰਤੀ ਨੇ ਆਪਣਾ ਪ੍ਰਸਿੱਧ ਜਨਤਕ ਸੱਭਿਆਚਾਰ ਬਣਾਇਆ। ਇਸਨੂੰ ਦਲਿਤਾਂ ਦੁਆਰਾ ਇੱਕ ਪ੍ਰਸਿੱਧ ਜਨਤਕ ਦਿਵਸ ਵਜੋਂ ਅਰਥਪੂਰਨ ਤੌਰ ‘ਤੇ ਮਨਾਇਆ ਜਾਂਦਾ ਹੈ, ਜਦੋਂ ਕਿ ਉੱਚ ਜਾਤੀ ਦੀਆਂ ਰਾਜਨੀਤਿਕ ਪਾਰਟੀਆਂ ਇੱਕ ਸੰਕੇਤਕ ਸੰਕੇਤ ਪੇਸ਼ ਕਰਦੀਆਂ ਹਨ। ਪਿੰਡਾਂ ਅਤੇ ਕਸਬਿਆਂ ਵਿੱਚ ਅੰਬੇਡਕਰ ਦੀ ਮੌਜੂਦਗੀ ਦਲਿਤ ਹੋਂਦ ਦੀ ਪੁਸ਼ਟੀ ਹੈ। ਅੰਬੇਡਕਰ ਦੀ ਮੂਰਤੀ ਦੀ ਮੌਜੂਦਗੀ ਸਵੈ-ਮਾਣ ਦਾ ਦਾਅਵਾ ਹੈ ਅਤੇ ਮਨੁੱਖੀ ਸਮਾਨਤਾ ਅਤੇ ਮਾਣ ਦਾ ਐਲਾਨ ਹੈ।

ਨਾਮ—ਅੰਬੇਡਕਰ—ਇੱਕ ਭਾਵਪੂਰਨ ਜੈਵਿਕ ਬੰਧਨ ਹੈ ਜੋ ਲੱਖਾਂ ਹਾਸ਼ੀਏ ‘ਤੇ ਧੱਕੇ ਗਏ ਲੋਕਾਂ ਦੇ ਉੱਤਮ, ਅਨੰਦ ਅਤੇ ਦਿਲਾਸੇ ਅਤੇ ਰੋਜ਼ਾਨਾ ਜੀਵਨ ਅਤੇ ਸੰਘਰਸ਼ ਨਾਲ ਗੂੰਜਦਾ ਹੈ। ਸਵਾਲ ਇਹ ਹੈ ਕਿ ਬਾਕੀ ਭਾਰਤੀ ਲੋਕਾਂ ਵਿੱਚ ਅੰਬੇਡਕਰ ਬਾਰੇ ਜਨਤਕ ਧਾਰਨਾ ਕੀ ਹੈ? ਅੰਬੇਡਕਰ ਨੂੰ ਕਿਵੇਂ ਸਵੀਕਾਰ ਕੀਤਾ ਜਾਂਦਾ ਹੈ, ਇਸ ਲਈ, ਉਨ੍ਹਾਂ ਦੇ ਨਾਮ ਅਤੇ ਦਰਸ਼ਨ ਨੇ ਭਾਰਤੀਆਂ ਵਿੱਚ ਇੱਕ ਜਗ੍ਹਾ ਕਿਵੇਂ ਬਣਾਈ।

ਪਿਛਲੇ ਸਾਲਾਂ ਵਿੱਚ ਇਹ ਸਪੱਸ਼ਟ ਹੋ ਗਿਆ ਹੈ ਕਿ ਫੂਲੇ ਅਤੇ ਅੰਬੇਡਕਰ ਦੀ ਜਨਤਕ ਦ੍ਰਿਸ਼ਟੀ ਬ੍ਰਾਹਮਣਵਾਦੀ ਦਬਦਬੇ ਨੂੰ ਤੋੜਦੀ ਹੈ। ਇਸ ਲਈ, ਉਨ੍ਹਾਂ ਦੇ ਵਿਅਕਤੀਤਵ ਨੂੰ ਹੁਣ ਸੱਤਾਧਾਰੀ ਸ਼ਾਸਨ ਦੀ ਨਾਰਾਜ਼ਗੀ ਦੀ ਭਰਪਾਈ ਲਈ ਸੋਧਿਆ ਜਾ ਰਿਹਾ ਹੈ। ਇਹ ਵਿਰੋਧੀ ਸ਼ਕਤੀ ਬ੍ਰਾਹਮਣਵਾਦੀ ਜਨਤਕ ਸੱਭਿਆਚਾਰ ਵਿੱਚ ਜੜ੍ਹੀ ਹੋਈ ਹੈ। ਦਲੀਲ ਨਾਲ, ਫੂਲੇ ਅਤੇ ਅੰਬੇਡਕਰ ਦੀ ਕੋਈ ਵੀ ਜਨਤਕ ਪ੍ਰਤੀਨਿਧਤਾ ਵਿਅੰਗਿਤ, ਵਿਗਾੜੀ, ਸੈਂਸਰ ਕੀਤੀ ਗਈ ਹੈ, ਅਤੇ ਨਿਯੋਜਿਤ ਕੀਤੀ ਗਈ ਹੈ, ਸਦੀਆਂ ਪੁਰਾਣੀ ਆਰਥੋਡਾਕਸ ਬ੍ਰਾਹਮਣਵਾਦੀ ਮਾਨਸਿਕਤਾ ਨੂੰ ਉਜਾਗਰ ਕਰਦੀ ਹੈ। ਇਸਦੇ ਉਲਟ, ਫੂਲੇ ਅਤੇ ਅੰਬੇਡਕਰ ਦਾ ਦਾਰਸ਼ਨਿਕ ਭਾਸ਼ਣ ਸਮਾਜ ਵਿੱਚ ਇਨਕਲਾਬੀ ਤਬਦੀਲੀ ਨੂੰ ਦਰਸਾਉਂਦਾ ਹੈ, ਕੱਟੜਪੰਥੀ ਲੋਕਤੰਤਰ ਦੀ ਭਾਵਨਾ ਦੇ ਅਨੁਸਾਰ, ਵਿਰੋਧੀ-ਜਨਤਕ ਸੱਭਿਆਚਾਰ ਦੇ ਨਾਲ, ਅਤੇ ਬ੍ਰਾਹਮਣਵਾਦੀ ਜਨਤਕ ਸੱਭਿਆਚਾਰ ਦੇ ਵਿਰੁੱਧ ਇੱਕ ਆਲੋਚਨਾਤਮਕ ਚੇਤਨਾ ਪੈਦਾ ਕਰਦਾ ਹੈ। ਇਹ ਇੱਕ ਸਮਾਨਤਾਵਾਦੀ ਜਨਤਕ ਸੱਭਿਆਚਾਰ ਬਣਾਉਂਦਾ ਹੈ ਜੋ ਮਨੁੱਖੀ ਜ਼ਮੀਰ ਅਤੇ ਜਨਤਕ ਗੁਣਾਂ ਦੀ ਨੈਤਿਕਤਾ ਦਾ ਜਸ਼ਨ ਮਨਾਉਂਦਾ ਹੈ।

# ਯੁੱਧ ਨਸ਼ਿਆਂ ਵਿਰੁੱਧ ਮੁਹਿਮ ਅਧੀਨ 6 ਪਿੰਡਾਂ ਦੇ ਲੋਕਾਂ ਨੂੰ ਪ੍ਰਣ ਦਿਵਾਇਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com

ਬਠਿੰਡਾ 20 ਮਈ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੋਟਗੁਰੂ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਸੂਬੇ ਭਰ ਵਿੱਚ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚੱਲ ਰਹੀ ਹੈ। ਇਸ ਮੁਹਿੰਮ ਅਧੀਨ ਬਠਿੰਡਾ ਜਿਲ੍ਹੇ ਦੇ ਸਿਹਤ ਬਲਾਕ ਭਗਤਾ ਭਾਈਕਾ ਦੇ ਪਿੰਡਾਂ ਵਿੱਚ ਵੀ ਪਿੰਡ ਵਾਸੀਆਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।

ਪਿੰਡ ਕਾਂਗੜ ਗੋਸਪੁਰਾ ਦਿਆਲਪੁਰਾ ਭਾਈਕਾ ਭੋਡੀਪੁਰਾ ਕੋਇਰ ਸਿੰਘ ਵਾਲਾ ਅਤੇ ਆਕਲੀਆ ਜਲਾਲ ਵਿਖੇ ਐਮਐਲਏ ਬਲਕਾਰ ਸਿੰਘ ਦੀ ਪ੍ਰਧਾਨਗੀ ਹੇਠ ਪਿੰਡ ਵਾਸੀਆਂ ਨਾਲ ਮੀਟਿੰਗਾਂ ਕੀਤੀਆਂ ।ਇਸ ਮੌਕੇ ਲੋਕਾਂ ਨੂੰ ਐਮਐਲਏ ਬਲਕਾਰ ਸਿੰਘ ਵੱਲੋਂ ਨਸ਼ਾ ਨਾ ਵਰਤਣ ਦਾ ਪ੍ਰਣ ਲੋਕਾਂ ਨੂੰ ਕਰਵਾਇਆ ਗਿਆ। ਐਮ ਐਲ ਏ ਬਲਕਾਰ ਸਿੰਘ ਨੇ



ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਪਿੰਡ ਵਿੱਚ ਨਸ਼ਿਆਂ ਦੇ ਸੌਦਾਗਰਾਂ ਸਬੰਧੀ ਪੁਲਿਸ ਨੂੰ ਸੂਚਿਤ ਕਰਨ। ਨਸ਼ਾ ਤਸਕਰਾਂ ਨੂੰ ਸਖਤੀ ਨਾਲ ਕਿਤਾਬ ਨਹੀਂ ਦਿੱਤੀ ਜੋ ਇਹ ਕੰਮ ਬੰਦ ਕਰ ਦੇਣ ਉਹ ਸਲਾਖਾ ਪਿੱਛੇ ਧੱਕਦੇ ਤੇ ਜਾਣਗੇ ਉਹਨਾਂ ਕਿਹਾ ਕਿ ਜਲਦ ਹੀ ਹਲਕਾ ਰਾਮਪੁਰਾ ਵਿੱਚ ਨਸ਼ਾ ਤਸਕਰਾਂ ਦੇ ਘਰਾਂ ਨੂੰ ਢਾਉਣ ਦੇ ਕਾਰਵਾਈ ਕੀਤੀ ਜਾ ਰਹੀ ਹੈ।

ਇਸ ਦੌਰਾਨ ਸਿਹਤ ਵਿਭਾਗ ਤੋਂ ਪਹੁੰਚੇ ਬੁਲਾਕ ਭਗਤਾ ਭਾਈਕਾ ਦੇ ਬੁਲਾਰੇ ਮਾਲਵਿੰਦਰ ਸਿੰਘ ਤਿਊਣਾ ਅਤੇ ਕੁਲਵਿੰਦਰ ਕੌਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਿਹਤ ਵਿਭਾਗ ਵੱਲੋਂ ਤਿੰਨ ਪੜਾਵਾਂ ਉੱਪਰ ਲੋਕਾਂ ਦੇ ਨਸ਼ਾ ਛਡਾਉਣਾ ਦੀਆਂ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਪਹਿਲੇ ਪੱਧਰ ਉੱਪਰ ਬਲਾਕ ਅਤੇ ਸਬ ਡਿਵੀਜ਼ਨ ਪੱਧਰ ਉੱਪਰ ਓਟ ਕਲੀਨਿਕ ਕੰਮ ਕਰ ਰਹੇ ਹਨ। ਇੱਥੇ ਮਰੀਜ਼ਾਂ ਨੂੰ ਆਈਡੀ ਕਾਰਡ ਬਣਾ ਕੇ ਰੋਜ਼ਾਨਾ ਦਵਾਈ ਦਿੱਤੀ ਜਾਂਦੀ ਹੈ । ਜਿਲਾ ਪੱਧਰ ਉੱਪਰ ਨਸ਼ਾ ਛਡਾਊ ਕੇਂਦਰ ਕਾਰਜ ਕਰ ਰਹੇ ਹਨ। ਇਹ ਕੇਂਦਰ ਹਰੇਕ ਜਿਲੇ ਵਿੱਚ ਜਿਲਾ ਪੱਧਰ ਉੱਪਰ ਸਥਾਪਿਤ ਹੈ। ਇਥੇ ਵੱਧ ਮਾਤਰਾ ਵਿੱਚ ਨਸ਼ਾ ਲੈਣ ਵਾਲੇ ਲੋਕਾਂ ਨੂੰ ਦਾਖਲ ਕੀਤਾ ਜਾਂਦਾ ਹੈ । ਉਹਨਾਂ ਦਾ ਇਲਾਜ ਕੀਤਾ ਜਾਂਦਾ ਹੈ । ਇਸੇ ਤਰ੍ਹਾਂ ਤੀਜੇ ਪੱਧਰ ਉੱਪਰ ਰੀਹੈਬਿਟੇਸਨ ਸੈਂਟਰ ਕੰਮ ਕਰ ਰਹੇ ਹਨ। ਇਥੇ ਜਿਲਾ ਪੱਧਰ ਉੱਪਰ ਨਸ਼ਾ ਛੱਡਣ ਵਾਲੇ ਲੋਕਾਂ ਨੂੰ ਰੱਖਿਆ ਜਾਂਦਾ ਹੈ ਅਤੇ ਉਹਨਾਂ ਨੂੰ ਵੱਖ ਵਖ ਕੰਮਾਂ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ। ਇੱਥੇ ਟ੍ਰੇਨਿੰਗ ਲੈਣ ਤੋਂ ਬਾਅਦ ਵਿਅਕਤੀ ਆਪਣਾ ਕੰਮ ਕਰਨ ਜਾਂ ਪ੍ਰਾਈਵੇਟ ਨੌਕਰੀ ਕਰਨ ਦੇ ਯੋਗ ਹੋ ਜਾਂਦਾ ਹੈ। ਇਸ ਮੌਕੇ ਉਹਨਾਂ ਸੱਦਾ ਦਿੱਤਾ ਕਿ ਸਿਹਤ ਵਿਭਾਗ ਸਬੰਧੀ ਕੋਈ ਵੀ ਜਾਣਕਾਰੀ ਲੈਣ ਲਈ 108 ਟੋਲ ਫਰੀ ਨੰਬਰ ਉੱਪਰ ਕਦੋਂ ਵ ਸੰਪਰਕ ਕੀਤਾ ਜਾ ਸਕਦਾ ਹੈ।ਇਸ ਮੌਕੇ ਮੈਡੀਕਲ ਅਫ਼ਸਰ ਡਾਕਟਰ ਰਾਜੀਵ ਗਰਗ,ਹਰਜਿੰਦਰ ਕੌਰ,ਹਰਪਾਲ ਕੌਰ,ਜਸਬੀਰ ਸਿੰਘ, ਰਾਮ ਗੋਪਾਲ ਜੇਠੀ, ਸੰਜਣਾ ਨਵਰੂਪ ਕੌਰ,ਕੁਲਦੀਪ ਕੌਰ,ਅਮਰੀਕ ਸਿੰਘ ਜਗਮੋਹਨ ਸਿੰਘ, ਮਲਕੀਤ ਸਿੰਘ,ਸੁਖਮੰਦਰ ਸਿੰਘ, ਅਤੇ ਸਮੂਹ ਆਸ਼ਾ ਵਰਕਰ ਹਾਜ਼ਰ ਸਨ।

# ਪੰਜਾਬ ਸਫਾਈ ਮਜ਼ਦੂਰ ਫੈਡਰੇਸ਼ਨ ਦੇ ਹੁਕਮਾਂ ਅਨੁਸਾਰ ਸਫ਼ਾਈ ਸੇਵਕਾਂ ਵੱਲੋਂ ਕੰਮ ਛੋੜ ਹੜਤਾਲ ਦਾ ਦਿੱਤਾ ਮੰਗ ਪੱਤਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com



20ਮਈ (ਬੇਅੰਤ ਸਿੰਘ ਰੋਹਟੀ ਖਾਸ) ਸਫਾਈ ਸੇਵਕਾਂ ਵੱਲੋਂ ਨਗਰ ਕੌਂਸਲ ਨਾਭਾ ਵਿੱਚ ਜੋ ਪੰਜਾਬ ਸਰਕਾਰ ਦੇ ਪੱਤਰ ਰਾਹੀਂ ਨਗਰ ਕੌਂਸਲਾਂ ਦੇ ਵਿੱਚ ਸਫਾਈ ਸੇਵਕਾਂ ਦੇ ਉੱਪਰ 140 ਰਿਟਾਇਰ ਫੌਜੀ ਸੁਪਰਵਾਈਜ਼ਰ ਦੇ ਤੌਰ ਤੇ ਲਗਾਏ ਗਏ ਹਨ ਉਹਨਾਂ ਦੇ ਵਿਰੋਧ ਵਿੱਚ ਪੰਜਾਬ ਸਫਾਈ ਮਜ਼ਦੂਰ ਫੈਡਰੇਸ਼ਨ ਪੰਜਾਬ ਦੇ ਹੁਕਮਾਂ ਅਨੁਸਾਰ ਕੰਮ ਛੋੜ ਹੜਤਾਲ ਦਾ ਮੰਗ ਪੱਤਰ ਦੇ ਕੇ ਅਨਮਿਥੇ ਸਮੇਂ ਲਈ ਪ੍ਰਧਾਨ ਸੁਨੀਲ ਗਾਗਟ ਅਤੇ ਪ੍ਰਧਾਨ ਅਜੇ ਹੰਸ ਵੱਲੋਂ ਆਪਣੇ ਸਾਰੇ ਮੁਲਾਜ਼ਮ ਸਾਥੀਆਂ ਨੂੰ ਲੈ ਕੇ ਹੜਤਾਲ ਕੀਤੀ ਗਈ ਅਤੇ ਪ੍ਰਧਾਨ ਸੁਨੀਲ ਗਾਗਟ ਨੇ ਰੋਸ ਜਾਹਿਰ ਕਰਦੇ ਕਿਹਾ ਕਿ ਪੰਜਾਬ ਸਰਕਾਰ ਨੇ ਜੇਕਰ ਸੁਪਰਵਾਈਜ਼ਰ ਲਗਾਏ ਸਨ ਤਾਂ ਉਹ ਸਾਡੇ ਪੜ੍ਹੇ ਲਿਖੇ ਸਫਾਈ ਸੇਵਕਾਂ ਦੇ ਵਿੱਚੋਂ ਹੀ ਲਗਾਏ ਜਾਂਦੇ ਸਾਡੇ ਸਫਾਈ ਸੇਵਕਾਂ ਨੂੰ ਤਰੱਕੀ ਦਿੱਤੀ ਜਾਂਦੀ ਪਰ ਪੰਜਾਬ ਸਰਕਾਰ ਨੇ ਸਾਡੇ ਵਾਲਮੀਕੀ ਸਮਾਜ ਨੂੰ ਸਾਡੇ ਮੁਲਾਜ਼ਮ ਭਾਈਚਾਰੇ ਨੂੰ ਨਜ਼ਰ ਅੰਦਾਜ਼ ਕਰਕੇ ਜੋ ਰਿਟਾਇਰ ਫੌਜੀ ਜੋ ਆਪਣੀ ਪੈਨਸ਼ਨ ਵੀ ਲੇ ਰਹੇ ਸਨ ਜਿਨਾਂ ਕੋਲ ਇਨਕਮ ਸੋਰਸ ਆਪਣੇ ਪਰਿਵਾਰ ਨੂੰ ਪਾਲਣ ਦੇ ਲਈ ਹੈ ਅਤੇ ਜੇਕਰ ਸਾਡੇ ਮੁਲਾਜਮ ਨੂੰ ਤਰੱਕੀ ਦਿੱਤੀ ਜਾਂਦੀ ਤਾਂ ਉਸ ਦੀ ਤਨਖਾਹ ਦੇ ਵਿੱਚ ਵਾਧਾ ਹੁੰਦਾ ਪਰ ਸਰਕਾਰ ਨੂੰ ਇਹ ਬਿਲਕੁਲ ਵੀ ਮਨਜ਼ੂਰ ਨਹੀਂ ਕਿ ਸਾਡਾ ਵਾਲਮੀਕੀ ਭਾਈਚਾਰਾ ਕਿਸੇ ਤਰੱਕੀ ਦੀ ਰਾਹ ਤੇ ਅੱਗੇ ਵਧੇ ਪੂਰੇ ਪੰਜਾਬ ਵਿੱਚ ਰਿਟਾਇਰ ਫੌਜੀਆਂ ਨੂੰ ਨਗਰ ਕੌਂਸਲਾਂ ਵਿੱਚ ਭੇਜ ਕੇ ਸਾਡੇ ਸਾਰੇ ਮੁਲਾਜ਼ਮ ਭਾਈਚਾਰੇ ਦਾ ਸ਼ੋਸ਼ਣ ਕੀਤਾ ਗਿਆ ਜਿਸ ਦਾ ਵਿਰੋਧ ਅੱਜ ਸਾਰਾ ਪੰਜਾਬ ਕਰ ਰਿਹਾ ਹੈ ਅੱਜ 19 ਤਰੀਕ ਨੂੰ ਸੰਘਰਸ਼ ਸ਼ੁਰੂ ਹੋ ਚੁੱਕਿਆ ਹੈ ਇਹ ਅਣਮਿਥੇ ਸਮੇਂ ਦੀ ਕੰਮ ਛੋੜ ਹੜਤਾਲ ਦਾ ਹੈ ਜਦੋਂ ਤੱਕ ਇਹ ਪੈਸਕੋ ਕੰਪਨੀ ਦੇ ਥਰੂ ਜੋ ਸੁਪਰਵਾਈਜ਼ਰ ਲਗਾਏ ਗਏ ਸਨ ਇਹਨਾਂ ਨੂੰ ਸਰਕਾਰ ਵਾਪਸ ਨਹੀਂ ਲੈਂਦੀ ਅਤੇ ਜਦੋਂ ਤੱਕ ਸਾਡੀਆਂ ਮੰਗਾਂ ਦਾ ਨਿਪਟਾਰਾ ਨਹੀਂ ਹੁੰਦਾ ਉਦੋਂ ਤੱਕ ਅਸੀਂ ਇਹ ਹੜਤਾਲ ਨਹੀਂ ਤੋੜਾਂਗੇ ਅਤੇ ਹੜਤਾਲ ਵਿੱਚ ਸ਼ਾਮਿਲ ਹੋਣ ਵਾਲੇ ਸਾਥੀ ਸਾਹਿਬਾਨ ਸਫਾਈ ਮੇਟ ਪਰਮਿੰਦਰ ਕੁਮਾਰ, ਕ੍ਰਿਸ਼ਨ ਕੁਮਾਰ, ਸੁਭਾਸ਼ ਕੁਮਾਰ, ਬਿਕਰਮਜੀਤ ਸਿੰਘ, ਅਮਰ ਸਿੰਘ, ਰਾਧੇ ਸ਼ਾਮ,ਰਜੇਸ਼ ਕੁਮਾਰ, ਮੰਗਾ ਰਾਮ, ਕਰਮਵੀਰ ਸਿੰਘ,ਰੋਹਿਤ ਕੁਮਾਰ, ਦੀਪਕ ਕੁਮਾਰ,ਕਰਨ ਕੁਮਾਰ, ਪ੍ਰਿੰਸ ਕੁਮਾਰ,ਚੰਦ ਸਿੰਘ,ਅਤੇ ਹੋਰ ਬੇਬੀਆਂ ਸਾਹਿਬਾਨ ਅਤੇ ਹੋਰ ਸਾਥੀ ਸ਼ਾਮਿਲ ਸਨ

# ਸਪੱਸ਼ਟ ਹਦਾਇਤਾਂ ਦੀ ਘਾਟ ਕਾਰਣ ਮਨਜ਼ੂਰਸ਼ੁਦਾ ਅਤੇ ਸਰਪਲੱਸ ਅਸਾਮੀਆਂ ਦੀ ਜਾਣਕਾਰੀ ਅਪਡੇਟ ਕਰਨਾ ਸੰਭਵ ਨਹੀਂ : ਡੀ ਟੀ ਐੱਫ

## ਸਪੱਸ਼ਟ ਹਦਾਇਤਾਂ ਦੇ ਨਾਲ ਨਾਲ ਅਸਾਮੀਆਂ ਦੇ ਵੇਰਵੇ ਅਪਡੇਟ ਕਰਨ ਦੀ ਅੰਤਿਮ ਮਿਤੀ 25 ਮਈ ਕੀਤੀ ਜਾਵੇ: ਡੀਟੀਐੱਫ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com



ਦਲਜੀਤ ਕੌਰ

ਚੰਡੀਗੜ੍ਹ, 20 ਮਈ, 2025: ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਨੇ ਸਿੱਖਿਆ ਵਿਭਾਗ ਵੱਲੋਂ ਸਕੂਲ ਮੁਖੀਆਂ ਨੂੰ ਈ ਪੰਜਾਬ ਪੋਰਟਲ 'ਤੇ ਸਕੂਲ ਵਿਚਲੀਆਂ ਮਨਜ਼ੂਰਸ਼ੁਦਾ ਅਸਾਮੀਆਂ ਅਤੇ ਸਰਪਲੱਸ ਅਸਾਮੀਆਂ ਬਾਰੇ ਜਾਣਕਾਰੀ ਅਪਡੇਟ ਕਰਨ ਦੇ ਦਿੱਤੇ ਆਦੇਸ਼ਾਂ ਨੂੰ ਅਧੂਰੇ ਆਦੇਸ਼ ਦੱਸਦਿਆਂ ਮੰਗ ਕੀਤੀ ਕਿ ਇੰਨ੍ਹਾਂ ਹੁਕਮਾਂ ਦੇ ਨਾਲ ਨਾਲ ਸਿੱਖਿਆ ਵਿਭਾਗ ਸਪਸ਼ਟ ਹਦਾਇਤਾਂ ਜਾਰੀ ਕਰੇ ਕਿ ਅਸਾਮੀਆਂ ਦੀ ਗਿਣਤੀ ਕਿਸ ਅਧਾਰ 'ਤੇ ਕੀਤੀ ਜਾਣੀ ਹੈ।

ਇਸ ਬਾਰੇ ਵਿਸਤ੍ਰਿਤ ਜਾਣਕਾਰੀ ਦਿੰਦਿਆਂ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਦੱਸਿਆ ਕਿ ਸਿੱਖਿਆ ਵਿਭਾਗ ਵੱਲੋਂ ਜਾਰੀ ਪੱਤਰ ਅਨੁਸਾਰ ਸਕੂਲ ਮੁਖੀਆਂ ਵੱਲੋਂ ਈ ਪੰਜਾਬ ਪੋਰਟਲ 'ਤੇ ਸਕੂਲ ਵਿਚਲੀਆਂ ਮਨਜ਼ੂਰਸ਼ੁਦਾ ਅਸਾਮੀਆਂ ਅਤੇ ਸਰਪਲੱਸ ਅਸਾਮੀਆਂ ਬਾਰੇ ਜਾਣਕਾਰੀ 20 ਮਈ ਤੱਕ ਅਪਡੇਟ ਕੀਤੀ ਜਾਣੀ ਹੈ। ਇਹ ਜਾਣਕਾਰੀ ਅਪਡੇਟ ਕਰਨ ਤੋਂ ਪਹਿਲਾਂ ਉਨ੍ਹਾਂ ਕੋਲ ਅਸਾਮੀ ਦੇ ਬਣਨ ਜਾਂ ਸਰਪਲੱਸ ਹੋਣ ਬਾਰੇ ਸਪਸ਼ਟ ਹਦਾਇਤਾਂ ਹੋਣੀਆਂ ਜ਼ਰੂਰੀ ਹਨ। ਇਸ ਸਬੰਧੀ ਸਕੂਲ ਮੁਖੀਆਂ ਵੱਲੋਂ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨਾਲ ਗੱਲਬਾਤ ਕਰਕੇ ਜਾਣਕਾਰੀ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਵਿਭਾਗ ਵੱਲੋਂ ਸਪਸ਼ਟ ਹਦਾਇਤਾਂ ਨਾ ਹੋਣ ਕਾਰਣ ਉਨ੍ਹਾਂ ਵੱਲੋਂ ਵੀ ਸਕੂਲ ਮੁਖੀਆਂ ਨੂੰ ਸਪਸ਼ਟ ਜਵਾਬ ਨਹੀਂ ਦਿੱਤਾ ਜਾ ਰਿਹਾ ਜਿਸ ਕਾਰਣ ਸੂਬੇ ਭਰ ਦੇ ਸਕੂਲ ਮੁਖੀਆਂ ਵੱਲੋਂ ਆਪਣੇ ਵੱਖ ਵੱਖ ਗਰੁੱਪਾਂ ਰਾਹੀਂ ਇੱਕ ਦੂਜੇ ਤੋਂ ਇਸ ਬਾਰੇ ਜਾਣਕਾਰੀ ਲੈਣ ਲਈ ਸੰਪਰਕ ਕੀਤੇ ਜਾ ਰਹੇ ਹਨ ਪਰ ਵਿਭਾਗ ਦੀ ਸਪਸ਼ਟ ਹਦਾਇਤਾਂ ਦੀ ਘਾਟ ਕਾਰਨ ਸਮੱਸਿਆ ਜਿਉਂ ਦੀ ਤਿਉਂ ਹੀ ਬਣੀ ਹੋਈ ਹੈ।

ਡੀਟੀਐੱਫ ਦੇ ਸੂਬਾਈ ਮੀਤ ਪ੍ਰਧਾਨਾਂ ਗੁਰਪਿਆਰ ਕੋਟਲੀ, ਰਾਜੀਵ ਬਰਨਾਲਾ, ਜਗਪਾਲ ਬੰਗੀ, ਬੇਅੰਤ ਫੂਲੇਵਾਲਾ, ਹਰਜਿੰਦਰ ਵਡਾਲਾ ਬਾਂਗਰ, ਰਘਵੀਰ ਭਵਾਨੀਗੜ੍ਹ, ਸੰਯੁਕਤ ਸਕੱਤਰਾਂ ਮੁਕੇਸ਼ ਕੁਮਾਰ, ਜਸਵਿੰਦਰ ਔਜਲਾ ਤੇ ਕੁਲਵਿੰਦਰ ਜੋਸ਼ਨ, ਪ੍ਰੈੱਸ ਸਕੱਤਰ ਪਵਨ ਕੁਮਾਰ ਮੁਕਤਸਰ, ਸੂਬਾਈ ਆਗੂਆਂ ਸੁਖਦੇਵ ਡਾਨਸੀਵਾਲ ਅਤੇ ਤਜਿੰਦਰ ਕਪੂਰਥਲਾ ਨੇ ਨੇ ਸਿੱਖਿਆ ਵਿਭਾਗ ਪੰਜਾਬ ਪਾਸੋਂ ਮੰਗ ਕੀਤੀ ਕਿ ਇਸ ਸਬੰਧੀ ਵਿਭਾਗ ਵੱਲੋ ਸਪਸ਼ਟ ਹਦਾਇਤਾਂ ਜਾਰੀ ਕੀਤੀਆਂ ਜਾਣ, ਜਿੰਨ੍ਹਾਂ ਵਿੱਚ ਪ੍ਰਾਇਮਰੀ ਪੱਧਰ 'ਤੇ ਜਮਾਤ ਵਾਇਜ਼ ਅਧਿਆਪਕ, ਮਿਡਲ ਪੱਧਰ 'ਤੇ ਅਤੇ ਸੈਕੰਡਰੀ ਪੱਧਰ 'ਤੇ ਸੈਕਸ਼ਨ ਅਤੇ ਵਿਸ਼ਾ ਵਾਇਜ਼ ਅਧਿਆਪਕ ਦਿੰਦਿਆਂ ਅਸਾਮੀਆਂ ਦੀ ਗਿਣਤੀ ਕੀਤੀ ਜਾਵੇ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਸਕੂਲਾਂ ਵਿੱਚ ਨੌਂ ਪੀਰੀਅਡਾਂ ਵਾਲਾ ਟਾਇਮ ਟੇਬਲ ਬਹਾਲ ਕਰਨ ਦੇ ਨਾਲ ਨਾਲ ਹਰ ਸਕੂਲ ਵਿੱਚ ਹਰੇਕ ਪੜ੍ਹਾਏ ਜਾ ਰਹੇ ਹਰੇਕ ਵਿਸ਼ੇ ਦੀ ਘੱਟੋ ਘੱਟ ਇੱਕ ਅਸਾਮੀ ਲਾਜ਼ਮੀ ਤੌਰ 'ਤੇ ਦੇਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣ ਅਤੇ ਈ ਪੰਜਾਬ ਪੋਰਟਲ 'ਤੇ ਅਸਾਮੀਆਂ ਅਪਡੇਟ ਕਰਨ ਦੀ ਅੰਤਿਮ ਮਿਤੀ 20 ਮਈ ਤੋਂ ਵਧਾ ਕੇ 25 ਮਈ ਕੀਤੀ ਜਾਵੇ।

# 'ਯੁੱਧ ਨਸ਼ਿਆਂ ਵਿਰੁੱਧ', ਪਟਿਆਲਾ ਪੁਲਿਸ ਨੇ ਨਸ਼ਾ ਤਸਕਰਾਂ ਵੱਲੋਂ ਬਣਾਈਆਂ ਨਜਾਇਜ਼ ਉਸਾਰੀ ਨੂੰ ਢੁਹਾਇਆ

## ਨਸ਼ਾ ਤਸਕਰਾਂ ਵੱਲੋਂ ਨਸ਼ਿਆਂ ਦੀ ਸਪਲਾਈ ਕਰਨ ਲਈ ਉਸਾਰੇ ਕਮਰਿਆਂ 'ਤੇ ਚੱਲਿਆ ਪੀਲਾ ਪੰਜਾ, -8 ਮੁਲਜ਼ਮਾਂ ਖ਼ਿਲਾਫ਼ ਦਰਜ ਨੇ 75 ਮੁਕੱਦਮੇ, -ਨਸ਼ਿਆਂ ਦੀ ਕਮਾਈ ਨਾਲ ਕੀਤੀਆਂ ਨਜਾਇਜ਼ ਉਸਾਰੀਆਂ 'ਤੇ ਹੋਵੇਗੀ ਸਖ਼ਤ ਕਾਰਵਾਈ : ਐਸ.ਐਸ.ਪੀ.

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com



ਨਾਭਾ, 20 ਮਈ: (ਬਾਂਗਾਂ / ਬੇਅੰਤ ਸਿੰਘ ਰੋਹਟੀ ਖਾਸ)

ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪਟਿਆਲਾ ਪੁਲਿਸ ਨੇ ਜ਼ਿਲ੍ਹਾ ਪੁਲਿਸ ਮੁਖੀ ਵਰੁਣ ਸ਼ਰਮਾ ਦੀ ਅਗਵਾਈ ਹੇਠ ਨਾਭਾ ਦੇ ਪਿੰਡ ਰੋਹਟੀ ਛੰਨਾ ਵਿਖੇ ਵੱਡੀ ਕਾਰਵਾਈ ਕਰਦਿਆਂ ਅੱਠ ਨਸ਼ਾ ਤਸਕਰਾਂ ਦੀਆਂ ਸਰਕਾਰੀ ਜ਼ਮੀਨ 'ਤੇ ਹੋਈਆਂ ਨਜਾਇਜ਼ ਉਸਾਰੀਆਂ ਨੂੰ ਢਾਹ ਦਿੱਤਾ ਹੈ।

ਇਸ ਮੌਕੇ ਐਸ.ਐਸ.ਪੀ. ਵਰੁਣ ਸ਼ਰਮਾ ਨੇ ਦੱਸਿਆ ਕਿ ਨਾਭਾ ਦੇ ਪਿੰਡ ਰੋਹਟੀ ਛੰਨਾ ਵਿਖੇ ਨਸ਼ਾ ਤਸਕਰਾਂ ਵੱਲੋਂ ਜਲ ਸਰੋਤ ਵਿਭਾਗ ਦੀ ਜਗ੍ਹਾ 'ਤੇ ਕਮਰੇ ਬਣਾਏ ਹੋਏ ਸਨ, ਤੇ ਇਨ੍ਹਾਂ ਕਮਰਿਆਂ ਦੀ ਵਰਤੋਂ ਨਸ਼ਾ ਸਪਲਾਈ ਕਰਨ ਲਈ ਕੀਤੀ ਜਾ ਰਹੀ ਸੀ, ਜਿਸ ਨੂੰ ਅੱਜ ਪਟਿਆਲਾ ਪੁਲਿਸ ਵੱਲੋਂ ਜਲ ਸਰੋਤ ਵਿਭਾਗ ਦੇ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਢਾਹਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਅੱਠ ਵਿਅਕਤੀਆਂ ਦੀਆਂ ਉਸਾਰੀਆਂ ਨੂੰ ਅੱਜ ਢਾਇਆ ਗਿਆ ਹੈ, ਉਨ੍ਹਾਂ 'ਤੇ ਵੱਖ ਵੱਖ ਧਾਰਾਵਾਂ ਤਹਿਤ 75 ਮੁਕੱਦਮੇ ਦਰਜ ਹਨ।

ਉਨ੍ਹਾਂ ਨਜਾਇਜ਼ ਉਸਾਰੀ ਵਾਲੇ ਨਸ਼ਾ ਤਸਕਰਾਂ ਦੇ ਵੇਰਵੇ ਸਾਂਝੇ ਕਰਦਿਆਂ ਦੱਸਿਆ ਕਿ ਪ੍ਰੇਮ ਸਿੰਘ ਉਰਫ਼ ਕਾਕਾ 'ਤੇ 13 ਮੁਕੱਦਮੇ, ਛੋਟੀ ਕੌਰ ਪਤਨੀ ਪ੍ਰੇਮ ਸਿੰਘ 'ਤੇ 9 ਮੁਕੱਦਮੇ, ਅਮਰਪਾਲ ਸਿੰਘ ਉਰਫ਼ ਬੁੱਲੀ 'ਤੇ 11 ਮੁਕੱਦਮੇ, ਸਰਬਜੀਤ ਕੌਰ ਉਰਫ਼ ਰੋਡੀ ਪਤਨੀ ਅਮਰਪਾਲ ਸਿੰਘ 'ਤੇ 13 ਮੁਕੱਦਮੇ, ਹਰਮੇਲ ਸਿੰਘ ਉਰਫ਼ ਬੰਟੀ 'ਤੇ 5 ਮੁਕੱਦਮੇ, ਅਮਰਜੀਤ ਕੌਰ ਉਰਫ਼ ਅਮਰੋ 'ਤੇ 7 ਮੁਕੱਦਮੇ, ਪਰਮਜੀਤ ਕੌਰ ਉਰਫ਼ ਭੇਲੀ 'ਤੇ 10 ਮੁਕੱਦਮੇ ਅਤੇ ਅਮਨਦੀਪ ਸਿੰਘ ਉਰਫ਼ ਕਾਲੂ 'ਤੇ 7 ਮੁਕੱਦਮੇ ਦਰਜ਼ ਹਨ।

ਐਸ.ਐਸ.ਪੀ ਵਰੁਣ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਜਵਾਨੀ ਨੂੰ ਨਸ਼ਿਆਂ ਦੀ ਗ੍ਰਿਫ਼ਤ ਵਿੱਚੋਂ ਕੱਢਣ ਲਈ ਪੂਰੀ ਦ੍ਰਿੜਤਾ ਨਾਲ ਕੰਮ ਕਰ ਰਹੀ ਹੈ ਅਤੇ ਸੂਬੇ ਦੀ ਜਵਾਨੀ ਨੂੰ ਨਸ਼ਿਆਂ ਦੇ ਦਲ ਦਲ ਵਿੱਚ ਫਸਾਉਣ ਵਾਲੇ ਨਸ਼ਾ ਤਸਕਰਾਂ ਨੂੰ ਕਿਸੇ ਵੀ ਹਾਲਤ ਵਿੱਚ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਨਸ਼ਾ ਤਸਕਰਾਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਨਸ਼ੇ ਵੇਚਣ ਦਾ ਕੰਮ ਛੱਡ ਦੇਣ ਨਹੀਂ ਤਾਂ ਉਨ੍ਹਾਂ ਵਿਰੁੱਧ ਵੀ ਇਹੋ ਜਿਹੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ "ਯੁੱਧ ਨਸ਼ਿਆਂ ਵਿਰੁੱਧ ਮੁਹਿੰਮ" ਨਿਰੰਤਰ ਜਾਰੀ ਰਹੇਗੀ ਅਤੇ ਨਸ਼ਿਆਂ ਦੀ ਕਮਾਈ ਨਾਲ ਕੀਤੀਆਂ ਨਜਾਇਜ਼ ਉਸਾਰੀਆਂ 'ਤੇ ਇਸੇ ਤਰ੍ਹਾਂ ਪੀਲਾ ਪੰਜਾ ਚਲਾਉਣ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਦੇ ਕਾਰੋਬਾਰੀਆਂ ਦੀ ਸ਼ਿਕਾਇਤ ਕਰਨ ਲਈ ਆਪਣੇ ਨੇੜਲੇ ਪੁਲਿਸ ਸਟੇਸ਼ਨ ਵਿਖੇ ਸੰਪਰਕ ਕੀਤਾ ਜਾਵੇ। ਉਹਨਾਂ ਇਹ ਅਪੀਲ ਵੀ ਕੀਤੀ ਕਿ ਜੇਕਰ ਕੋਈ ਵਿਅਕਤੀ ਨਸ਼ੇ ਦੀ ਦਲ ਦਲ ਵਿੱਚ ਫਸ ਗਿਆ ਹੈ ਤਾਂ ਉਸ ਦਾ ਨਸ਼ਾ ਛੁਡਵਾਉਣ ਲਈ ਸਰਕਾਰੀ ਨਸ਼ਾ ਛੁਡਾਊ ਕੇਂਦਰ ਵਿੱਚ ਲਿਆਂਦਾ ਜਾਵੇ।

ਇਸ ਮੌਕੇ ਐਸ.ਪੀ. ਡੀ. ਗੁਰਬੰਸ ਸਿੰਘ ਬੈਂਸ, ਡੀਐਸਪੀ ਨਾਭਾ ਮਨਦੀਪ ਕੌਰ, ਐਸ.ਐਚ.ਓ ਸਦਰ ਨਾਭਾ ਗੁਰਪ੍ਰੀਤ ਸਿੰਘ ਸਮਰਾਓ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਪੁਲਿਸ ਮੁਲਾਜ਼ਮ ਹਾਜ਼ਰ ਸਨ।

# ਨਸ਼ਾ ਮੁਕਤੀ ਯਾਤਰਾ 12 ਹੋਰ ਪਿੰਡਾਂ ਦੇ ਲੋਕਾਂ ਨੇ ਨਸ਼ੇ ਵਿਰੁੱਧ ਲੜਾਈ ਦਾ ਹਲਫ ਲਿਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com

ਫਗਵਾੜਾ 19 ਮਈ (ਸ਼ਿਵ ਕੌੜਾ) ਪੰਜਾਬ ਸਰਕਾਰ ਵਲੋਂ ਨਸ਼ੇ ਦੇ ਖਾਤਮੇ ਲਈ ਸ਼ੁਰੂ ਕੀਤੀ ਗਈ 'ਨਸ਼ਾ ਮੁਕਤੀ ਯਾਤਰਾ' ਤਹਿਤ ਅੱਜ ਕਪੂਰਥਲਾ ਜਿਲ੍ਹੇ ਦੇ 12 ਪਿੰਡਾਂ ਵਿਚ ਸਭਾਵਾਂ ਕਰਕੇ ਲੋਕਾਂ ਨੂੰ ਨਸ਼ੇ ਦੇ ਮਾੜੇ ਪ੍ਰਭਾਵ ਬਾਰੇ ਜਾਗਰੂਕ ਕੀਤਾ ਗਿਆ ਤੇ ਨਸ਼ੇ ਵਿਰੁੱਧ ਲੜਾਈ ਵਿਚ ਸਰਗਰਮ ਭੂਮਿਕਾ ਨਿਭਾਉਣ ਦਾ ਅਹਿਦ ਦਿਵਾਇਆ ਗਿਆ ਕਪੂਰਥਲਾ ਹਲਕੇ ਦੇ ਪਿੰਡਾਂ ਬੂਟ, ਰੁਪਨਪੁਰ ਤੇ ਠੇਕਰੀਵਾਲ, ਭੁਲੱਥ ਹਲਕੇ ਦੇ ਪਿੰਡਾਂ ਮਿਆਣੀ , ਬੁੱਢਾ ਥੇਹ ਤੇ ਫੱਤੂਢੱਕ, ਸੁਲਤਾਨਪੁਰ ਲੋਧੀ ਦੇ ਤਾਸ਼ਪੁਰ ਨਸੀਰੇਵਾਲ ਤੇ ਲਾਟੀਆਂਵਾਲ ਅਤੇ ਫਗਵਾੜਾ ਹਲਕੇ ਦੇ ਪਿੰਡ ਬਲਾਲੋ, ਧੱਕ ਪੰਡੋਰੀ ਤੇ ਪੰਡੋਰੀ ਵਿਖੇ ਸਭਾਵਾਂ ਕੀਤੀਆਂ ਹੋਈਆਂ ਜਿੱਥੇ ਵੱਡੀ ਗਿਣਤੀ ਵਿਚ ਲੋਕਾਂ ਸ਼ਿਰਕਤ ਕੀਤੀ ਇਸ ਮੌਕੇ ਕਪੂਰਥਲਾ ਵਿਖੇ ਸਭਾਵਾਂ ਨੂੰ ਸੰਬੋਧਨ ਕਰਦਿਆਂ ਜਿਲ੍ਹਾ ਯੋਜਨਾ ਬੋਰਡ ਦੀ ਚੇਅਰਪਰਸਨ ਲਲਿਤ ਸਕਲਾਨੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਨੇ ਪਿੰਡਾਂ ਨੂੰ ਨਸ਼ਾ ਮੁਕਤ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਹੈ, ਜਿਸ ਵਿਚ ਸਾਨੂੰ ਸਭ ਨੂੰ ਹਿੱਸੇਦਾਰ ਬਣਨ ਦੀ ਲੋੜ ਹੈ ਤਾਂ ਹੀ ਇਹ ਮੁਹਿੰਮ ਕਿਸੇ ਸਾਰਥਿਕ ਨਤੀਜੇ 'ਤੇ ਪਹੁੰਚ ਸਕੇਗੀ ਸੁਲਤਾਨਪੁਰ ਲੋਧੀ ਦੇ ਪਿੰਡਾਂ ਵਿਖੇ ਸੰਬੋਧਨ ਕਰਦੇ ਹੋਏ ਚੇਅਰਮੈਨ ਨਗਰ ਸੁਧਾਰ ਟਰੱਸਟ ਸੱਜਣ ਸਿੰਘ ਚੀਮਾ ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਰੋਜ਼ ਜਿਲ੍ਹੇ ਦੇ 12 ਪਿੰਡਾਂ ਵਿਚ ਜਾ ਰਹੀ ਹੈ, ਜਿਸਨੂੰ ਲੋਕਾਂ ਵਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਔਰਤਾਂ ਵਲੋਂ ਇਸ ਨਸ਼ਾ ਮੁਕਤੀ ਯਾਤਰਾ ਨੂੰ ਵੱਡਾ ਸਮਰਥਨ ਦਿੱਤਾ ਜਾ ਰਿਹਾ ਹੈ ਤੇ ਉਹ ਪੰਜਾਬ ਸਰਕਾਰ ਦੀ ਇਸ ਲਾਮਿਸਾਲ ਮੁਹਿੰਮ ਵਿਚ ਵੱਡੀ ਭੂਮਿਕਾ ਨਿਭਾ ਰਹੀਆਂ ਹਨ ਇਸੇ ਤਰ੍ਹਾਂ ਭੁਲੱਥ ਹਲਕੇ ਦੇ ਪਿੰਡਾਂ ਵਿਚ ਡਾਇਰੈਕਟਰ ਜਲ ਸਰੋਤ ਵਿਭਾਗ ਐਡਵੋਕੇਟ ਹਰਸਿਮਰਨ ਸਿੰਘ ਘੁੰਮਣ ਨੇ ਲੋਕਾਂ ਨਾਲ ਸਿੱਧਾ ਰਾਬਤਾ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਦੀ ਇਸ ਸਮਾਜਿਕ ਸੁਧਾਰ ਵਾਲੀ ਮੁਹਿੰਮ ਨੂੰ ਡਟਵਾਂ ਸਮਰਥਨ ਦੇਣ ਤਾਂ ਜੋ ਇਸ ਸਮਾਜਿਕ ਕੋਹੜ ਨੂੰ ਦੂਰ ਕੀਤਾ ਜਾ ਸਕੇ ਫਗਵਾੜਾ ਹਲਕੇ ਦੇ ਪਿੰਡਾਂ ਵਿਚ ਆਮ ਆਦਮੀ ਪਾਰਟੀ ਦੇ ਬੁਲਾਰੇ ਹਰਨੂਰ ਸਿੰਘ ਹਰਜੀ ਮਾਨ ਨੇ ਨਸ਼ਾ ਮੁਕਤੀ ਯਾਤਰਾ ਵਿਚ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਲੋਕ ਇਸ ਮੁਹਿੰਮ ਨਾਲ ਸਿੱਧਾ ਜੁੜਨ ਲੱਗੇ ਹਨ, ਜਿਸਦੇ ਸਾਰਥਿਕ ਸਿੱਟੇ ਸਾਹਮਣੇ ਆ ਰਹੇ ਹਨ ਇਸ ਮੌਕੇ ਵੱਡੀ ਗਿਣਤੀ ਵਿਚ ਲੋਕਾਂ ਵਲੋਂ ਨਸ਼ੇ ਵਿਰੁੱਧ ਲੜਾਈ ਦਾ ਹਲਫ ਵੀ ਲਿਆ ਗਿਆ । ਪੰਜਾਬ ਸਰਕਾਰ ਵਲੋਂ ਨਸ਼ੇ ਵਿਰੁੱਧ ਜਾਗਰੂਕਤਾ ਲਈ ਟੀ-ਸ਼ਰਟਾਂ ਤੇ ਰਿਸਟ ਬੈਂਡਾਂ ਦੀ ਵੀ ਵੰਡ ਕੀਤੀ ਗਈ

# ਕੌਮੀ ਲੋਕ ਅਦਾਲਤ 24 ਮਈ ਨੂੰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com

ਬਠਿੰਡਾ,20 ਮਈ (ਅੰਗਰੇਜ ਸਿੰਘ ਵਿੱਕੀ/ਬਲਜੀਤ ਸਿੰਘ ਕੋਟਗੁਰੂ)-ਮਾਨਯੋਗ ਮੈਂਬਰ ਸਕੱਤਰ,ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਹੁਕਮਾਂ ਅਤੇ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਮੈਨ, ਸ੍ਰੀ ਕਰੁਨੇਸ਼ ਕੁਮਾਰ ਅਤੇ ਮਾਨਯੋਗ ਸੀ.ਜੇ.ਐਮ. ਕਮ-ਸਕੱਤਰ ਸ੍ਰੀਮਤੀ ਬਲਜਿੰਦਰ ਕੌਰ ਮਾਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਠਿੰਡਾ ਦੀ ਰਹਿਨੁਮਾਈ ਹੇਠ ਕੌਮੀ ਲੋਕ ਅਦਾਲਤ 24 ਮਈ 2025 ਨੂੰ ਲਗਾਈ ਜਾ ਰਹੀ ਹੈ। ਉਹਨਾਂ ਦੱਸਿਆ ਕਿ ਇਸ ਦੇ ਸਬੰਧ ਵਿੱਚ ਸਬੰਧਿਤ ਕਰਮਚਾਰੀਆ ਨਾਲ ਜਿਥੇ ਮੀਟਿੰਗ ਕੀਤੀ ਉਥੇ ਹੀ ਉਨ੍ਹਾਂ ਨੂੰ ਲੋਕ ਅਦਾਲਤ ਦੇ ਸਬੰਧ ਬਾਰੇ ਜਾਣਕਾਰੀ ਮੁਹਾਇਆ ਕਰਵਾਈ ਗਈ। ਇਸ ਮੌਕੇ ਉਹਨਾਂ ਮੁਫਤ ਕਾਨੂੰਨੀ ਸੇਵਾਵਾਂ ਅਤੇ ਹੈਲਪਲਾਈਨ ਨੰਬਰ 15100 ਬਾਰੇ ਵੀ ਜਾਣਕਾਰੀ ਦਿੱਤੀ ਤਾਂ ਜੋ ਆਮ ਲੋਕ ਕਾਲ ਕਰਕੇ ਵੀ ਮੁਫਤ ਕਾਨੂੰਨੀ ਸੇਵਾਵਾਂ ਬਾਰੇ ਜਾਣਕਾਰੀ ਹਾਸਿਲ ਕਰ ਸਕਣ।

# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਬਣੇਗਾ ਨਸ਼ਾ ਮੁਕਤ ਸੂਬਾ : ਪ੍ਰਿੰਸ ਗਰਗ/ ਅਜੈ ਕੁਮਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com





ਲਹਿਰਾਗਾਗਾ, 20 ਮਈ (ਜਗਸੀਰ ਸਿੰਘ ) -ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਸ਼ਿਆਂ ਵਿਰੁੱਧ ਵਿੱਢੀ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਸਾਰਥਕ ਨਤੀਜੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ ਇੰਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸਮਾਜ ਸੇਵੀ ਅਤੇ ਆਪ ਦੇ ਯੂਥ ਆਗੂ ਪ੍ਰਿੰਸ ਗਰਗ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਚੱਲ ਰਹੀ ਸਰਕਾਰ ਦੀ ਸਮੁੱਚੀ ਲੀਡਰਸ਼ਿਪ ਦੀ ਸੱਭ ਤੋਂ ਵੱਡੀ ਪਹਿਲਕਦਮੀ ਇਹ ਹੈ ਕਿ ਪੰਜਾਬ ਵਿੱਚ ਗਠਨ ਪਿਛਲੀਆਂ ਸਰਕਾਰਾਂ ਦੀਆਂ ਮਾੜੀਆਂ ਨੀਤੀਆਂ ਕਾਰਨ ਜੋ ਨੌਜਵਾਨ ਨਸ਼ਿਆਂ ਦੀ ਦਲਦਲ ਵਿੱਚ ਫਸ ਚੁੱਕੇ ਹਨ ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਕੱਢਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਇਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡਾਂ ਅਤੇ ਪੜ੍ਹਾਈ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ ਪੰਜਾਬ ਵਿੱਚੋਂ ਨਸ਼ੇ ਦੇ ਖਾਤਮੇ ਲਈ ਜੰਗੀ ਪੱਧਰ ਤੇ ਕਾਨੂੰਨੀ ਕਾਰਵਾਈ ਦੇ ਤਹਿਤ ਵੱਡੇ ਵੱਡੇ ਸਮਗਲਰਾਂ ਨੂੰ ਜੇਲ੍ਹ ਭੇਜਿਆ ਜਾ ਰਿਹਾ ਹੈ ਆਮ ਆਦਮੀ ਪਾਰਟੀ ਦੇ ਆਗੂ ਅਜੇ ਕੁਮਾਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿਹੜੇ ਪੰਜਾਬ ਦੇ ਨੌਜਵਾਨ ਨਸ਼ਿਆਂ ਦੀ ਦਲਦਲ ਵਿੱਚ ਫਸ ਚੁੱਕੇ ਹਨ ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਕੱਢ ਕੇ ਉਨ੍ਹਾਂ ਨੌਜਵਾਨਾਂ ਦਾ ਪੰਜਾਬ ਸਰਕਾਰ ਵੱਲੋਂ ਇਲਾਜ ਕਰਵਾਇਆ ਜਾ ਰਿਹਾ ਹੈ ਤਾਂ ਜੋ ਇਹ ਨੌਜਵਾਨ ਨਸ਼ਿਆਂ ਤੋਂ ਦੂਰ ਹੋ ਕੇ ਮੁੜ ਤੋਂ ਆਪਣੀ ਵਧੀਆ ਜ਼ਿੰਦਗੀ ਬਤੀਤ ਕਰ ਸਕਣ ਅਜੇ ਕੁਮਾਰ ਠੋਲੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਵੱਡੇ ਵੱਡੇ ਨਸ਼ਿਆਂ ਦੇ ਸਮੱਗਲਰਾਂ ਨੂੰ ਦਬੋਚ ਕੇ ਜੇਲ੍ਹ ਭੇਜਿਆ ਜਾ ਰਿਹਾ ਹੈ ਪੰਜਾਬ ਦੀਆਂ ਮਾਵਾਂ ਭੈਣਾਂ ਧੀਆਂ ਧਿਆਣੀਆਂ ਅਤੇ ਬਜ਼ੁਰਗਾਂ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਇਸ ਨੇਕ ਉਪਰਾਲੇ ਦੀ ਸ਼ਲਾਘਾ ਕੀਤੀ ਜਾ ਰਹੀ ਹੈ ਆਪ ਦੇ ਯੂਥ ਆਗੂ ਅਜੇ ਕੁਮਾਰ ਠੋਲੀ ਅਤੇ ਸਮਾਜ ਸੇਵੀ ਪ੍ਰਿੰਸ ਗਰਗ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਸਮੁੱਚੀ ਲੀਡਰਸ਼ਿਪ ਦਾ ਇੱਕੋ ਇੱਕ ਸੁਪਨਾ ਇਹ ਹੈ ਕਿ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਇਆ ਜਾਵੇ ਸਮਾਜ ਸੇਵੀ ਪ੍ਰਿੰਸ ਗਰਗ ਅਤੇ ਅਜੇ ਕੁਮਾਰ ਠੋਲੀ ਨੇ ਪੰਜਾਬ ਦੇ ਕੈਬਨਿਟ ਮੰਤਰੀ ਐਡਵੋਕੇਟ ਬਰਿੰਦਰ ਗੋਇਲ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਦੀ ਸ਼ਲਾਘਾ ਵੀ ਕੀਤੀ।

# ਪੰਜਾਬੀ ਯੂਨੀਵਰਸਿਟੀ ਵਿਖੇ ਕੌਮੀ ਸਿੱਖਿਆ ਨੀਤੀ ਬਾਰੇ 19ਵਾਂ ਆਨਲਾਈ ਓਰੀਐਂਟੇਸ਼ਨ ਪ੍ਰੋਗਰਾਮ ਸ਼ੁਰੂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com



ਪਟਿਆਲਾ, 20 ਮਈ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੋਟਗੁਰੂ)- ਪੰਜਾਬੀ ਯੂਨੀਵਰਸਿਟੀ ਦੇ ਯੂ.ਜੀ.ਸੀ.ਮਾਲਵੀਆ ਮਿਸ਼ਨ ਟੀਚਰ ਟਰੇਨਿੰਗ ਸੈਂਟਰ ਵੱਲੋਂ ਕੌਮੀ ਸਿੱਖਿਆ ਨੀਤੀ ਬਾਰੇ ਆਪਣਾ 19ਵਾਂ ਆਨਲਾਈਨ ਓਰੀਐਂਟੇਸ਼ਨ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਸੈਂਟਰ ਦੇ ਡਾਇਰੈਕਟਰ ਪ੍ਰੋ.ਰਮਨ ਮੈਣੀ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਅੱਠ ਦਿਨਾ ਆਨਲਾਈਨ ਓਰੀਐਂਟੇਸ਼ਨ ਪ੍ਰੋਗਰਾਮ ਦੇ ਉਦਘਾਟਨੀ ਸੈਸ਼ਨ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਵਣ-ਤ੍ਰਿਣ ਜੀਵ-ਜੰਤ ਸੰਤੁਲਨ ਮੁੜਬਹਾਲੀ ਕੇਂਦਰ ਅਤੇ ਐਨਵਾਇਰਨਮੈਂਟ ਸੈੱਲ ਦੇ ਡਾਇਰੈਕਟਰ ਡਾ. ਹਿਮੇਂਦਰ ਭਾਰਤੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਪ੍ਰੋ. ਹਿਮੇਂਦਰ ਭਾਰਤੀ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਵੱਖ-ਵੱਖ ਵਿੱਦਿਅਕ ਅਦਾਰਿਆਂ ਅਤੇ ਉਨ੍ਹਾਂ ਨਾਲ ਜੁੜੇ ਅਧਿਆਪਕਾਂ ਨੂੰ ਵਿਸ਼ੇ ਸਬੰਧੀ ਜਾਗਰੂਕ ਕਰਨ ਅਤੇ ਲੋੜੀਂਦੀ ਮੁਹਾਰਤ ਬਾਰੇ ਸਿਖਲਾਈ ਦੇਣ ਲਈ ਇਸ ਪ੍ਰੋਗਰਾਮ ਦਾ ਬਹੁਤ ਮਹੱਤਵ ਹੈ। ਉਨ੍ਹਾਂ ਕਿਹਾ ਕਿ 21ਵੀਂ ਸਦੀ ਵਿੱਚ ਭਾਰਤੀ ਸਿੱਖਿਆ ਪ੍ਰਣਾਲੀ ਦੀਆਂ ਵਿਸ਼ੇਸ਼ ਲੋੜਾਂ ਬਾਬਤ ਕੌਮੀ ਸਿੱਖਿਆ ਨੀਤੀ 2020 ਦੀ ਅਹਿਮੀਅਤ ਨੂੰ ਠੀਕ ਤਰੀਕੇ ਨਾਲ ਸਮਝਿਆ ਜਾਣਾ ਚਾਹੀਦਾ ਹੈ।ਕੋਰਸ ਕੋਆਰਡੀਨੇਟਰ ਪ੍ਰੋ.ਵਿਸ਼ਾਲ ਗੋਇਲ ਨੇ ਕੌਮੀ ਸਿੱਖਿਆ ਨੀਤੀ 2020 ਦੇ ਅਹਿਮ ਨੁਕਤਿਆਂ ਬਾਰੇ ਚਾਨਣਾ ਪਾਉਂਦਿਆਂ ਇਸ ਓਰੀਐਂਟੇਸ਼ਨ ਪ੍ਰੋਗਰਾਮ ਦੀ ਰੂਪ ਰੇਖਾ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ।ਕੋਰਸ ਦੇ ਕੋ-ਕੋਆਰਡੀਨੇਟਰ ਡਾ.ਸਤਿੰਦਰ ਕੁਮਾਰ ਵੱਲੋਂ ਇਸ ਕੋਰਸ ਵਿੱਚ ਸ਼ਿਰਕਤ ਕਰਨ ਵਾਲੇ ਵੱਖ-ਵੱਖ ਅਧਿਆਪਕਾਂ ਬਾਰੇ ਜਾਣ-ਪਛਾਣ ਕਰਵਾਈ ਗਈ। ਅੰਤ ਵਿੱਚ ਪ੍ਰੋ.ਵਿਸ਼ਾਲ ਗੋਇਲ ਵੱਲੋਂ ਧੰਨਵਾਦੀ ਸ਼ਬਦ ਬੋਲੇ ਗਏ।

# ਨਸ਼ੀਲੇ ਪਦਾਰਥ ਦਾ ਸੇਵਨ ਕਰ ਰਹੇ ਨੌਜਵਾਨ ਨੂੰ ਅੱਪਰਾ ਪੁਲਿਸ ਨੇ ਕੀਤਾ ਗ੍ਰਿਫਤਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com



- ਫਿ ਲੌ ਰ / ਅੱ ਪ ਰਾ (ਦੀਪਾ)-ਸਬ ਇੰਸਪੈਕਟਰ ਨਿਰਮਲ ਸਿੰਘ ਨੇ ਅੱਜ ਪੁਲਿਸ ਚੌਂਕੀ ਅੱਪਰਾ ਦਾ ਅਹੁਦਾ ਸੰਭਾਲ ਲਿਆ | ਉਹ ਪਹਿਲਾਂ ਵੀ ਪੁਲਿਸ ਚੌਂਕੀ ਅੱਪਰਾ ਵਿਖੇ ਸੇਵਾ ਨਿਭਾ ਚੁੱਕੇ ਹਨ | ਇਸ ਮੌਕੇ ਬੋਲਦਿਆਂ ਉਨਾਂ ਕਿਹਾ ਕਿ ਇਲਾਕੇ ਦੇ ਨਸ਼ਾ ਤਸਕਰ ਤੇ ਮਾੜੇ ਅਨਸਰ ਸੁਧਰ ਜਾਣ ਨਹੀਂ ਤਾਂ ਉਨਾਂ ਦਾ ਅਸਲੀ ਟਿਕਾਣਾ ਜੇਲ ਹੋਵੇਗੀ | ਉਨਾਂ ਨੌਜਵਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਬਿਨਾਂ ਕਿਸੇ ਕੰਮ ਕਾਰ ਤੋਂ ਬਜ਼ਾਰਾਂ 'ਚ ਗੇੜੀਅ ਨਾ ਮਾਰਨ ਤੇ ਆਪਣੇ ਵਹੀਕਲਾਂ ਦੇ ਪੂਰੇ ਕਾਗਜ਼ਾਤ ਰੱਖਣ | ਨਾਲ ਹੀ ਉਨਾਂ ਕਿਹਾ ਕਿ ਸ਼ੋਰ ਪ੍ਰਦੂਸ਼ਣ ਪੈਦਾ ਕਰਨ ਵਾਲੇ ਵਹੀਕਲਾਂ ਦੇ ਵੀ ਆਉਣ ਵਾਲੇ ਦਿਨਾਂ 'ਚ ਚਲਾਨ ਕੱਟੇ ਜਾਣਗੇ |

ਅੱਪਰਾ ਪੁਲਿਸ ਨੇ ਨਸ਼ੀਲੇ ਪਦਾਰਥ ਦਾ ਸੇਵਨ ਕਰ ਰਹੇ ਇੱਕ ਨੌਜਵਾਨੇ ਨੂੰ ਕਾਬੂ ਕੀਤਾ ਹੈ | ਇਸ ਸੰਬੰਧ 'ਚ ਜਾਣਕਾਰੀ ਦਿੰਦਿਆਂ ਸਬ ਇੰਸਪੈਕਟਰ ਨਿਰਮਲ ਸਿੰਘ ਚੌਂਕੀ ਇੰਚਾਰਜ ਅੱਪਰਾ ਨੇ ਦੱਸਿਆ ਕਿ ਇੱਕ ਨੌਜਵਾਨ ਬਲਵੀਰ ਰਾਮ ਉਰਫ ਜੌਨੀ ਪੁੱਤਰ ਤਰਸੇਮ ਲਾਲ ਵਾਸੀ ਪਿੰਡ ਸਮਰਾੜੀ ਲੁਕ ਕੇ ਨਸ਼ੇ ਦਾ ਸੇਵਨ ਕਰ ਰਿਹਾ ਸੀ | ਉਸ ਨੂੰ ਕਾਬੂ ਕਰਕੇ ਉਸਦੇ ਖਿਲਾਫ਼ ਥਾਣਾ ਫਿਲੌਰ ਵਿਖੇ ਐੱਨ. ਡੀ. ਪੀ. ਐੱਸ ਐਕਟ ਦੀ ਧਾਰਾ 27-61-85 ਤਹਿਤ ਮੁਕਦਮਾ ਨੰਬਰ 150 ਦਰਜ ਕਰਕੇ ਉਸਦਾ ਸਿਵਲ ਹਸਪਤਾਲ ਜਲੰਧਰ ਤੋਂ ਡੋਪ ਟੈਸਟ ਕਰਵਾ ਕੇ ਉੱਥੇ ਹੀ ਦਾਖਲ ਕਰਵਾ ਦਿੱਤਾ ਗਿਆ ਹੈ |

# ਪਿੰਡ ਕੋਟਗੁਰੂ ਦੀ ਪੰਚਾਇਤ ਨੇ ਪਾਰਕ ਦਾ ਨਾਮ ਪ੍ਰੋਫ਼ੈਸਰ ਜਸਵੰਤ ਕੌਰ ਮਣੀ ਰੱਖਣ ਦਾ ਮਤਾ ਪਾਇਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com



ਬਠਿੰਡਾ 20 ਮਈ (ਅੰਗਰੇਜ ਸਿੰਘ ਵਿੱਕੀ)- ਬਠਿੰਡਾ ਜਿਲੇ ਦੇ ਬਲਾਕ ਸੰਗਤ ਅਧੀਨ ਆਉਂਦੇ ਪਿੰਡ ਕੋਟਗੁਰੂ ਦੀ ਪੰਚਾਇਤ ਨੇ ਪਿੰਡ ਦੇ ਸਰਪੰਚ ਕੁਲਵਿੰਦਰ ਸਿੰਘ ਦੀ ਅਗਵਾਈ ਹੇਠ ਸਮੁੱਚੀ ਪੰਚਾਇਤ ਨੇ ਪਿੰਡ ਵਿੱਚ ਬਣ ਰਹੇ ਪਾਰਕ ਦਾ ਨਾਮ ਪ੍ਰੋਫ਼ੈਸਰ ਜਸਵੰਤ ਕੌਣ ਮਣੀ ਰੱਖਣ ਦਾ ਮਤਾ ਸਰਬਸੰਮਤੀ ਨਾਲ ਪਾਸ ਕੀਤਾ। ਪਿੰਡ ਦੇ ਸਰਪੰਚ ਨੇ ਦੱਸਿਆ ਕੇ ਪ੍ਰੋਫ਼ੈਸਰ ਜਸਵੰਤ ਕੌਰ ਮਣੀ ਪੁੱਤਰੀ ਗੁਰਤੇਜ ਸਿੰਘ ਪਿੰਡ ਕੋਟਗੁਰੂ ਦੀ ਬਹੁਤ ਹੀ ਮਾਣਮੱਤੀ ਧੀ ਸੀ। ਜਿਸ ਨੇ ਨਿੱਕੀ ਉਮਰੇ ਸਧਾਰਨ ਪਰਿਵਾਰ ਵਿੱਚੋਂ ਉੱਠ ਕੇ ਆਪਣੀ ਸਖ਼ਤ ਮਿਹਨਤ ਦੇ ਬਲਬੂਤੇ ਕਾਫੀ ਨਾਮਣਾ ਖੱਟਿਆ। ਜਸਵੰਤ ਕੌਰ ਮਣੀ ਨੂੰ ਪਿੰਡ ਦੀ ਹੁਣ ਤੱਕ ਦੀ ਸਭ ਤੋਂ ਵੱਧ ਪੜ੍ਹੀ ਲਿਖੀ ਧੀ ਹੋਣ ਦਾ ਮਾਣ ਵੀ ਪ੍ਰਾਪਤ ਹੋਇਆ ਸੀ। ਉਹਨਾਂ ਕਿਹਾ ਕਿ ਵੱਖ ਵੱਖ ਅਖਬਾਰਾਂ ਵਿੱਚ ਛਪੇ ਉਹਨਾਂ ਦੇ ਵੱਡੇ ਵੱਡੇ ਖੋਜ ਭਰਪੂਰ ਲੇਖਾਂ ਦੀ ਬਦੌਲਤ ਪਿੰਡ ਕੋਟਗੁਰੂ ਦਾ ਨਾਮ ਰੌਸ਼ਨ ਕੀਤਾ ਹੈ। ਜਸਵੰਤ ਕੌਰ ਮਣੀ ਨੇ ਜਿੱਥੇ ਭਵਿੱਖ ਦੀ ਚੰਗੀ ਵਿਦਵਾਨ/ਸਾਹਿਤਕਾਰ ਹੋ ਨਿਬੜਨਾ ਸੀ। ਪਰ ਹੋਣੀ ਨੂੰ ਕੁੱਝ ਹੋਰ ਹੀ ਮਨਜ਼ੂਰ ਸੀ। ਇਸੇ ਸਾਲ ਜਨਵਰੀ ਮਹੀਨੇ ਜਸਵੰਤ ਕੌਰ ਮਣੀ ਦੀ ਨਿੱਕੀ ਉਮਰੇ ਪੀ.ਜੀ.ਆਈ. ਚੰਡੀਗੜ੍ਹ ਵਿਖੇ ਬੇਵਕਤੀ ਮੌਤ ਹੋ ਗਈ। ਜਸਵੰਤ ਕੌਰ ਮਣੀ ਦੀਆਂ ਨਿੱਕੀ ਉਮਰੇ ਵੱਡੀਆਂ ਪ੍ਰਾਪਤੀਆਂ ਨੂੰ ਵੇਖਦਿਆਂ ਉਸਦੀ ਸਦੀਵੀ ਯਾਦ ਰੱਖਣ ਲਈ ਪਿੰਡ ਵਿੱਚ ਬਣ ਰਹੇ ਪਾਰਕ ਦਾ ਨਾਮ ਪ੍ਰੋਫ਼ੈਸਰ ਜਸਵੰਤ ਕੌਰ ਮਣੀ ਰੱਖਣ ਦਾ ਪਿੰਡ ਦੀ ਪੰਚਾਇਤ ਨੇ ਮਤਾ ਪਾਸ ਕੀਤਾ ਹੈ। ਉਹਨਾਂ ਅੱਗੇ ਦੱਸਿਆ ਕਿ ਜਲਦੀ ਹੀ ਜਸਵੰਤ ਕੌਰ ਮਣੀ ਦੀਆਂ ਦੋ ਕਿਤਾਬਾਂ ਛਪ ਕੇ ਪੰਜਾਬੀ ਪਾਠਕਾਂ ਤੱਕ ਪਹੁੰਚਣਗੀਆਂ।

# ਪੀ.ਪੀ. ਐੱਸ. ਚੀਮਾਂ ਦੇ ਪਾਣੀ ਦੇ ਸੈਂਪਲ ਵਿੱਚ ਨਹੀਂ ਕੋਈ ਖ਼ਰਾਬੀ: ਐਮ. ਡੀ. ਜਸਵੀਰ ਸਿੰਘ ਚੀਮਾਂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com




ਚੀਮਾਂ ਮੰਡੀ 21 ਮਈ (ਜਗਸੀਰ ਸਿੰਘ )

ਪਿਛਲੇ ਦਿਨੀ ਜ਼ਿਲ੍ਹਾ ਸੰਗਰੂਰ ਦੇ ਕਈ ਸਕੂਲਾਂ ਦੇ ਪਾਣੀ ਦੇ ਨਮੂਨਿਆਂ ਵਿੱਚ ਸੰਬੰਧਿਤ ਮਹਿਕਮੇ ਦੁਆਰਾ ਦਿੱਕਤਾਂ ਪਾਈਆਂ ਗਈਆਂ ਸਨ ਜਿਸ ਵਿੱਚ ਇਸ ਖੇਤਰ ਦੀ ਨੰਬਰ ਇੱਕ ਵਿੱਦਿਅਕ ਸੰਸਥਾ ਪੈਰਾਂਮਾਊਂਟ ਪਬਲਿਕ ਸਕੂਲ, ਚੀਮਾਂ ਮੰਡੀ ਦਾ ਵੀ ਜ਼ਿਕਰ ਕੀਤਾ ਗਿਆ ਸੀ। ਇਸ ਸਬੰਧੀ ਪੱਤਰ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਕਾਰਨ ਜਦੋਂ ਇਸ ਸਕੂਲ ਵਿੱਚ ਪੜ੍ਹਨ ਵਾਲੇ ਵੱਖ-ਵੱਖ ਵਿਦਿਆਰਥੀਆਂ ਦੇ ਮਾਪਿਆਂ ਨੇ ਸਕੂਲ ਨਾਲ ਸੰਪਰਕ ਕਰਕੇ ਇਸ ਦਾ ਕਾਰਨ ਪੁੱਛਿਆ ਤਾਂ ਸਕੂਲ ਦੇ ਐਮ.ਡੀ ਜਸਵੀਰ ਸਿੰਘ ਚੀਮਾਂ ਵੱਲੋਂ ਦੱਸਿਆ ਗਿਆ ਕਿ ਇਸ ਤਰ੍ਹਾਂ ਦੀ ਕੋਈ ਵੀ ਅਜਿਹੀ ਗੱਲ ਨਹੀਂ ਹੈ ਕਿਉਂਕਿ ਪਿਛਲੇ ਕਾਫੀ ਸਾਲਾਂ ਤੋਂ ਹਰੇਕ ਵਰ੍ਹੇ ਉਹਨਾਂ ਦੇ ਸਕੂਲ ਦੇ ਪਾਣੀ ਦੇ ਸੈਂਪਲ ਸਰਕਾਰ ਦੇ ਨਿਯਮਾਂ ਅਨੁਸਾਰ ਚੈੱਕ ਕੀਤੇ ਜਾਂਦੇ ਹਨ ਜੋ ਕਿ ਠੀਕ ਆ ਰਹੇ ਹਨ। ਐਮ.ਡੀ. ਜਸਵੀਰ ਸਿੰਘ ਨੇ ਦੱਸਿਆ ਕਿ ਲਏ ਗਏ ਪਾਣੀ ਦੇ ਸੈਂਪਲ ਦੀ ਰਿਪੋਰਟ ਤਕਰੀਬਨ 10 ਦਿਨਾਂ ਬਾਅਦ ਦਿੱਤੀ ਗਈ ਹੈ ਜਿਸ ਵਿੱਚ ਦਰਸਾਇਆ ਗਿਆ ਸੀ ਕਿ ਪਾਣੀ ਵਿੱਚ ਕੋਈ ਘਾਟ ਪਾਈ ਗਈ ਹੈ ਜਦਕਿ ਪਾਣੀ ਦੇ ਸੈਂਪਲ ਵਿੱਚ ਕਿਸੇ ਤਰ੍ਹਾਂ ਦੇ ਹੋਰ ਮਿਸ਼ਰਣ ਦੀ ਕੋਈ ਘਾਟ ਨਹੀਂ ਹੈ।

ਉਹਨਾਂ ਕਿਹਾ ਕਿ ਲੇਟ ਰਿਪੋਰਟ ਕਾਰਨ ਵੀ ਗੜਬੜੀ ਦਾ ਕਾਰਨ ਬਣ ਸਕਦੀ ਹੈ। ਉਹਨਾਂ ਦੱਸਿਆ ਕਿ ਤਕਰੀਬਨ 500 ਲੀਟਰ ਪਾਣੀ ਹਰ ਘੰਟੇ ਵਿੱਚ ਫਿਲਟਰ ਹੁੰਦਾ ਹੈ ਜਿਸ ਨੂੰ ਬੱਚਿਆਂ ਦੇ ਨਾਲ ਨਾਲ ਇਸ ਸਕੂਲ ਦੀ ਮੈਨੇਜਮੈਂਟ, ਇਥੋਂ ਦਾ ਸਟਾਫ ਅਤੇ ਇਥੇ ਕੰਮ ਕਰਨ ਵਾਲੇ ਹੋਰ ਕਰਮਚਾਰੀ ਵੀ ਪੀਂਦੇ ਹਨ। ਉਹਨਾਂ ਕਿਹਾ ਕਿ ਉਹ ਆਪਣੇ ਸਕੂਲ ਦੇ ਬੱਚਿਆਂ ਅਤੇ ਹਰ ਕਰਮਚਾਰੀ ਦੀ ਸਿਹਤ ਦਾ ਹਰ ਪੱਖੋਂ ਖਿਆਲ ਰੱਖ ਰਹੇ ਹਨ, ਜਿਸ ਕਰਕੇ ਇਹ ਗੁੰਜਾਇਸ਼ ਹੀ ਨਹੀਂ ਹੈ । ਜੇਕਰ ਕਿਸੇ ਤਰ੍ਹਾਂ ਦੀ ਕੋਈ ਘਾਟ ਆਉਂਦੀ ਹੈ ਤਾਂ ਉਸ ਨੂੰ ਪਹਿਲ ਦੇ ਅਧਾਰ 'ਤੇ ਪੂਰਾ ਕੀਤਾ ਜਾਂਦਾ ਹੈ ।

ਜਸਵੀਰ ਸਿੰਘ ਨੇ ਦੱਸਿਆ ਕਿ ਪੱਤਰ ਸ਼ੋਸ਼ਲ ਮੀਡੀਆ 'ਤੇ ਵਾਇਰਲ ਹੋਣ ਉਪਰੰਤ ਜਦੋਂ ਮਾਪਿਆਂ ਨੇ ਉਹਨਾਂ ਨਾਲ ਸੰਪਰਕ ਕੀਤਾ ਤਾਂ ਉਹਨਾਂ ਨੇ ਮਾਪਿਆਂ ਦੇ ਮੰਗ 'ਤੇ ਸਕੂਲ ਦੇ ਪਾਣੀ ਦਾ ਦੁਬਾਰਾ ਤੋਂ ਸੈਂਪਲ ਦਿੱਤਾ ਜਿਸ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਘਾਟ ਨਹੀਂ ਪਾਈ ਗਈ ਸਗੋਂ ਪਾਣੀ ਦੀ ਰਿਪੋਰਟ ਸਹੀ ਪਾਈ ਗਈ। ਉਹਨਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਸੰਗਰੂਰ ਦੇ ਵਿਸ਼ੇਸ਼ ਹੁਕਮਾਂ ਤਹਿਤ ਜ਼ਿਲ੍ਹਾ ਸਿੱਖਿਆ ਦਫ਼ਤਰ ਸੰਗਰੂਰ ਦੀ ਟੀਮ ਵੱਲੋਂ ਵੀ ਆਰ ਓਜ ਦੀਆਂ ਫੋਟੋਆਂ ਤੇ ਵੀਡੀਓਜ ਬਣਾ ਕੇ ਲਿਜਾਈਆਂ ਗਈਆਂ ਹਨ, ਜਿਸ ਸਬੰਧੀ ਸਕੂਲ ਵੱਲੋਂ ਵੀ ਉਹਨਾਂ ਨੂੰ ਪੂਰਾ ਸਹਿਯੋਗ ਦਿੱਤਾ ਗਿਆ ਹੈ। ਉਹਨਾਂ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਹਰੇਕ ਵਿਭਾਗ ਦੇ ਕਰਮਚਾਰੀਆ ਨੂੰ ਅਜਿਹੇ ਭਰਮ ਪਾਊ ਪੱਤਰਾਂ ਨੂੰ ਸ਼ੋਸ਼ਲ ਮੀਡੀਆ 'ਤੇ ਜਨਤਕ ਕਰਨ ਤੋਂ ਰੋਕਿਆ ਜਾਵੇ ਕਿਉਂਕਿ ਅਜਿਹਾ ਕਰਨ ਨਾਲ ਕੁੱਝ ਲੋਕਾਂ ਦੀ ਨੈਗੇਟੀਵਿਟੀ ਵਿੱਚ ਵਾਧਾ ਹੁੰਦਾ ਹੈ ਤੇ ਹਫੜਾ-ਦਫੜੀ ਪੈ ਜਾਂਦੀ ਹੈ। ਐਮ. ਡੀ. ਜਸਵੀਰ ਸਿੰਘ ਨੇ ਕਿਹਾ ਕਿ ਇਸ ਸਕੂਲ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਮਾਪੇ ਇਹਨਾ ਅਫਵਾਹਾਂ ਤੋਂ ਬਚਣ ਤੇ ਭਵਿੱਖ ਵਿੱਚ ਵੀ ਕੋਈ ਅਫ਼ਵਾਹ ਫੈਲਾਈ ਜਾਂਦੀ ਹੈ ਤਾਂ ਇਸ ਸਬੰਧੀ ਸਕੂਲ ਨਾਲ ਸੰਪਰਕ ਜਰੂਰ ਕੀਤਾ ਜਾਵੇ। ਉਹਨਾਂ ਕਿਹਾ ਕਿ ਕੁੱਝ ਸ਼ਰਾਰਤੀ ਕਿਸਮ ਦੇ ਲੋਕ ਅਜਿਹੇ ਪੱਤਰਾਂ ਨੂੰ ਅਧਾਰ ਬਣਾ ਕੇ ਸੰਸਥਾ ਨੂੰ ਬਦਨਾਮ ਕਰਨ ਲਈ ਤਤਪਰ ਹਨ। ਉਹਨਾਂ ਮਾਪਿਆਂ ਤੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਸ਼ੋਸ਼ਲ ਮੀਡੀਆ 'ਤੇ ਘੁੰਮ ਰਹੀਆਂ ਭੁਲੇਖਾ ਤੇ ਭਰਮਪਾਊਂ ਪੋਸਟਾਂ 'ਤੇ ਅਮਲ ਨਾ ਕੀਤਾ ਜਾਵੇ ਜਦਕਿ ਸੱਚਾਈ ਜਾਣਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਕਿ ਸਮਾਜ ਵਿੱਚ ਸਥਿਰਤਾ ਤੇ ਮੇਲ ਮਿਲਾਪ ਬਣਿਆ ਰਹਿ ਸਕੇ।

ਇਸ ਸਬੰਧੀ ਜਦ ਫੋਨ ਉੱਪਰ ਕੁਝ ਮਾਪਿਆਂ ਨਾਲ ਸੰਪਰਕ ਕੀਤਾ ਗਿਆ ਤਾਂ ਉਨਾਂ ਸਕੂਲ ਦੇ ਪ੍ਰਬੰਧਾਂ ਉੱਤੇ ਤਸੱਲੀ ਪ੍ਰਗਟਾਈ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਅਜਿਹੇ ਅਧਿਕਾਰੀਆਂ ਕਰਮਚਾਰੀਆਂ ਭਾਵੇਂ ਕੋਈ ਵੀ ਵਿਅਕਤੀ ਹੋਵੇ ਜੋ ਕਿ ਸੋਸ਼ਲ ਮੀਡੀਆ ਉੱਪਰ ਭਰਮ ਫੈਲਾ ਕੇ ਲੋਕਾਂ ਨੂੰ ਭੜਕਾ ਰਿਹਾ ਹੋਵੇ ਉਹਨਾਂ ਤੇ ਬਣਦੀ ਕਾਰਵਾਈ ਕਰਨੀ ਚਾਹੀਦੀ ਹੈ, ਜੋ ਕਿ ਆਪਣੀ ਜਿੰਮੇਵਾਰੀ ਤੋਂ ਭੱਜਦੇ ਹੋਏ ਮਸਲਾ ਹੱਲ ਕਰਨ ਦੀ ਬਜਾਏ ਲੋਕਾਂ ਵਿੱਚ ਭਰਮ ਭੁਲੇਖੇ ਪਾ ਰਹੇ ਹਨ। ਕਿਉਂਕਿ ਪਾਣੀ ਇੱਕ ਕੁਦਰਤੀ ਸੋਮਾ ਹੈ, ਜੋ ਕਿ ਕਿਸੇ ਦੀ ਨਿੱਜੀ ਪ੍ਰੋਪਰਟੀ ਨਹੀਂ।

# ਲੂ ਲੱਗਣ ਤੋਂ ਬਚਣ ਲਈ ਸਿਹਤ ਵਿਭਾਗ ਵੱਲੋਂ ਸੁਝਾਅ ਜਾਰੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 20 ਮਈ (ਤਰਸੇਮ ਦੀਵਾਨਾ ) ਗਰਮੀ ਦੇ ਮੌਸਮ ਵਿੱਚ ਵੱਧਦੇ ਤਾਪਮਾਨ ਕਾਰਣ ਗਰਮੀ ਤੋਂ ਹੋਣ ਵਾਲੀਆਂ ਬੀਮਾਰੀਆਂ ਜਿਵੇਂ ਕਿ ਲੂ ਲੱਗਣ ਤੋਂ ਬਚਾਅ ਲਈ ਸਿਹਤ ਵਿਭਾਗ ਵੱਲੋਂ ਸੁਝਾਅ ਦਿੰਦੇ ਹੋਏ ਸਿਵਲ ਸਰਜਨ ਹੁਸ਼ਿਆਰਪੁਰ ਡਾ.ਪਵਨ ਕੁਮਾਰ ਸ਼ਗੋਤਰਾ ਵੱਲੋਂ ਲੋਕਾਂ ਨੂੰ ਗਰਮੀ ਕਾਰਨ ਹੋਣ ਵਾਲੀਆਂ ਬੀਮਾਰੀਆਂ ਤੋਂ ਬਚਾਅ ਲਈ ਲੋੜੀਂਦੇ ਉਪਰਾਲੇ ਕਰਨ ਦੀ ਅਪੀਲ ਕੀਤੀ ਗਈ ਹੈ।



ਸਿਵਲ ਸਰਜਨ ਨੇ ਕਿਹਾ ਕਿ ਗਰਮੀ ਨਾਲ ਸੰਬੰਧਤ ਬੀਮਾਰੀਆਂ ਉਸ ਸਥਿਤੀ ਨੂੰ ਕਹਿੰਦੇ ਹਨ ਜਦੋਂ ਤੁਹਾਡਾ ਸ਼ਰੀਰ ਜਿਆਦਾ ਤਾਪਮਾਨ ਵਾਲੇ ਵਾਤਾਵਰਣ ਦੇ ਸੰਪਰਕ ਵਿੱਚ ਆਉਂਦਾ ਹੈ ਅਤੇ ਖੁਦ ਨੂੰ ਠੰਡਾ ਕਰਨ ਲਈ ਆਮ ਰੂਪ ਵਿੱਚ ਪ੍ਰਤੀਕਿਰਿਆ ਨਹੀਂ ਕਰ ਪਾਉਂਦਾ। ਇਸ ਸਥਿਤੀ ਵਿੱਚ ਸਭ ਤੋਂ ਗੰਭੀਰ ਸਥਿਤੀ ਨੂੰ ਲੂ ਲੱਗਣਾ (ਹੀਟ ਸਟਰੋਕ) ਕਹਿੰਦੇ ਹਨ, ਜਿਸ ਦੇ ਲੱਛਣ ਹਨ- ਸਰੀਰ ਦਾ ਤਾਪਮਾਨ 40° C/140°F ਤੋਂ ਉੱਪਰ ਹੋਣਾ, ਬੇਹੋਸ਼ੀ/ਮਾਨਸਿਕ ਘਬਰਾਹਟ/ਭ੍ਰਮ ਦੀ ਸਥਿਤੀ ਹੋਣੀ, ਚੱਕਰ ਆਉਣੇ, ਚਮੜੀ ਦਾ ਖੁਸ਼ਕ ਅਤੇ ਲਾਲ ਹੋਣਾ, ਬਹੁਤ ਕਮਜ਼ੋਰੀ ਹੋਣਾ, ਬਹੁਤ ਤੇਜ ਸਿਰ ਦਰਦ, ਪਸੀਨਾ ਆਉਣਾ ਬੰਦ ਹੋਣਾ, ਉਲਟੀ ਆਉਣਾ ਆਦਿ ਸ਼ਾਮਿਲ ਹਨ। ਇਸ ਸਥਿਤੀ ਵਿੱਚ ਮਰੀਜ ਨੂੰ ਤੁਰੰਤ ਛਾਂ ਵਾਲੀ ਠੰਡੀ ਜਗ੍ਹਾ ਤੇ ਪਹੁੰਚਾਇਆ ਜਾਵੇ, ਪ੍ਰਾਥਮਿਕ ਉਪਚਾਰ ਜਿਵੇਂ ਕਿ ਕੱਪੜੇ ਢਿੱਲੇ ਕਰਨੇ ਤੇ ਘੱਟ ਕਰਨੇ, ਠੰਡੇ ਪਾਣੀ ਨਾਲ ਸਪ੍ਰੇ ਕਰਨਾ, ਬਰਫ/ ਠੰਡੇ ਪਾਣੀ ਨਾਲ ਗਿੱਲੇ ਕੀਤੇ ਤੌਲੀਏ/ਕੱਪੜੇ ਨਾਲ ਸਰੀਰ ਨੂੰ ਠੰਡਾ ਕਰਨਾ, ਸਿਰ, ਗਰਦਨ, ਬਗਲਾਂ, ਪੇਟ ਅਤੇ ਪੱਟਾਂ ਦੇ ਵਿੱਚ ਵਾਲੀ ਜਗ੍ਹਾ ਤੇ ਪੱਖਾ ਪੱਖਾ ਝੱਲਣਾ ਆਦਿ ਉਪਰਾਲੇ ਕੀਤੇ ਜਾਣ ਅਤੇ ਜੇਕਰ ਵਿਅਕਤੀ ਹੋਸ਼ ਵਿੱਚ ਹੈ ਤਾਂ ਓਆਰਐਸ ਕੋਲ ਜਾਂ ਠੰਡਾ ਪਾਣੀ ਥੋੜਾ ਥੋੜਾ ਪੀਣ ਲਈ ਦਿੱਤੇ ਜਾਣ ਅਗਲੇ ਇਲਾਜ ਲਈ ਮਰੀਜ ਨੂੰ ਤੁਰੰਤ ਹਸਪਤਾਲ ਵਿੱਚ ਦਾਖਲ ਕਰਵਾਉਣਾ ਬਹੁਤ ਜਰੂਰੀ ਹੈ ਤਾਂ ਜੋ ਸਹੀ ਤਰ੍ਹਾਂ ਨਾਲ ਇਲਾਜ ਕਰਕੇ ਮਰੀਜ ਦੀ ਜਾਨ ਬਚਾਈ ਜਾ ਸਕੇ। ਜੇਕਰ ਹੋ ਸਕੇ ਤਾਂ ਮਰੀਜ ਨੂੰ ਵਾਤਾਨੁਕੂਲਿਤ ਵਾਹਨ ਵਿੱਚ ਹੀ ਹਸਪਤਾਲ ਲਿਜਾਇਆ ਜਾਵੇ। ਜੇਕਰ ਮਰੀਜ ਨੂੰ ਹਸਪਤਾਲ ਪਹੁੰਚਾਉਣ ਵਿੱਚ ਦੇਰੀ ਹੋ ਜਾਵੇ ਤਾਂ ਸਥਿਤੀ ਜੋਖਿਮ ਭਰੀ ਹੋ ਸਕਦੀ ਹੈ।

ਜਿਲਾ ਐਪੀਡਮੋਲੋਜਿਸਟ ਡਾ. ਜਗਦੀਪ ਸਿੰਘ ਨੇ ਕਿਹਾ ਕਿ ਲੂ ਅਤੇ ਗਰਮੀ ਤੋਂ ਹੋਣ ਵਾਲੀਆਂ ਹੋਰ ਬਿਮਾਰੀਆਂ ਤੋਂ ਬਚਾਓ ਲਈ ਹੇਠ ਲਿਖੀਆਂ ਸਾਵਧਾਨੀਆਂ ਵਰਤੀਆਂ ਜਾਣ:-

- ਵਧੇਰੇ ਗਰਮੀ ਵਾਲੇ ਦਿਨਾਂ ਵਿੱਚ ਸੂਤੀ ਅਤੇ ਹਲਕੇ ਰੰਗਾਂ ਦੇ ਅਤੇ ਢਿੱਲੇ ਕੱਪੜੇ ਪਾਓ ਜੋ ਕਿ ਪਸੀਨਾ ਲਿਆ ਕੇ ਸਰੀਰ ਨੂੰ ਠੰਡਾ ਰੱਖਣ ਵਿੱਚ ਮਦਦ ਕਰਦੇ ਹਨ ਅਤੇ ਘੱਟ ਗਰਮੀ ਸੋਖਦੇ ਹਨ।
- ਕੜਕਦੀ ਧੁੱਪ ਵਿੱਚ ਕੰਮ ਕਰਨ/ਕਸਰਤ ਕਰਨ/ਖੇਡਣ ਤੋਂ ਬਚੋ।
- ਦੁਪਹਿਰ ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਤੱਕ ਬਾਹਰ ਧੁੱਪ ਵਿੱਚ ਨਾ ਨਿਕਲੋ।
- ਸਿੱਧੀ ਧੁੱਪ ਤੋਂ ਬਚਣ ਲਈ ਛਤਰੀ, ਟੋਪੀ, ਤੌਲੀਆ ਜਾਂ ਦੁਪੱਟਾ ਆਦਿ ਵਰਤੋ।
- ਮੌਸਮੀ ਫਲ ਅਤੇ ਸਬਜ਼ੀਆਂ ਜਿਵੇਂ ਤਰਬੂਜ, ਸੰਤਰਾ, ਮੌਸਮੀ, ਖੀਰੇ ਟਮਾਟਰ ਆਦਿ ਖਾਓ, ਜਿਨਾਂ ਵਿੱਚ ਪਾਣੀ ਦੀ ਮਾਤਰਾ ਜਿਆਦਾ ਹੁੰਦੀ ਹੈ।
- ਪਾਣੀ ਦੀ ਬੋਤਲ ਨਾਲ ਲੈ ਕੇ ਚੱਲੋ ਅਤੇ ਥੋੜੇ ਥੋੜੇ ਸਮੇਂ ਬਾਅਦ ਪਾਣੀ ਪੀਂਦੇ ਰਹੋ। ਨਿੰਬੂ ਪਾਣੀ, ਲੱਸੀ, ਨਾਰੀਅਲ ਪਾਣੀ ਦਾ ਸੇਵਨ ਕਰੋ।
- ਸ਼ਰਾਬ, ਚਾਹ, ਕਾਫੀ, ਸੋਫਟ ਅਤੇ ਕਾਰਬੋਨੇਟਿਡ ਅਤੇ ਵਾਧੂ ਮਿੱਠੇ ਪੀਣ ਵਾਲੇ ਪਦਾਰਥਾਂ ਤੋਂ ਪਰਹੇਜ਼ ਕਰੋ ਕਿਉਂਕਿ ਇਹ ਅਸਲ ਵਿੱਚ ਬਾਡੀ ਫਲੂਡਜ਼ ਨੂੰ ਖਤਮ ਕਰਦੇ ਹਨ।
- ਲੰਬੇ ਸਮੇਂ ਤੱਕ ਧੁੱਪ ਵਿੱਚ ਖੜ੍ਹੇ ਵਾਹਨਾਂ ਵਿੱਚ ਬੈਠਣ ਸਮੇਂ ਸਾਵਧਾਨੀ ਵਰਤੋ।

ਖਾਸ ਤੌਰ ਤੇ ਨਵਜੰਮੇ ਤੇ ਛੋਟੇ ਬੱਚੇ, ਗਰਭਵਤੀ ਔਰਤਾਂ, 65 ਸਾਲ ਜਾਂ ਵੱਧ ਉਮਰ ਦੇ ਬਜ਼ੁਰਗ, ਮੋਟਾਪੇ ਤੋਂ ਪੀੜਤ ਵਿਅਕਤੀ, ਮਾਨਸਿਕ ਰੋਗੀ, ਜੋ ਸਰੀਰਕ ਤੌਰ 'ਤੇ ਬਿਮਾਰ ਹਨ, ਦਿਲ ਦੀ ਬਿਮਾਰੀ ਜਾਂ ਹਾਈ ਬਲੱਡ ਪ੍ਰੈਸ਼ਰ, ਅਨਿਯੰਤ੍ਰਿਤ ਸ਼ੂਗਰ ਦੇ ਮਰੀਜ਼ ਜਾਂ ਧੁੱਪ ਵਿੱਚ ਕੰਮ ਕਰਨ ਵਾਲੇ ਮਜਦੂਰ, ਖਿਡਾਰੀ ਆਦਿ ਨੂੰ ਇਸ ਸੰਬੰਧੀ ਵਧੇਰੇ ਸਚੇਤ ਰਹਿਣ ਅਤੇ ਸਾਵਧਾਨੀਆਂ ਵਰਤਣ ਦੀ ਜਰੂਰਤ ਹੈ।

# ਜਲਾਲਾਬਾਦ (ਪੱ) ਦੇ ਸਕੂਲ ਪ੍ਰਿੰਸੀਪਲ ਨੂੰ ਬਿਨਾਂ ਸ਼ਰਤ ਬਹਾਲ ਕੀਤਾ ਜਾਵੇ: ਡੀ ਟੀ ਐੱਫ

## ਪ੍ਰਿੰਸੀਪਲ ਦੀ ਬਹਾਲੀ ਲਈ ਡੀ ਟੀ ਐੱਫ ਦੇ ਵਫ਼ਦ ਨੇ ਸਿੱਖਿਆ ਸਕੱਤਰ ਦੇ ਡਾਇਰੈਕਟਰ ਨੂੰ ਦਿੱਤਾ ਮੰਗ ਪੱਤਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com



ਦਲਜੀਤ ਕੌਰ

ਚੰਡੀਗੜ੍ਹ, 20 ਮਈ, 2025: ਗੌਤਮ ਖੁਰਾਣਾ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਲਾਲਾਬਾਦ (ਪੱ) ਜ਼ਿਲ੍ਹਾ ਫਾਜ਼ਿਲਕਾ ਵਿਰੁੱਧ ਸਿੰਗਾਪੁਰ ਟ੍ਰੇਨਿੰਗ ਦੌਰਾਨ ਟੂਰ ਗਾਈਡ ਨਾਲ ਦੁਰਵਿਹਾਰ ਕਰਨ ਦੇ ਵਾਰ ਦੋਸ਼ ਹੇਠ ਮੁਅੱਤਲ ਕੀਤਾ ਗਿਆ ਹੈ।

ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਦੱਸਿਆ ਕਿ ਡੀ ਟੀ ਐੱਫ ਨੂੰ ਪ੍ਰਿੰਸੀਪਲ ਗੌਤਮ ਖੁਰਾਣਾ ਅਤੇ ਉਹਨਾਂ ਨਾਲ ਗਏ ਪ੍ਰਿੰਸੀਪਲ ਸਾਹਿਬਾਨ ਜੋ ਉਸ ਸਮੇਂ ਉਹਨਾਂ ਦੇ ਨਾਲ ਹਾਜ਼ਰ ਸਨ ਤੋਂ ਮਿਲੀ ਜਾਣਕਾਰੀ ਅਨੁਸਾਰ ਅਨੁਸਾਰ ਉਕਤ ਘਟਨਾ ਦੌਰਾਨ ਉਨ੍ਹਾਂ ਵੱਲੋਂ ਕੇਵਲ ਤਰਕ ਅਧਾਰਿਤ ਆਪਣੀ ਗੱਲਬਾਤ ਰੱਖੀ ਗਈ ਸੀ ਅਤੇ ਕਿਸੇ ਤਰ੍ਹਾਂ ਦਾ ਦੁਰ ਵਿਹਾਰ ਨਹੀਂ ਕੀਤਾ ਗਿਆ ਸੀ। ਇਸ ਸਬੰਧੀ ਪ੍ਰਿੰਸੀਪਲ ਸ੍ਰੀ ਗੌਤਮ ਖੁਰਾਣਾ ਵੱਲੋਂ ਆਪਣਾ ਲਿਖਤੀ ਪੱਖ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਜੀ ਦੇ ਸਾਹਮਣੇ ਵੀ ਰੱਖਿਆ ਜਾ ਚੁੱਕਾ ਹੈ ਅਤੇ ਮਿਤੀ 13-05-2025 ਉਨ੍ਹਾਂ ਵੱਲੋਂ ਦਿੱਤੇ ਜਵਾਬ ਨੂੰ ਦਫਤਰ ਦਖ਼ਲ ਕੀਤਾ ਜਾ ਚੁੱਕਿਆ ਹੈ ਇਸ ਸਬੰਧੀ ਉਹਨਾਂ ਨੂੰ ਨੋਟਿਸ ਦਿੱਤਾ ਜਾ ਚੁੱਕਾ ਹੈ। ਪ੍ਰੰਤੂ ਸਕੱਤਰ ਸਿੱਖਿਆ ਵਿਭਾਗ ਪੰਜਾਬ ਦੇ ਨਵੇਂ ਹੁਕਮਾਂ ਅਨੁਸਾਰ ਪ੍ਰਿੰਸੀਪਲ ਸ੍ਰੀ ਗੌਤਮ ਖੁਰਾਣਾ ਨੂੰ ਇੱਕ ਪਾਸੜ ਢੰਗ ਨਾਲ ਮੁਅੱਤਲ ਕੀਤਾ ਗਿਆ ਹੈ, ਜਿਸਦਾ ਸਮੁੱਚੇ ਅਧਿਆਪਕ ਵਰਗ ਅੰਦਰ ਰੋਸ ਹੈ। ਆਗੂਆਂ ਨੇ ਸਿੱਖਿਆ ਵਿਭਾਗ ਵੱਲੋਂ ਜਾਰੀ ਪੱਤਰ ਵਿੱਚ ਵਰਤੀ ਗੈਰ-ਵਾਜਿਬ ਸ਼ਬਦਾਵਲੀ 'ਤੇ ਇਤਰਾਜ਼ ਉਠਾਉਂਦਿਆਂ ਕਿਹਾ ਕਿ ਇਸ ਸ਼ਬਦਾਵਲੀ ਦੇ ਅਧਾਰ 'ਤੇ ਸ਼ੋਸ਼ਲ ਮੀਡੀਆ 'ਤੇ ਬਿਨਾਂ ਅਸਲ ਤੱਥਾਂ ਦੀ ਪੜਤਾਲ ਕੀਤਿਆਂ ਉਨ੍ਹਾਂ ਦੀ ਕਿਰਦਾਰਕੁਸ਼ੀ ਹੋਈ ਹੋਰ ਵੀ ਮੰਦਭਾਗੀ ਹੈ, ਇਸਦਾ ਜ਼ਿੰਮੇਵਾਰ ਵੀ ਸਿੱਖਿਆ ਵਿਭਾਗ ਹੈ। ਆਗੂਆਂ ਨੇ ਕਿਹਾ ਕਿ ਸਿੱਖਿਆ ਵਿਭਾਗ ਵੱਲੋਂ ਲਏ ਗਏ ਇਸ ਫੈਸਲੇ ਨਾਲ ਇੱਕ ਸਿੱਖਿਆ ਅਧਿਕਾਰੀ ਦੇ ਮਨੋਬਲ ਅਤੇ ਮਾਨ ਸਨਮਾਨ ਨੂੰ ਘਟਾਇਆ ਹੈ ਜਿਸਦਾ ਮਾੜਾ ਪ੍ਰਭਾਵ ਬਾਕੀ ਸਿੱਖਿਆ ਅਧਿਕਾਰੀਆਂ ਅਤੇ ਕਰਮਚਾਰੀਆਂ ਉਪਰ ਵੀ ਪਵੇਗਾ। ਸਿੱਖਿਆ ਵਿਭਾਗ ਦੀ ਇਸ ਗੈਰ ਵਾਜਬ ਕਾਰਵਾਈ ਨੂੰ ਦੇਖਦੇ ਹੋਏ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਵੱਲੋਂ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਸਵਿੰਦਰ ਔਜਲਾ ਅਤੇ ਵਿਕਰਮਜੀਤ ਮਾਲੇਰਕੋਟਲਾ ਦੀ ਅਗਵਾਈ ਹੇਠ ਵਫਦ ਨੇ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ ) ਪੰਜਾਬ ਸ੍ਰੀ ਗੁਰਿੰਦਰਜੀਤ ਸਿੰਘ ਸੋਢੀ ਨੂੰ ਸਿੱਖਿਆ ਸਕੱਤਰ ਪੰਜਾਬ ਦੇ ਨਾਂ ਮੰਗ ਪੱਤਰ ਸੌਂਪਦਿਆਂ ਮੰਗ ਕੀਤੀ ਹੈ ਕਿ ਪ੍ਰਿੰਸੀਪਲ ਸ੍ਰੀ ਗੌਤਮ ਖੁਰਾਣਾ ਨੂੰ ਤੁਰੰਤ ਪ੍ਰਭਾਵ ਤੋਂ ਬਹਾਲ ਕੀਤਾ ਜਾਵੇ। ਆਗੂਆਂ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਪ੍ਰਿੰਸੀਪਲ ਦੀ ਬਹਾਲੀ ਨਾ ਹੋਣ ਦੀ ਸਥਿਤੀ ਵਿੱਚ ਸੰਘਰਸ਼ ਵਿੱਢਣ ਦੀ ਚਿਤਾਵਨੀ ਵੀ ਦਿੱਤੀ।

# ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਨਿਯੁਕਤ ਪੰਜ ਮੈਂਬਰੀ ਭਰਤੀ ਕਮੇਟੀ ਨੂੰ ਜ਼ਿਲਾ ਹੁਸ਼ਿਆਰਪੁਰ 'ਚ ਮਿਲਿਆ ਵੱਡਾ ਹੁੰਗਾਰਾ

## •ਨਵੀਂ ਪਾਰਟੀ 'ਚ ਨਾ ਸਿਰਫ ਚਿਹਰੇ ਸਗੋਂ ਨੀਤੀਆਂ ਵੀ ਬਦਲੀਆਂ ਜਾਣਗੀਆਂ-ਮਨਪ੍ਰੀਤ ਸਿੰਘ ਇਆਲੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com




ਹੁਸ਼ਿਆਰਪੁਰ,20 ਮਈ (ਤਰਸੇਮ ਦੀਵਾਨਾ ) ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਨਿਰੋਲ ਪੰਥਕ ਜਮਾਤ ਅਤੇ ਖੇਤਰੀ ਰਾਜਨੀਤਿਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਪੁਨਰ ਸੁਰਜੀਤ ਕਰਨ ਲਈ ਨਿਯੁਕਤ ਕੀਤੀ ਗਈ ਪੰਜ ਮੈਂਬਰੀ ਭਰਤੀ ਕਮੇਟੀ ਵੱਲੋਂ ਅਸੀਂ ਸਮੂੰਹ ਪੰਜਾਬ ਦੇ ਲੋਕਾਂ ਅਤੇ ਸਿੱਖ ਪੰਥ ਨੂੰ ਵਿਸ਼ਵਾਸ ਦਿਵਾਉਂਦੇ ਹਾਂ ਕਿ ਨਵੀਂ ਪਾਰਟੀ ਵਿੱਚ ਨਾ ਸਿਰਫ ਚਿਹਰੇ ਸਗੋਂ ਨੀਤੀਆਂ ਵੀ ਬਦਲੀਆਂ ਜਾਣਗੀਆਂ ਤਾਂ ਜੋ ਰਾਜਨੀਤਿਕ ਤੌਰ ਤੇ ਪੰਜਾਬ ਅਤੇ ਧਾਰਮਿਕ ਤੌਰ ਤੇ ਸਿੱਖ ਪੰਥ ਪ੍ਰਤੀ ਜ਼ਿੰਮੇਵਾਰੀਆਂ ਨੂੰ ਉਸਾਰੂ ਤੇ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਇਆ ਜਾ ਸਕੇ | ਇਹ ਵਿਚਾਰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਸਥਾਪਿਤ ਕੀਤੀ ਪੰਜ ਮੈਂਬਰੀ ਭਰਤੀ ਕਮੇਟੀ ਦੇ ਮੈਂਬਰ ਮਨਪ੍ਰੀਤ ਸਿੰਘ ਇਆਲੀ ਨੇ ਸਿਟੀ ਸੈਂਟਰ ਹੁਸ਼ਿਆਰਪੁਰ ਵਿਖੇ ਦੋ ਵਾਰ ਚੁਣੇ ਹਲਕਾ ਗੜ੍ਹਸ਼ੰਕਰ ਦੇ ਵਿਧਾਇਕ ਅਤੇ ਮੈਂਬਰ ਸ਼੍ਰੋਮਣੀ ਕਮੇਟੀ ਮੈਂਬਰ ਦੀ ਅਗਵਾਈ 'ਚ ਕਰਵਾਈ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ | ਇਸ ਵਿਸ਼ਾਲ ਰੈਲੀ ਵਿੱਚ ਉਚੇਚੇ ਤੌਰ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ,ਮਨਪ੍ਰੀਤ ਸਿੰਘ ਇਆਲੀ,ਗੁਰਪ੍ਰਤਾਪ ਸਿੰਘ ਵਡਾਲਾ,ਸੰਤਾ ਸਿੰਘ ਉਮੈਦਪੁਰੀ,ਇਕਬਾਲ ਸਿੰਘ ਝੂੰਦਾ,ਸਾਬਕਾ ਖਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ,ਬੀਬੀ ਜਗੀਰ ਕੌਰ ਸਾਬਕਾ ਪ੍ਰਧਾਨ ਸ਼੍ਰੋਮਣੀ ਕਮੇਟੀ, ਪ੍ਰੇਮ ਸਿੰਘ ਚੰਦੂਮਾਜਰਾ, ਸੁੱਚਾ ਸਿੰਘ ਛੋਟੇਪੁਰ,ਸੁਖਦੇਵ ਸਿੰਘ ਫਗਵਾੜਾ ਆਦਿ ਆਗੂ ਮੌਜੂਦ ਸਨ | ਪੰਥ ਪ੍ਰਸਿੱਧ ਢਾਡੀ ਭਾਈ ਸੁਖਬੀਰ ਸਿੰਘ ਚੌਹਾਨ ਵੱਲੋਂ ਪੰਥਕ ਵਾਰਾਂ ਸੁਣਾਉਣ ਉਪਰੰਤ ਆਰੰਭ ਹੋਈ ਪੰਥਕ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਕਿ ਪੰਥਕ ਜਮਾਤ ਜਿਸ ਤੋਂ ਸਿੱਖ ਕੌਮ ਤੇ ਪੰਜਾਬ ਨੂੰ ਬਹੁਤ ਆਸਾਂ ਤੇ ਉਮੀਦਾਂ ਸਨ। ਜਿਸ ਜਮਾਤ ਦੀ ਰਹਿਨੁਮਾਈ ਵੱਲ ਕਿਸੇ ਸਮੇਂ ਪੂਰਾ ਦੇਸ਼ ਦੇਖਿਆ ਕਰਦਾ ਸੀ ਚਾਹੇ ਉਹ ਲੜਾਈ ਆਜ਼ਾਦੀ ਦੀ ਸੀ, ਚਾਹੇ ਆਜ਼ਾਦੀ ਤੋਂ ਬਾਅਦ ਪੰਜਾਬੀ ਸੂਬੇ ਦੀ ਸੀ, ਚਾਹੇ ਐਮਰਜੈਂਸੀ ਦੀ ਲੜਾਈ ਸੀ, ਹਮੇਸ਼ਾ ਦੇਸ਼ ਅਤੇ ਪੰਜਾਬੀ ਇਹ ਦੇਖਦੇ ਸੀ ਕਿ ਜੇ ਸ਼੍ਰੋਮਣੀ ਅਕਾਲੀ ਦਲ ਨੇ ਕੋਈ ਮੂਵਮੈਂਟ ਤੋਰੀ ਹੈ ਤਾਂ ਉਹਨੂੰ ਸਿਰੇ ਲਾ ਕੇ ਛੱਡਣਗੇ। ਇਹ ਪ੍ਰਭਾਵ ਸੀ ਸਿੱਖ ਕੌਮ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਅਕਾਲੀ ਦਲ ਦਾ, ਜੋ ਸਾਡੇ ਅਜੋਕੇ ਸਮੇਂ ਦੀ ਅਕਾਲੀ ਲੀਡਰਸ਼ਿਪ ਦੀਆਂ ਗਲਤੀਆਂ, ਨਲਾਇਕੀਆਂ ਦੇ ਕਾਰਨ ਇਹ ਪ੍ਰਭਾਵ ਤੇ ਸਤਿਕਾਰ ਖਤਮ ਕਰ ਲਿਆ ਅਤੇ ਜਿਸ ਕਰਕੇ ਸਤਿਕਾਰਯੋਗ ਸਿੰਘ ਸਾਹਿਬਾਨ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਪੰਥ ਦਾ ਭਰੋਸਾ ਅਤੇ ਨੈਤਿਕ ਅਧਿਕਾਰ ਗੁਆ ਚੁੱਕੀ ਲੀਡਰਸ਼ਿਪ ਨੂੰ ਬਦਲਣ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਪੁਨਰ ਸੁਰਜੀਤ ਕਰਨ ਲਈ ਆਦੇਸ਼ ਜਾਰੀ ਕਰਨੇ ਪਏ | ਇਹਨਾਂ ਆਦੇਸ਼ਾਂ ਦੀ ਰੌਸ਼ਨੀ ਵਿੱਚ ਭਰਤੀ ਕਮੇਟੀ ਵੱਲੋਂ ਸ਼ੁਰੂ ਕੀਤੀ ਗਈ ਭਰਤੀ ਮੁਹਿੰਮ ਨੂੰ ਪੰਜਾਬ ਦੇ ਹਰ ਜਿਲੇ ਵਿੱਚ ਵੱਡਾ ਹੁੰਗਾਰਾ ਮਿਲਿਆ ਹੈ ਹੁਣ ਤੱਕ ਪੰਜਾਬ ਦੇ ਤਕਰੀਬਨ 12 ਤੋਂ 14 ਜਿਲਿਆਂ ਵਿੱਚ ਰੈਲੀਆਂ ਕਰ ਲਈਆਂ ਗਈਆਂ ਹਨ ਜੋ ਪੂਰਨ ਤੌਰ ਤੇ ਸਫਲ ਰਹੀਆਂ | ਭਰਤੀ ਕਮੇਟੀ ਦੇ ਮੈਂਬਰ ਸੰਤਾ ਸਿੰਘ ਉਮੈਦਪੁਰੀ, ਇਕਬਾਲ ਸਿੰਘ ਝੂੰਦਾ ਅਤੇ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ ਦੀ ਰੋਸ਼ਨੀ ਵਿੱਚ ਸਾਨੂੰ ਅਜਿਹੀ ਵਧੀਆ ਲੀਡਰਸ਼ਿਪ ਮਿਲੇਗੀ ਜੋ ਸਿਰਫ ਕੁਰਬਾਨੀ ਤਿਆਗ ਤੇ ਸੇਵਾ ਨੂੰ ਸਮਰਪਿਤ ਹੋਏਗੀ। ਜਿਹਦਾ ਕੋਈ ਨਿੱਜੀ ਸਵਾਰਥ ਨਹੀਂ ਹੋਏਗਾ ਅਤੇ ਅਸੀਂ ਤੁਹਾਨੂੰ ਇਸ ਗੱਲ ਦਾ ਵਿਸ਼ਵਾਸ ਅਤੇ ਭਰੋਸਾ ਦਿੰਨੇ ਹਾਂ ਕਿ ਜਿਸ ਭਾਵਨਾ ਨਾਲ ਸ੍ਰੀ ਅਕਾਲ ਤਖਤ ਸਾਹਿਬ ਤੋਂ ਆਦੇਸ਼ ਹੋਏ ਨੇ ਉਸ ਭਾਵਨਾ ਦੀ ਇਨ ਬਿਨ ਪਾਲਣਾ ਵੀ ਕੀਤੀ ਜਾਏਗੀ ਅਤੇ ਗੁਰੂ ਮਹਾਰਾਜ ਕਿਰਪਾ ਕਰਨ ਤਾਂ ਜੋ ਪੰਥ ਪ੍ਰਵਾਣਤ ਲੀਡਰਸ਼ਿਪ ਕੌਮ ਨੂੰ ਮਿਲੇ, ਜਿਹੜੀ ਕਿਸੇ ਸਰਕਾਰ ਦੇ ਭੈਅ ਹੇਠ ਕੰਮ ਨਾ ਕਰੇ, ਕਿਸੇ ਦਬਾਅ, ਜਾਂ ਲਾਲਸਾਵਾਂ ਉਹਦੇ ਕਿਤੇ ਨੇੜੇ ਵੀ ਨਾ ਹੋਣ, ਪਰ ਉਹਨਾਂ ਵਿੱਚ ਨਿਰੋਲ ਰੂਪ ਵਿੱਚ ਪੰਥ ਪ੍ਰਸਤੀ, ਪੰਜਾਬ ਕੌਮ ਦੇ ਭਲੇ ਤੇ ਹਿੱਤਾਂ ਦੀ ਪਹਿਰੇਦਾਰ ਹੋਵੇ। ਇਸ ਮੌਕੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਸਾਬਕਾ ਖਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਸਾਬਕਾ ਐਮਪੀ ਪ੍ਰੇਮ ਸਿੰਘ ਚੰਦੂ ਮਾਜਰਾ,ਸਾਬਕਾ ਮੰਤਰੀ ਸੁੱਚਾ ਸਿੰਘ ਛੋਟੇਪੁਰ ਅਤੇ ਹੋਰ ਆਗੂਆਂ ਨੇ ਬਾਦਲ ਪਰਿਵਾਰ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਨਾਲ ਨਾਲ ਪੰਜਾਬ ਦੇ ਹਿੱਤਾਂ ਨਾਲ ਕੀਤੇ ਘਾਣ ਬਾਰੇ ਲੰਬੀ ਵਿਚਾਰ ਚਰਚਾ ਕਰਦਿਆਂ ਕਿਹਾ ਕਿ ਸ਼ਹੀਦਾਂ ਦੀ ਇਸ ਮਹਾਨ ਜਥੇਬੰਦੀ ਨੂੰ ਅਰਸ਼ ਤੋਂ ਫਰਸ਼ 'ਤੇ ਲਿਆਉਣ ਅਤੇ ਹੋਰ ਅਗਾਂਹ ਪਤਾਲ ਵਿੱਚ ਗਰਕਾਉਣ ਵਾਲੇ ਬਾਦਲ ਪਰਿਵਾਰ ਦੇ ਪਾਪਾਂ ਦਾ ਘੜਾ ਲਬਾਲਬ ਭਰ ਚੁੱਕਾ ਹੈ ਅਤੇ ਟਕਸਾਲੀ ਅਕਾਲੀ ਪਰਿਵਾਰਾਂ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਆ ਚੁੱਕੀ ਹੈ ਕਿ ਜੇਕਰ ਸ਼੍ਰੋਮਣੀ ਅਕਾਲੀ ਦਲ ਨੂੰ ਪੁਨਰ ਸੁਰਜੀਤ ਕਰਨਾ ਹੈ ਤਾਂ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਜਾਰੀ ਆਦੇਸ਼ਾਂ 'ਤੇ ਫੁੱਲ ਚੜ੍ਹਾ ਕੇ ਨਵੀਂ ਭਰਤੀ ਨੂੰ ਭਰਵਾਂ ਹੁੰਗਾਰਾ ਦਿੱਤਾ ਜਾਣਾ ਚਾਹੀਦਾ ਹੈ | ਇਸ ਮੌਕੇ ਠੇਕੇਦਾਰ ਨੇ ਇਸ ਰੈਲੀ ਨੂੰ ਸਫਲ ਬਣਾਉਣ ਵਿੱਚ ਹੁਸ਼ਿਆਰਪੁਰ ਜਿਲੇ ਦੇ ਸਮੁੱਚੇ ਟਕਸਾਲੀ ਅਕਾਲੀ ਵਰਕਰਾਂ ਦਾ ਦਿਲੋਂ ਧੰਨਵਾਦ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਵੱਡੀ ਗਿਣਤੀ ਵਿੱਚ ਮੈਂਬਰਸ਼ਿਪ ਫਾਰਮ ਸ਼ਨਾਖਤੀ ਦਸਤਾਵੇਜਾਂ ਸਮੇਤ ਭਰ ਕੇ ਦੇਣ ਉਹਨਾਂ ਦੱਸਿਆ ਕਿ ਵਿਦੇਸ਼ਾਂ ਵਿੱਚ ਬੈਠੇ ਪੰਥਕ ਹਿਤੈਸ਼ੀਆਂ ਲਈ ਵੀ ਆਨਲਾਈਨ ਮੈਂਬਰਸ਼ਿਪ ਦੀ ਵੈਬਸਾਈਟ ਜਾਰੀ ਕਰ ਦਿੱਤੀ ਗਈ ਹੈ | ਇਸ ਮੌਕੇ ਹੋਰਨਾਂ ਤੋਂ ਇਲਾਵਾ ,ਸਤਵਿੰਦਰਪਾਲ ਸਿੰਘ ਢੱਟ ਤਜਿੰਦਰ ਸਿੰਘ ਸੋਢੀ ਸਾਬਕਾ ਚੇਅਰਮੈਨ, ਮਨਪ੍ਰੀਤ ਸਿੰਘ ਸੈਣੀ ਪਰਮਿੰਦਰ ਸਿੰਘ ਪੰਨੂ ਕੰਗਮਾਈ, ਮਨਜੀਤ ਸਿੰਘ ਦਸੂਹਾ, ਮਾਸਟਰ ਕੁਲਵਿੰਦਰ ਸਿੰਘ ਜੰਡਾ, ਹਰਬੰਸ ਸਿੰਘ ਮੰਝਪੁਰ,ਸੰਤ ਕਰਮਜੀਤ ਸਿੰਘ ਟਿੱਬਾ ਸਾਹਿਬ ਸੰਤ ਬਲਵੀਰ ਸਿੰਘ ਟਿੱਬਾ ਸਾਹਿਬ,ਸੰਤ ਮਹਾਂਵੀਰ ਸਿੰਘ ਤਾਜੇਵਾਲ, ਸੁਖਵਿੰਦਰ ਸਿੰਘ ਮੂਨਕਾਂ, ਹਰਕਮਲ ਸਿੰਘ ਸਹੋਤਾ,ਬਲਵਿੰਦਰ ਸਿੰਘ ਬੇਬੀ,ਮਨਪ੍ਰੀਤ ਸਿੰਘ,ਕਮਲਜੀਤ ਸਿੰਘ ਭੂਪਾ, ਜਸਪਾਲ ਸਿੰਘ,ਓਂਕਾਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਅਕਾਲੀ ਵਰਕਰ ਅਤੇ ਸਮਰਥਕ ਹਾਜ਼ਰ ਸਨ !

# ਸੰਗਰੂਰ ਸ਼ਹਿਰ ਵਿੱਚ ਪਾਣੀ ਤੇ ਸੀਵਰੇਜ ਦੀਆਂ ਸ਼ਿਕਾਇਤਾਂ ਲਈ ਟੋਲ ਫਰੀ ਨੰਬਰ ਜਾਰੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com

ਸੰਗਰੂਰ,20 ਮਈ (ਜਗਸੀਰ ਸਿੰਘ ) - ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਚੰਡੀਗੜ੍ਹ ਦੇ ਮੁੱਖ ਦਫਤਰ ਵੱਲੋਂ ਕਾਰਜਕਾਰੀ ਅਫਸਰ ਮੈਡਮ ਦੀਪਤੀ ਉੱਪਲ (ਆਈ.ਏ.ਐਸ) ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੰਗਰੂਰ ਸ਼ਹਿਰ ਦੇ ਵਿੱਚ ਪਾਣੀ ਅਤੇ ਸੀਵਰੇਜ ਦੀਆਂ ਸ਼ਿਕਾਇਤਾਂ ਨੂੰ ਮੁੱਖ ਰੱਖਦਿਆਂ ਟੋਲ ਫਰੀ ਨੰਬਰ ਜਾਰੀ ਕੀਤਾ ਹੈ। ਜਿਸ ਬਾਰੇ ਜਾਣਕਾਰੀ ਦਿੰਦਿਆਂ ਇੰਜੀਨੀਅਰ ਸਿਮਰਜੀਤ ਸਿੰਘ ਨੇ ਦੱਸਿਆ ਸੰਗਰੂਰ ਸ਼ਹਿਰ ਦੇ ਅੰਦਰ ਹੋਣ ਵਾਲੀਆਂ ਪਾਣੀ ਅਤੇ ਸੀਵਰ ਦੀਆਂ ਸ਼ਿਕਾਇਤਾਂ ਦੇ ਲਈ ਲੋਕਾਂ ਨੂੰ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਸੀ ਸ਼ਹਿਰ ਦੇ ਲੋਕਾਂ ਨੂੰ ਖੱਜਲ ਖੁਆਰੀ ਤੋਂ ਬਚਣ ਦੇ ਲਈ ਟੋਲ ਫਰੀ ਨੰਬਰ 01672 295688 ਜਾਰੀ ਕੀਤਾ ਗਿਆ ਇਸ ਨੰਬਰ ਤੇ ਤੁਸੀਂ ਕਾਲ ਕਰਕੇ ਆਪਣੀ ਕੋਈ ਵੀ ਪਾਣੀ ਜਾਂ ਸੀਵਰੇਜ ਨਾਲ ਸਬੰਧਿਤ ਸ਼ਿਕਾਇਤ ਜਾਂ ਜਾਣਕਾਰੀ ਦੇ ਸਕਦੇ ਹੋ।



# ਪੰਜਾਬੀ ਯੂਨੀਵਰਸਿਟੀ ਵਿੱਚ ਬਣਨਗੇ ਦੋ ਨਵੇਂ ਹੋਸਟਲ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਮਈ INTERNATIONAL PAPER, 94636 01616 hardipchumber57@gmail.com

ਪਟਿਆਲਾ, 19 ਮਈ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੋਟਗੁਰੂ)- ਪੰਜਾਬੀ ਯੂਨੀਵਰਸਿਟੀ ਲਈ ਖੁਸ਼ੀ ਵਾਲ਼ੀ ਗੱਲ ਹੈ ਕਿ ਭਾਰਤ ਸਰਕਾਰ ਦੇ ਸਮਾਜਿਕ ਨਿਆਂ, ਸ਼ਕਤੀਕਰਨ ਅਤੇ ਘੱਟ ਗਿਣਤੀ ਵਿਭਾਗ ਵੱਲੋਂ ਪੰਜਾਬੀ ਯੂਨੀਵਰਸਿਟੀ ਕੈਂਪਸ ਵਿੱਚ ਦੋ ਨਵੇਂ ਹੋਸਟਲਾਂ ਦੇ ਨਿਰਮਾਣ ਨੂੰ ਮਨਜ਼ੂਰੀ ਦਿੱਤੀ ਗਈ ਹੈ। ਰਜਿਸਟਰਾਰ ਪ੍ਰੋ. ਸੰਜੀਵ ਪੁਰੀ ਨੇ ਇਸ ਬਾਰੇ ਜਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਦੋ ਹੋਸਟਲਾਂ ਵਿੱਚੋਂ ਇੱਕ ਹੋਸਟਲ ਓ.ਬੀ.ਸੀ. ਸ਼੍ਰੇਣੀ ਦੀਆਂ ਲੜਕੀਆਂ ਲਈ ਅਤੇ ਦੂਜਾ ਓ.ਬੀ.ਸੀ. ਸ਼੍ਰੇਣੀ ਦੇ ਲੜਕਿਆਂ ਲਈ ਹੋਵੇਗਾ। ਦੋਹੇਂ ਹੋਸਟਲਾਂ ਵਿੱਚ 100-100 ਵਿਦਿਆਰਥੀਆਂ ਲਈ ਸੀਟਾਂ ਉਪਲਬਧ ਹੋਣਗੀਆਂ। ਉਨ੍ਹਾਂ ਦੱਸਿਆ ਕਿ ਹਰੇਕ ਹੋਸਟਲ ਲਈ 3.5 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ, ਯਾਨੀ ਪੰਜਾਬੀ ਯੂਨੀਵਰਸਿਟੀ ਲਈ ਕੁੱਲ 7.00 ਕਰੋੜ ਰੁਪਏ ਮਨਜ਼ੂਰ ਹੋਏ ਹਨ।

ਜ਼ਿਕਰਯੋਗ ਹੈ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਕੈਂਪਸ ਵਿੱਚ ਵਿਦਿਆਰਥੀਆਂ ਦੀ ਕੁੱਲ ਗਿਣਤੀ 12,000 ਦੇ ਕਰੀਬ ਹੈ ਪਰ ਹਾਲ ਦੀ ਘੜੀ ਇੱਥੇ ਸਿਰਫ਼ 5000 ਵਿਦਿਆਰਥੀਆਂ ਲਈ ਹੀ ਹੋਸਟਲ ਰਿਹਾਇਸ਼ ਦੀ ਸਹੂਲਤ ਉਪਲਬਧ ਹੈ। ਇਸ ਲਈ ਵਿਦਿਆਰਥੀਆਂ ਖਾਸ ਕਰਕੇ ਲੜਕੀਆਂ ਲਈ ਹੋਸਟਲ ਰਿਹਾਇਸ਼ ਦੀ ਵੱਡੀ ਘਾਟ ਹੈ। ਇਸ ਤੋਂ ਇਲਾਵਾ ਯੂਨੀਵਰਸਿਟੀ ਨੇ ਹਾਲ ਹੀ ਵਿੱਚ ਰਾਸ਼ਟਰੀ ਸਿੱਖਿਆ ਨੀਤੀ - 2020 ਦੇ ਤਹਿਤ 26 ਵਿਭਾਗਾਂ ਵਿੱਚ ਯੂ.ਜੀ-ਪੀ.ਜੀ ਪ੍ਰੋਗਰਾਮ ਵੀ ਸ਼ੁਰੂ ਕੀਤੇ ਹਨ। ਇਸ ਲਈ ਹੋਸਟਲਾਂ ਵਿੱਚ ਕੁੱਲ ਉਪਲਬਧ ਰਿਹਾਇਸ਼ ਵਿੱਚ ਵਾਧਾ ਸਬੰਧਤ ਮੰਗ ਨੂੰ ਪੂਰਾ ਨਹੀਂ ਕਰ ਰਿਹਾ ਹੈ। ਇਸ ਸਥਿਤੀ ਵਿੱਚ ਅਜਿਹੀ ਖ਼ਬਰ ਯੂਨੀਵਰਸਿਟੀ ਲਈ ਖੁਸ਼ੀ ਵਾਲ਼ੀ ਹੈ।ਵਰਨਣਯੋਗ ਹੈ ਕਿ ਯੂਨੀਵਰਸਿਟੀ ਨੇ ਰਾਖਵੇਂ ਵਰਗ ਦੇ ਵਿਦਿਆਰਥੀਆਂ ਨੂੰ 45 ਪ੍ਰਤੀਸ਼ਤ ਹੋਸਟਲ ਸੀਟਾਂ ਪ੍ਰਦਾਨ ਕੀਤੀਆਂ ਹਨ ਪਰ ਫਿਰ ਵੀ ਬਹੁਤ ਸਾਰੇ ਵਿਦਿਆਰਥੀ ਸੀਮਤ ਹੋਸਟਲ ਸੀਟਾਂ ਕਾਰਨ ਹੋਸਟਲ ਰਿਹਾਇਸ਼ ਦਾ ਲਾਭ ਲੈਣ ਤੋਂ ਅਸਮਰੱਥ ਰਹਿ ਜਾਂਦੇ ਹਨ। ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਪ੍ਰੋ. ਕਰਮਜੀਤ ਸਿੰਘ ਦੀ ਅਗਵਾਈ ਹੇਠ ਯੂਨੀਵਰਸਿਟੀ ਦੇ ਅਧਿਕਾਰੀਆਂ ਵੱਲੋਂ ਯੂਨੀਵਰਸਿਟੀ ਨੂੰ ਹੋਸਟਲ ਅਲਾਟ ਕਰਨ ਲਈ ਸਰਕਾਰ ਦਾ ਧੰਨਵਾਦ ਕੀਤਾ ਗਿਆ। ਪ੍ਰੋ. ਕਰਮਜੀਤ ਸਿੰਘ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਵਿੱਚ ਪੜ੍ਹ ਰਹੇ ਜ਼ਿਆਦਾਤਰ ਵਿਦਿਆਰਥੀ ਪੰਜਾਬ ਦੇ ਮਾਲਵਾ ਖੇਤਰ ਦੇ ਪੇਂਡੂ ਖੇਤਰਾਂ ਨਾਲ਼ ਸਬੰਧਤ ਹਨ। ਨਵੇਂ ਹੋਸਟਲਾਂ ਦੀ ਉਸਾਰੀ ਨਾਲ ਓ.ਬੀ.ਸੀ. ਸ਼੍ਰੇਣੀ ਦੇ ਵਿਦਿਆਰਥੀਆਂ ਨੂੰ ਪੜ੍ਹਾਈ ਵਿੱਚ ਸਹੂਲਤ ਮਿਲੇਗੀ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦੇ ਹੋਸਟਲ ਵਿੱਚ ਵਧੇਰੇ ਸੀਟਾਂ ਦੀ ਉਪਲਬਧਤਾ ਖਾਸ ਕਰ ਕੇ ਉਨ੍ਹਾਂ ਵਿਦਿਆਰਥੀਆਂ ਨੂੰ ਸਹੂਲਤ ਦੇਵੇਗੀ ਜੋ ਪੀ.ਜੀ. ਰਿਹਾਇਸ਼ ਦੇ ਰੂਪ ਵਿੱਚ ਨਿੱਜੀ ਰਿਹਾਇਸ਼ ਦੇ ਖਰਚੇ ਦੇਣ ਵਿੱਚ ਅਸਮਰੱਥ ਹਨ।

# ਪੰਜਾਬੀ ਯੂਨੀਵਰਸਿਟੀ ਪ੍ਰੀਖਿਆ ਸ਼ਾਖਾ ਦੀ ਕਾਰਗੁਜ਼ਾਰੀ ਬਿਹਤਰ ਕਰਨ ਲਈ ਦਿੱਤਾ ਜਾ ਰਿਹਾ ਹੈ ਵਿਸ਼ੇਸ਼ ਧਿਆਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਮਈ INTERNATIONAL PAPER, 94636 01616 hardipchumber57@gmail.com

ਪਟਿਆਲਾ, 20 ਮਈ (ਅੰਗਰੇਜ ਸਿੰਘ ਵਿੱਕੀ/ਬਲਜੀਤ ਸਿੰਘ ਕੋਟਗੁਰੂ)- ਪੰਜਾਬੀ ਯੂਨੀਵਰਸਿਟੀ ਦੀ ਪ੍ਰੀਖਿਆ ਸ਼ਾਖਾ ਦੀ ਕਾਰਗੁਜ਼ਾਰੀ ਬਿਹਤਰ ਕਰਨ ਲਈ ਯੂਨੀਵਰਸਿਟੀ ਅਥਾਰਿਟੀਜ਼ ਵੱਲੋਂ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਅਥਾਰਿਟੀਜ਼ ਦਾ ਕਹਿਣਾ ਹੈ ਕਿ ਪ੍ਰੀਖਿਆ ਸ਼ਾਖਾ ਦੇ ਸੁਚਾਰੂ ਸੰਚਾਲਨ ਲਈ ਕਿਸੇ ਕਿਸਮ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਪ੍ਰੀਖਿਆ ਸ਼ਾਖਾ ਦੇ ਵੱਖ-ਵੱਖ ਕਾਰਜਾਂ ਨਾਲ਼ ਜੁੜੀਆਂ ਵਿੱਤੀ ਅਦਾਇਗੀਆਂ ਪੱਖੋਂ ਵੀ ਨਿਰੰਤਰ ਕਦਮ ਚੁੱਕੇ ਜਾ ਰਹੇ ਹਨ। ਵੱਖ-ਵੱਖ ਪ੍ਰੀਖਿਆਵਾਂ ਦੇ ਪੇਪਰ ਚੈਕਿੰਗ ਸਬੰਧੀ 5 ਮਈ 2024 ਤੋਂ 19 ਮਈ 2025 ਦਰਮਿਆਨ ਤਕਰੀਬਨ ਡੇਢ ਕਰੋੜ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਪ੍ਰਸ਼ਨ ਪੱਤਰਾਂ ਦੀ ਛਪਾਈ ਅਤੇ ਇਸ ਨਾਲ ਜੁੜੇ ਹੋਰ ਗੁਪਤ ਕਾਰਜਾਂ ਉੱਤੇ 2025 ਸੈਸ਼ਨ ਦੇ ਇਸੇ ਸਮੇਂ ਲਈ ਲਗਭਗ ਪੰਜਾਹ ਲੱਖ ਰੁਪਏ ਅਤੇ 2026 ਸੈਸ਼ਨ ਲਈ ਲਗਭਗ ਪੰਤਾਲੀ ਲੱਖ ਰੁਪਏ ਖਰਚ ਕੀਤੇ ਜਾ ਚੁੱਕੇ ਹਨ। ਖਾਲੀ ਜਵਾਬ ਕਾਪੀਆਂ ਦੀ ਤਿਆਰੀ ਲਈ ਲਗਭਗ ਇੱਕ ਕਰੋੜ ਪਚਵੰਜਾ ਲੱਖ ਰੁਪਏ ਖਰਚੇ ਗਏ ਹਨ। 2024-25 ਸੈਸ਼ਨ ਦੌਰਾਨ ਪ੍ਰੀਖਿਆਵਾਂ ਦੇ ਪ੍ਰਬੰਧ ਬਾਬਤ ਤਕਰੀਬਨ ਇੱਕ ਕਰੋੜ ਚੁਤਾਲ਼ੀ ਲੱਖ ਰੁਪਏ ਰਾਸ਼ੀ ਖਰਚੀ ਗਈ ਹੈ। ਇਸ ਤੋਂ ਇਲਾਵਾ 2024-25 ਸੈਸ਼ਨ ਦੌਰਾਨ ਪ੍ਰੀਖਿਆ ਸ਼ਾਖਾ ਨਾਲ ਜੁੜੇ ਕਾਰਜਾਂ ਲਈ ਦੋ ਬਲੈਰੋ ਗੱਡੀਆਂ ਦੀ ਖਰੀਦ ਵੀ ਕੀਤੀ ਗਈ ਜਿਨ੍ਹਾਂ ਉੱਤੇ ਤਕਰੀਬਨ ਬਾਈ ਲੱਖ ਰੁਪਏ ਖਰਚਾ ਆਇਆ। ਪੇਪਰ ਚੈਕਿੰਗ ਲਈ ਸਟਾਫ ਦੀ ਅਦਾਇਗੀ ਬਾਰੇ ਵੀ ਕਾਰਵਾਈ ਜਾਰੀ ਹੈ। ਇਸ ਸਬੰਧੀ ਤਕਰੀਬਨ ਚੌਂਤੀ ਲੱਖ ਰੁਪਏ ਦੀ ਰਾਸ਼ੀ ਦੇ ਬਿਲ ਆਡਿਟ ਨੂੰ ਭੇਜੇ ਜਾ ਚੁੱਕੇ ਹਨ ਅਤੇ ਲਗਭਗ ਇੱਕ ਕਰੋੜ ਤੇਰਾਂ ਲੱਖ ਰੁਪਏ ਦੀ ਰਾਸ਼ੀ ਦੇ ਬਿਲ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਲਈ ਭੇਜੇ ਹੋਏ ਹਨ। ਇਸ ਤੋਂ ਇਲਾਵਾ 2018-19 ਸੈਸ਼ਨ ਦੌਰਾਨ ਪ੍ਰੀਖਿਆਵਾਂ ਦੇ ਆਯੋਜਨ ਨਾਲ਼ ਜੁੜੇ ਸੁਪਰਵਾਈਜ਼ਰੀ ਸਟਾਫ਼ ਨੂੰ ਤਕਰੀਬਨ ਇੱਕ ਕਰੋੜ ਬਿਆਸੀ ਲੱਖ ਰੁਪਏ ਰਾਸ਼ੀ ਦੀ ਅਦਾਇਗੀ ਕੀਤੀ ਗਈ ਹੈ। ਇਸ ਤੋਂ ਇਲਾਵਾ ਨੇੜ-ਭਵਿੱਖ ਵਿੱਚ ਉੱਤਰ-ਪੱਤਰੀਆਂ ਦੀ ਟੇਬਲ ਮਾਰਕਿੰਗ ਦੇ ਪ੍ਰਬੰਧ ਲਈ ਵੀ ਵਿਚਾਰ ਕੀਤਾ ਜਾ ਰਿਹਾ ਹੈ।ਪ੍ਰੀਖਿਆ ਸ਼ਾਖਾ ਨਾਲ ਜੁੜੇ ਕੰਮਾਂ ਨੂੰ ਸੁਚਾਰੂ ਰੂਪ ਵਿੱਚ ਨੇਪਰੇ ਚਾੜ੍ਹਨ ਲਈ ਵਾਹਨ ਜਾਂ ਡਰਾਈਵਰ ਪੱਖੋਂ ਕਿਸੇ ਵੀ ਕਿਸਮ ਦੀ ਕੋਈ ਦਿੱਕਤ ਨਹੀਂ ਹੈ। ਪ੍ਰੀਖਿਆ ਸ਼ਾਖਾ ਕੋਲ ਇਸ ਮਕਸਦ ਲਈ ਚਾਰ ਗੱਡੀਆਂ ਆਪਣੇ ਚਾਰ ਡਰਾਈਵਰਾਂ ਸਮੇਤ ਹਮੇਸ਼ਾ ਉਪਲਬਧ ਰਹਿੰਦੀਆਂ ਹਨ ਜੋ ਕਿ ਅੱਠ ਵੱਖ-ਵੱਖ ਰੂਟਾਂ ਉੱਤੇ ਜਾਂਦੀਆਂ ਹਨ। ਹਰੇਕ ਰੂਟ ਉੱਤੇ ਲੋੜ ਅਨੁਸਾਰ ਇੱਕ ਦਿਨ ਛੱਡ ਕੇ ਗੱਡੀ ਭੇਜੇ ਜਾਣ ਵਿੱਚ ਕੋਈ ਮੁਸ਼ਕਿਲ ਨਹੀਂ ਹੈ।

# ਫੇਕ ਫੋਨ ਕਾਲਾਂ ਤੋਂ ਜ਼ਿਲ੍ਹਾ ਵਾਸੀ ਰਹਿਣ ਸੁਚੇਤ : ਡਿਪਟੀ ਕਮਿਸ਼ਨਰ

## • ਪ੍ਰਧਾਨ ਮੰਤਰੀ ਮਾਤਰੂ ਵੰਧਨਾ ਯੋਜਨਾ ਸਕੀਮ ਤਹਿਤ ਫੇਕ ਫੋਨ ਕਾਲਾ ਕਰਕੇ ਆਮ ਲੋਕਾਂ ਨਾਲ ਕੀਤੀ ਜਾ ਰਹੀ ਹੈ ਧੋਖਾਧੜੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਮਈ INTERNATIONAL PAPER, 94636 01616 hardipchumber57@gmail.com

ਬਠਿੰਡਾ, 20 ਮਈ (ਅੰਗਰੇਜ ਸਿੰਘ ਵਿੱਕੀ/ਬਲਜੀਤ ਸਿੰਘ ਕੋਟਗੁਰੂ)- ਭਾਰਤ ਸਰਕਾਰ ਵੱਲੋ ਚਲਾਈ ਜਾ ਰਹੀ ਪ੍ਰਧਾਨ ਮੰਤਰੀ ਮਾਤਰੂ ਵੰਧਨਾ ਯੋਜਨਾ ਸਕੀਮ ਤਹਿਤ ਜਿਥੇ ਔਰਤਾ ਨੂੰ ਪਹਿਲਾ ਬੱਚਾ ਹੋਣ ‘ਤੇ 5 ਹਜ਼ਾਰ ਰੁਪਏ ਅਤੇ ਦੂਜਾ ਬੱਚਾ ਲੜਕੀ ਹੋਣ ਮਗਰੋਂ 6 ਹਜ਼ਾਰ ਰੁਪਏ ਵਿੱਤੀ ਸਹਾਇਤਾ ਸਿਧੇ ਤੌਰ ‘ਤੇ ਉਨ੍ਹਾਂ ਦੇ ਖਾਤਿਆ ਵਿੱਚ ਦਿੱਤੀ ਜਾਂਦੀ ਹੈ ਪਰ ਉਥੇ ਹੀ ਆਮ ਲੋਕਾਂ ਨੂੰ ਇਸ ਸਕੀਮ ਦੇ ਨਾਮ ‘ਤੇ ਫੇਕ ਫੋਨ ਕਾਲਾ ਆ ਰਹੀਆਂ ਹਨ ਜਿਨ੍ਹਾਂ ਤੋਂ ਜ਼ਿਲ੍ਹਾ ਵਾਸੀ ਸੁਚੇਤ ਰਹਿਣ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਸਾਂਝੀ ਕੀਤੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਕੀਮ ਤਹਿਤ ਭਾਰਤ ਸਰਕਾਰ ਦੁਆਰਾ ਲਾਭਪਾਤਰੀ ਨੂੰ ਕੋਈ ਵੀ ਫੋਨ ਕਾਲ ਜਾਂ ਵਨ ਟਾਇਮ ਪਾਸਵਰਡ (ਓਟੀਪੀ) ਨਹੀਂ ਲਿਆ ਜਾਂਦਾ ਅਤੇ ਇਸ ਸਕੀਮ ਦਾ ਲਾਭ ਲਾਭਪਾਤਰੀ ਨੂੰ ਉਨ੍ਹਾਂ ਦੇ ਅਧਾਰ ਕਾਰਡ ਨਾਲ ਲਿੰਕ ਬੈਂਕ ਖਾਤੇ ਵਿੱਚ ਡੀਬੀਟੀ ਰਾਹੀ ਹੀ ਸਿੱਧੇ ਤੌਰ ‘ਤੇ ਲਾਭ ਦਿੱਤਾ ਜਾਂਦਾ ਹੈ। ਉਨ੍ਹਾਂ ਜ਼ਿਲ੍ਹੇ ਦੇ ਸਮੂਹ ਬਾਲ ਵਿਕਾਸ ਪ੍ਰੋਜੈਕਟ ਅਫਸਰਾਂ ਅਤੇ ਸੁਪਰਵਾਈਜਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਆਂਗਣਵਾੜੀ ਵਰਕਰ ਪਿੰਡਾਂ ਤੇ ਸਹਿਰਾਂ ਵਿੱਚ ਆਮ ਲੋਕਾਂ ਨੂੰ ਇਸ ਸਬੰਧੀ ਸੁਚੇਤ ਕਰਨ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੋਗਰਾਮ ਅਫਸਰ ਸ਼੍ਰੀ ਪੰਕਜ ਕੁਮਾਰ ਨੇ ਦੱਸਿਆ ਕਿ ਇਸ ਸਕੀਮ ਤਹਿਤ ਲਾਭਪਾਤਰੀਆਂ ਨੂੰ ਸ਼ਰਾਰਤੀ ਅਨਸਰਾਂ ਵਲੋਂ ਫੇਕ ਫੋਨ ਕਾਲਾਂ ਕੀਤੀਆਂ ਜਾ ਰਹੀਆਂ ਹਨ ਅਤੇ ਬਾਲ ਵਿਕਾਸ ਪ੍ਰੋਜੈਕਟ ਅਫਸਰ, ਸੰਗਰੂਰ ਵਿੱਚ ਰਜਿਸਟਰਡ ਲਾਭਪਾਤਰੀ ਸ਼੍ਰੀਮਤੀ ਵੀਰਪਾਲ ਕੌਰ ਦੇ ਖਾਤੇ ਵਿੱਚੋਂ 1348 ਰੁਪਏ ਕੱਟੇ ਗਏ ਹਨ।

# *ਜ਼ਿਲ੍ਹਾ ਪ੍ਰਸ਼ਾਸਨ ਬਠਿੰਡਾ ‘ਤੇ ਚਾਉਕੇ ਸਕੂਲ ਦੇ ਮਸਲੇ ‘ਤੇ ਕੀਤੀ ਵਾਅਦਾ ਖਿਲਾਫੀ

## ਡੈਮੋਕ੍ਰੈਟਿਕ ਟੀਚਰਜ਼ ਫਰੰਟ ਵੱਲੋਂ *ਪੀੜਤ ਅਧਿਆਪਕਾਂ ਦੇ ਸੰਘਰਸ਼ ਦੀ ਪੂਰਨ ਹਮਾਇਤ ਦਾ ਐਲਾਨ*,,

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਮਈ INTERNATIONAL PAPER, 94636 01616 hardipchumber57@gmail.com

ਮਾਨਸਾ, 20 ਮਈ ( ਆਤਮਾ ਸਿੰਘ ਪਮਾਰ ) ਆਪਣੀਆਂ ਹੱਕੀ ਮੰਗਾਂ ਲਈ ਪਿਛਲੇ 111ਦਿਨਾਂ ਤੋਂ ਲਗਾਤਾਰ ਸੰਘਰਸ਼ ਕਰ ਰਹੇ ਆਦਰਸ਼ ਮਾਡਲ ਸਕੂਲ ਚਾਉਕੇ ਦੇ ਅਧਿਆਪਕਾਂ ਦੀਆਂ ਸੇਵਾਵਾਂ ਬਹਾਲ ਕਰਨ ਸਮੇਂ ਅਧਿਆਪਕਾਂ ਨਾਲ ਕੀਤੇ ਪੱਖ ਪਾਤ ਦੀ ਅਧਿਆਪਕ ਜਥੇਬੰਦੀ ਡੈਮੋਕ੍ਰੈਟਿਕ ਟੀਚਰਜ਼ ਫਰੰਟ ਵੱਲੋਂ ਸਖਤ ਸ਼ਬਦਾਂ ‘ਚ ਨਿਖੇਧੀ ਕੀਤੀ ਗਈ।

ਫ਼ਰੰਟ ਦੇ ਸੂਬਾਈ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਅਤੇ ਸੂਬਾ ਜਨਰਲ ਸਕੱਤਰ ਰੇਸ਼ਮ ਸਿੰਘ ਬਠਿੰਡਾ ਦੀ ਅਗਵਾਈ ਵਿੱਚ ਡੀ ਟੀ ਐਫ਼ ਜਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਅਤੇ ਹਰਜਿੰਦਰ ਅਨੂਪਗੜ ਨੇ ਕਿਹਾ ਕਿ ਭਰਾਤਰੀ ਜੱਥੇਬੰਦੀਆਂ ਦੇ ਸਹਿਯੋਗ ਨਾਲ ਲੜੇ ਗਏ ਲੰਮੇ ਅਤੇ ਜਾਨ ਹੂਲਵੇਂ ਸੰਘਰਸ਼ ਤੋਂ ਅਧਿਆਪਕਾਂ ਦੀ ਮੁੜ ਬਹਾਲੀ ਸੰਭਵ ਹੋਈ ਸੀ ਅਤੇ ਭ੍ਰਿਸਟ ਪ੍ਰਬੰਧਕੀ ਕਮੇਟੀ ਤੋਂ ਪ੍ਰਬੰਧ ਵਾਪਸ ਲਿਆ ਗਿਆ ਸੀ। ਜੱਥੇਬੰਦੀ ਦੇ ਸੀਨੀਅਰ ਆਗੂਆਂ ਗੁਰਤੇਜ ਉਭਾ, ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਦੋਸ਼ ਲਗਇਆ ਕਿ ਬਠਿੰਡਾ ਜ਼ਿਲ੍ਹਾ ਪ੍ਰਸ਼ਾਸਨ ਪ੍ਰਬੰਧਕੀ ਕਮੇਟੀ ਦੀ ਬੀ ਟੀਮ ਵਾਂਗ ਕੰਮ ਕਰ ਰਿਹਾ ਹੈ। ਉਨ੍ਹਾਂ ਐਸ ਡੀ ਐਮ ਵੱਲੋਂ ਸਾਜ਼ਿਸੀ ਢੰਗ ਨਾਲ 65 ਟੀਚਰਾਂ ਦੀ ਮੁਅੱਤਲੀ ਰੱਦ ਕਰਕੇ 5 ਪੀੜਤ ਟੀਚਰਾਂ ਦੇ ਨਾਮ ਸੂਚੀ ‘ਚ ਦਰਜ ਨਾ ਕਰਨ ਨੂੰ ਮੰਦਭਾਗਾ ਕਰਾਰ ਦਿੰਦਿਆਂ ਤੁਰੰਤ ਪ੍ਰਭਾਵ ਤੋਂ ਸਾਰੇ ਅਧਿਆਪਕਾਂ ਨੂੰ ਬਹਾਲ ਕਰਨ ਦੀ ਮੰਗ ਕੀਤੀ। ਜਥੇਬੰਦੀ ਦੇ ਆਗੂਆਂ ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜਾਵਾਲ, ਹਰਫੂਲ ਸਿੰਘ, ਰਾਜਿੰਦਰ ਸਿੰਘ ਨੇ ਇਨ੍ਹਾਂ ਅਧਿਆਪਕਾਂ ਦੁਆਰਾ ਭਵਿੱਖ ਵਿੱਚ ਲੜੇ ਜਾਣ ਵਾਲੇ ਸੰਘਰਸ਼ ਦੌਰਾਨ ਭਰਵੀ ਸ਼ਮੂਲੀਅਤ ਕਰਨ ਦਾ ਐਲਾਨ ਕਰ ਦਿੱਤਾ ਹੈ।ਇਸ ਮੌਕੇ ਦਮਨਜੀਤ ਸਿੰਘ, ਮਨਦੀਪ ਕੋਟਲੀ, ਸਿਕੰਦਰ ਕੋਟਲੀ,ਨਵੀਨ ਬੋ ਹਾ , ਕੁ ਲ ਦੀ ਪ ਅੱ ਕਾ ਵਾ ਲੀ , ਅ ਮ ਰੀ ਕ ਬੋਹਾ,ਰਾਜ ਸਿੰਘ, ਸਪੋਲੀਆ, ਸੰਦੀਪ ਧਰਮਪੁਰਾ, ਗੁਰਦੀਪ ਬਰਨਾਲਾ, ਚਰਨਪਾਲ ਸਿੰਘ, ਜਸਵਿੰਦਰ ਹਾਕਮਵਾਲਾ, ਬਲਕਾਰ ਸਿੰਘ,ਰਾਜਿੰਦਰ ਸਿੰਘ ਐਚ ਟੀ,ਗੁਰਦੀਪ ਝੰਡੂਕੇ, ਸੁਖਚੈਨ ਸੇਖੋਂ, ਮੱਘਰ ਸਿੰਘ, ਜਗਪਾਲ ਸਿੰਘ, ਅਰਵਿੰਦਰ ਸਿੰਘ, , ਅਮਨਦੀਪ ਕੌਰ, ਬੇਅੰਤ ਕੌਰ, ਖੁਸ਼ਵਿੰਦਰ ਕੌਰ , ਅਮਰਪ੍ਰੀਤ ਕੌਰ,ਨਿਰਲੇਪ ਕੌਰ,ਮਨਵੀਰ ਕੌਰ, ਗੁਰਜੀਤ ਮਾ ਨ ਸਾ , ਅ ਮ ਰ ਜੀ ਤ ਸਿੰ ਘ , ਸੁ ਖ ਵਿੰ ਦ ਰ ਗਾਮੀਵਾਲਾ, ਜਸਵਿੰਦਰ ਕਾਮਰੇਡ, ਰੋਹਿਤ ਬੁਰਜ ਹਰੀ, ਹਰਵਿੰਦਰ ਸਮਾਓ, ਮਨਦੀਪ ਕੁਮਾਰ, ਕੁਲਵਿੰਦਰ ਦਲੇਲਵਾਲਾ, ਬਲਜਿੰਦਰ ਦਲੇਲਵਾਲਾ, ਧਰਮ ਸਿੰਘ,ਆਦਿ ਅਧਿਆਪਕ ਵੀ ਆਗੂ ਹਾਜ਼ਰ ਸਨ |

# ਪਿੰਡਾਂ ਸ਼ਹਿਰਾਂ ਅਤੇ ਕਸਬਿਆਂ ਵਿੱਚ ਮੀਟਿੰਗਾਂ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਜਾਗਰੂਕ ਕੀਤਾ ਜਾਵੇਗਾ : ਜੱਸ ਕਲਿਆਣ ਰਾਵਣ,

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਮਈ INTERNATIONAL PAPER, 94636 01616 hardipchumber57@gmail.com




ਹੁਸ਼ਿਆਰਪੁਰ / ਭੁਲੱਥ 20 ਮਈ ( ਤਰਸੇਮ ਦੀਵਾਨਾ ) ਵਾਲਮੀਕਨ ਟਾਈਗਰ ਫੋਰਸ ਦੀ ਵੱਲੋਂ ਭੁਲੱਥ ਵਿਖੇ ਜ਼ਿਲ੍ਹਾ ਪ੍ਰਧਾਨ ਜੱਸ ਕਲਿਆਣ ਰਾਵਣ, ਦੀ ਪ੍ਰਧਾਨਗੀ ਹੇਠ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ ਮੀਟਿੰਗ ਵਿੱਚ ਸ਼ਹਿਰ ਦੇ ਸੀਨੀਅਰ ਆਗੂ ਸੁਰਿੰਦਰ ਸਿੰਘ ਕੌਂਸਲਰ ਭੁੱਲਥ, ਲੰਬੜਦਾਰ ਪਰਮਜੀਤ ਸਿੰਘ ਨਡਾਲਾ, ਸਤਨਾਮ ਸਿੰਘ, ਸੁਖਦੇਵ ਸਿੰਘ ਭੰਗੂ ਜ਼ਿਲ੍ਹਾ ਮੀਤ ਪ੍ਰਧਾਨ, ਗੁਰਵਿੰਦਰ ਸਿੰਘ ਸੱਗਰਾਂਵਾਲੀ ਕਿਸਾਨ ਨੇਤਾ, ਬਿਸ਼ਨ ਬਹਿਰਾਮ ਪ੍ਰਧਾਨ ਸਾਂਝਾ ਮੋਰਚਾ ਪੰਜਾਬ, ਕੁਲਵਿੰਦਰਜੀਤ ਸਿੰਘ ਪ੍ਰਧਾਨ ਐਸਸੀ ਮੋਰਚਾ ਜਿਲਾ ਜਲੰਧਰ, ਅਤੇ ਹੋਰ ਸਾਥੀ ਹਾਜ਼ਰ ਹੋਏ।

ਇਸ ਮੌਕੇ ਐਸਸੀ, ਐਸਟੀ ਅਤੇ ਮਾਈਨੋਰਟੀ ਤੇ ਹੋ ਰਹੇ ਜ਼ੁਲਮਾਂ ਨੂੰ ਰੋਕਣ ਅਤੇ ਕੇਦਰ ਸਰਕਾਰ ਕੋਲੋਂ ਜਾਤੀ ਜਨ ਗਣਨਾ ਜਲਦ ਕਰਵਾਉਣ ਦੀ ਮੰਗ ਕੀਤੀ ਅਤੇ ਹੋਰ ਸਮਾਜਿਕ ਮੁੱਦਿਆਂ ਤੇ ਵੀ ਵਿਚਾਰ ਚਰਚਾ ਕੀਤੀ ਗਈ ਅਤੇ ਸੰਗਠਨ ਨੂੰ ਹੋਰ ਮਜਬੂਤ ਕਰਨ ਦੀ ਰਣਨੀਤੀ ਬਣਾਈ ਗਈ ਜਿਸ ਤਹਿਤ ਹਰ ਇੱਕ ਪਿੰਡ ਦੇ ਵਿੱਚ ਵਾਲਮੀਕਨ ਟਾਈਗਰ ਫੋਰਸ ਵੱਲੋਂ ਨੌਜਵਾਨਾਂ ਨਾਲ ਮੀਟਿੰਗਾਂ ਕੀਤੀਆਂ ਜਾਣਗੀਆਂ ਅਤੇ ਉਹਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਜਾਗਰੂਕ ਕੀਤਾ ਜਾਵੇਗਾ।

# ਸੰਪਾਦਕ ਦੇ ਨਾਮ ਖਤ

## ਗਰਮੀ ਵਿੱਚ ਰੱਖੋ ਬਚਾਅ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਮਈ INTERNATIONAL PAPER, 94636 01616 hardipchumber57@gmail.com

ਕੜਾਕੇ ਦੀ ਗਰਮੀ ਨੇ ਆਪਣਾ ਰੰਗ ਵਿਖਾਉਣਾ ਸ਼ੁਰੂ ਕਰ ਦਿੱਤਾ ਹੈ। ਜਿਆਦਾ ਗਰਮੀ ਨੇ ਜਿੱਥੇ ਫ਼ਸਲਾਂ ਅਤੇ ਸਬਜ਼ੀਆਂ ਦਾ ਨੁਕਸਾਨ ਕਰਨਾ ਸ਼ੁਰੂ ਕਰ ਦਿੱਤਾ ਹੈ, ਉੱਥੇ ਪੈ ਰਹੀ ਇਸ ਬਹੁਤ ਜਿਆਦਾ ਗਰਮੀ ਕਾਰਨ ਪਸ਼ੂ, ਪੰਛੀਆਂ ਦੇ ਨਾਲ ਨਾਲ ਇਨਸਾਨਾਂ ਨੂੰ ਵੀ ਆਪਣੀ ਲਪੇਟ ਵਿੱਚ ਲੈਣਾ ਸ਼ੁਰੂ ਕਰ ਦਿੱਤਾ ਹੈ। ਅੰਤਾਂ ਦੀ ਪੈ ਰਹੀ ਇਸ ਗਰਮੀ ਤੋਂ ਬਚਣ ਲਈ ਸਾਨੂੰ ਅਣ ਸਰਦੇ ਨੂੰ ਹੀ ਘਰੋਂ ਬਾਹਰ ਨਿਕਲਣਾ ਚਾਹੀਦਾ ਹੈ। ਜੇਕਰ ਜਾਣਾ ਵੀ ਪਵੇ ਤਾਂ ਘਰੋਂ ਪਾਣੀ ਜ਼ਰੂਰ ਨਾਲ ਲਿਜਾਣਾ ਚਾਹੀਦਾ ਹੈ। ਫਜ਼ੂਲ ਆਉਣਾ ਜਾਣਾ ਬਿਲਕੁੱਲ ਹੀ ਬੰਦ ਕਰ ਦੇਣਾ ਚਾਹੀਦਾ ਹੈ। ਪਸ਼ੂ, ਪੰਛੀਆਂ ਲਈ ਪੀਣ ਵਾਲੇ ਪਾਣੀ ਦਾ ਪ੍ਰਬੰਧ ਵੀ ਸਾਨੂੰ ਸਭ ਨੂੰ ਹੀ ਕਰਨਾ ਚਾਹੀਦਾ ਹੈ। ਬਜੁਰਗਾਂ ਅਤੇ ਬੱਚਿਆਂ ਨੂੰ ਗਰਮੀ ਤੋਂ ਬਚਾਉਣ ਲਈ ਉਹਨਾਂ ਦਾ ਖਾਸ ਖ਼ਿਆਲ ਰੱਖਣਾ ਚਾਹੀਦਾ ਹੈ। ਉਹਨਾਂ ਦੇ ਨਿੱਕੇ ਨਿੱਕੇ ਕੰਮ ਆਉਂਦੇ ਰਹਿਣਾ ਚਾਹੀਦਾ ਹੈ। ਗਰਮੀ ਦੇ ਮੌਸਮ ਵਿੱਚ ਸਾਨੂੰ ਸਭ ਨੂੰ ਇੱਕ ਦੂਜੇ ਦੀ ਹਮੇਸ਼ਾਂ ਸਹਾਇਤਾ ਕਰਦੇ ਰਹਿਣਾ ਚਾਹੀਦਾ ਹੈ। ਨਿੱਕੀਆਂ ਨਿੱਕੀਆਂ ਗੱਲਾਂ ਦਾ ਧਿਆਨ ਰੱਖਣ ਨਾਲ ਜਿੱਥੇ ਅਸੀਂ ਖ਼ੁਦ ਗਰਮੀ ਤੋਂ ਬਚ ਸਕਦੇ ਹਾਂ, ਉੱਥੇ ਦੂਜਿਆਂ ਨੂੰ ਵੀ ਬਚਾਉਣ ਵਿੱਚ ਮਦਦਗਾਰ ਹੋ ਸਕਦੇ ਹਾਂ। ਇਸੇ ਵਿੱਚ ਹੀ ਸਾਡੀ ਸਭ ਦੀ ਭਲਾਈ ਹੈ।

ਅੰਗਰੇਜ ਸਿੰਘ ਵਿੱਕੀ ਕੋਟਗੁਰੂ,
ਪਿੰਡ ਤੇ ਡਾਕ. ਕੋਟਗੁਰੂ (ਬਠਿੰਡਾ),

# ਪੰਜਾਬ ਭਰ ਵਿੱਚ ਡਰੱਗ ਮਾਫੀਆ ਦੇ ਖਿਲਾਫ ਨਵਾਂਸ਼ਹਿਰ ਚ ਧਰਨੇ ਲਈ ਪਿੰਡ ਰਟੈਂਡਾ ਵਿੱਚ ਮੀਟਿੰਗ ਕੀਤੀ ਗਈ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com





ਬੰਗਾ (ਚਰਨਜੀਤ ਸੱਲ੍ਹਾਂ )ਪੰਜਾਬ ਭਰ ਵਿੱਚ ਡਰਗ ਮਾਫੀਆ ਤੇ ਮਜੀਠਾ ਵਿੱਚ ਨਕਲੀ ਸ਼ਰਾਬ ਨਾਲ ਦੋ ਦਰਜਨ ਤੇ ਵਧ ਗਰੀਬ ਲੋਕਾਂ ਦੀਆਂ ਮੋਤਾਂ ਦੇ ਖਿਲਾਫ਼ ਬਸਪਾ ਪੰਜਾਬ ਵਲੋਂ 22 ਮਈ ਨੂੰ ਜਿਲਾ ਪੱਧਰ ਤੇ ਨਵਾਸ਼ਹਿਰ ਡਾ ਅੰਬੇਡਕਰ ਚੋਂਕ ਤੇ ਡੀ ਸੀ ਦਫਤਰ ਤਕ ਕੀਤੇ ਜਾ ਰਹੇ ਧਰਨਾ ਪ੍ਰਦਰਸ਼ਨ ਨੂੰ ਕਾਮਯਾਬ ਕਰਨ ਲਈ ਬੰਗਾ ਹਲਕੇ ਦੇ ਸੈਕਟਰ ਰਟੈਂਡਾ ਦੀ ਲੀਡਰਸ਼ਿਪ ਨਾਲ ਬਸਪਾ ਪੰਜਾਬ ਦੇ ਸੂਬਾਈ ਆਗੂ ਪ੍ਰਵੀਨ ਬੰਗਾ ਜੋਨ ਇੰਚਾਰਜ ਲੁਧਿਆਣਾ ਨੇ ਬਸਪਾ ਆਗੂ ਪਿਆਰਾ ਲਾਲ ਜੀ ਦੇ ਨਿਵਾਸ ਤੇ ਰਟੈਂਡਾ ਵਿਚਾਰ ਵਿਟਾਂਦਰਾ ਕਰਦੇ ਹੋਏ ਇਨਕਲਾਬੀ ਸਰਕਾਰ ਕਹਾਉਣ ਵਾਲੀ ਦੁਜੀਆਂ ਸਰਕਾਰਾਂ ਵਾਂਗ ਹਰ ਖੇਤਰ ਵਿੱਚ ਬੁਰੀ ਤਰ੍ਹਾਂ ਫੇਲ ਹੋਈ ਹੈ ਦਿਲੀ ਵਾਲਿਆਂ ਦੇ ਦਬਾਅ ਵਿੱਚ ਆਰ ਐਸ ਐਸ ਭਾਜਪਾ ਦੇ ਏਜੰਡੇ ਨੂੰ ਲਾਗੂ ਕਰਨ ਵਿੱਚ ਲਗੀ ਹੋਈ ਹੈ ਬਸਪਾ ਪੰਜਾਬ ਵਲੋਂ ਸ਼ੁਰੂ ਕੀਤੀ ਪੰਜਾਬ ਸੰਭਾਲੋ ਮੁਹਿੰਮ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ ਇਸ ਮੋਕੇ ਤੇ ਜਿਲਾ ਸਕੱਤਰ ਸੋਮ ਨਾਥ ਰਟੈਂਡਾ , ਬਾਮਸੇਫ ਦੇ ਸਾਬਕਾ ਜਿਲਾ ਇੰਚਾਰਜ ਬਸਪਾ ਆਗੂ ਮਾਸਟਰ ਸਤਪਾਲ ਰਟੈਂਡਾ ਜੀ, ਸੈਕਟਰ ਪ੍ਰਧਾਨ ਸੋਹਣ ਲਾਲ ਰਟੈਂਡਾ ਤੇ ਸਾਥੀ ਇਸ। ਮੋਕੇ ਤੇ ਰਟੈਂਡਾ ਤੋ ਵਹੀਕਲ ਰਾਹੀਂ ਸਾਥੀਆਂ ਸਮੇਤ ਨਵਾਸ਼ਹਿਰ ਪੁੱਜਣ ਦਾ ਭਰੋਸਾ ਦਿੱਤਾ

# “ਪੰਜਾਬ ਸੰਭਾਲੋ ਮੁਹਿੰਮ” ਦੇ ਤਹਿਤ ਬਸਪਾ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਕਰੇਗੀ - ਐਡਵੋਕੇਟ ਪਲਵਿੰਦਰ ਮਾਨਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com



ਚੱਬੇਵਾਲ( ਚਰਨਜੀਤ ਸੱਲ੍ਹਾਂ )ਅੱਜ ਮਿਤੀ 19-5-2025 ਨੂੰ ਪਿੰਡ ਮੇਹਟੀਆਣਾ ਹਲਕਾ ਚੱਬੇਵਾਲ ਵਿਖੇ ਮੀਟਿੰਗ ਕੀਤੀ ਗਈ ਜਿਸ ਦੇ ਵਿੱਚ ਵਿਸੇਸ ਤੌਰ ਤੇ ਹਲਕਾ ਚੱਬੇਵਾਲ ਦੇ ਇੰਚਾਰਜ ਐਡਵੋਕੇਟ ਪਲਵਿੰਦਰ ਮਾਨਾ ਜੀ, ਸੁਦੇਸ ਭੱਟੀ ਜੀ ਹਲਕਾ ਵਾਇਸ ਪ੍ਰਧਾਨ ਜੀ ਵਿਸੇਸ ਤੌਰ ਤੇ ਪੁਹਚੇ ਇਹ ਮੀਟਿੰਗ ਪੰਜਾਬ ਸਭਾਲੋ ਮੁਹਿੰਮ ਦੇ ਤਹਿਤ ਮਿਤੀ 22-5-2025 ਨੂੰ ਹੋਣ ਵਾਲੇ ਜਿਲਾ ਪੱਧਰੀ ਰੋਸ ਪ੍ਰਦਰਸ਼ਨ ਦੇ ਸਬੰਧ ਵਿੱਚ ਕੀਤੀ ਗਈ ਹੈ, ਜੋ ਕਿ ਬਹੁਜਨ ਸਮਾਜ ਪਾਰਟੀ ਵੱਲੋ ਪੂਰੇ ਪੰਜਾਬ ਦੇ ਅੰਦਰ ਇਹ ਰੋਸ ਪ੍ਰਦਰਸਨ ਡਰੱਗ ਮਾਫੀਆ ਅਤੇ ਪੰਜਾਬ ਸਰਕਾਰ ਦੇ ਖਿਲਾਫ ਕੀਤਾ ਜਾ ਰਿਆ ਹੈ ਜਿਸ ਦੇ ਸਬੰਧ ਵਿੱਚ ਆਏ ਹੋਏ ਆਗੂਆ ਨੇ ਲੋਕਾਂ ਨੂੰ ਲਾਮਬੰਦ ਕੀਤਾ ਤੇ ਵੱਡੀ ਗਿਣਤੀ ਦੇ ਵਿੱਚ ਮਿਤੀ 22-5-2025 ਨੂੰ ਸਹੀਦ ਊਧਮ ਸਿੰਘ ਪਾਰਕ ਹੁਸ਼ਿਆਰਪੁਰ ਵਿਖ਼ੇ ਠੀਕ 10.00 ਵਜੇ ਸਵੇਰੇ ਪੋਹਚਣ ਦੀ ਅਪੀਲ ਕੀਤੀ ਅਤੇ ਪਿੰਡ ਮੇਹਟੀਆਣਾ ਦੇ ਸਾਥੀਆ ਨੇ ਵਿਸ਼ਵਾਸ ਦੁਆਇਆ ਕਿ ਵੱਡੀ ਗਿਣਤੀ ਦੇ ਵਿੱਚ ਪਿੰਡ ਮੇਹਟੀਆਣਾ ਤੋ ਵੱਡੀ ਗੱਡੀ ਦਾ ਪਰਬੰਧ ਕਰ ਕੇ ਸਾਥੀ ਪਹੁਚਣ ਗੇ ਤੇ ਹੋਰ ਵੀ ਪਿੰਡ ਮੁਖਲਿਆਣਾ ਪਿੰਡ ਸਿਬਲੀ ਪਿੰਡ ਡਵਿਡਾ ਅਹਰਿਆਣਾ ਅਤੇ ਪਿੰਡ ਭੂੰਗਰਨੀ ਤੋ ਆਏ ਹੋਏ ਸਾਥੀਆ ਨੇ ਵੀ ਵੱਧ ਤੋ ਵੱਧ ਸਾਥੀ ਲਿਆਉਣ ਦਾ ਵਿਸ਼ਵਾਸ ਦਿਵਾਇਆ I ਐਡਵੋਕੇਟ ਮਾਨਾ ਜੀ ਕਿਹਾ ਕੇ 2027 ਤੱਕ ਬਸਪਾ ਜਮੀਨੀ ਪੱਧਰ ਤੇ ਡਰੱਗ ਮਾਫੀਆ ਦੇ ਖਿਲਾਫ ਸੰਘਰਸ਼ ਕਰੇਗੀ ਅਤੇ ਬਸਪਾ ਨਵੇਂ ਪੰਜਾਬ, ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਕਰੇਗੀ I

ਇਸ ਮੌਕੇ ਐਡਵੋਕੇਟ ਮਾਨਾ ਜੀ ਨੇ ਪਿੰਡ ਮੇਹਟਿਆਨੇ ਦਾਂ ਬਸਪਾ ਦਾਂ ਯੂਨਿਟ ਬਨਾਉਂਦੇ ਹੋਏ ਬੂਥ ਕਮੇਟੀ ਦਾਂ ਗਠਨ ਕੀਤਾ I ਇਸ ਮੌਕੇ ਹਾਜ਼ਰ ਸਾਥੀਆ ਵਿੱਚ ਬਾਬੂ ਰੋਸ਼ਨ ਲਾਲ ਜੀ, ਰਿੱਕੀ ਮੁਖਲਿਆਣਾ, ਇੰਦਰਪਾਲ ਭੂੰਗਰਨੀ, ਸੰਜੀਵ ਕੁਮਾਰ ਡਵਿਡਾ ਅਹਿਆਰਨਾ, ਮਾਸਟਰ ਸਤਨਾਮ ਸਿੰਘ, ਜਸਵੀਰ ਸਿੰਘ ਜੀ ਦਵਿੰਦਰ ਪਾਲ ਸਿੰਘ ਜੀ ਤੇਜ ਪਾਲ ਚਚਲ ਸਿੰਘ ਅਮਰਜੀਤ ਸਿੰਘ ਸ ਗੁਰਦੇਵ ਸਿੰਘ ਖਾਲਸਾ ਜੀ ਤੇ ਹੋਰ ਵੀ ਵੱਡੀ ਗਿਣਤੀ ਦੇ ਵਿੱਚ ਬੀਬੀਆ ਅਤੇ ਬਜ਼ੁਰਗ ਵੀ ਹਾਜ਼ਰ ਸਨ I

# ਵਿਧਾਇਕ ਵਿਜੈ ਸਿੰਗਲਾ ਵੱਲੋਂ ਸਿੱਖਿਆ ਕਰਾਂਤੀ ਮੁਹਿੰਮ ਤਹਿਤ ਹਲਕਾ ਮਾਨਸਾ ਦੇ ਸਰਕਾਰੀ ਸਕੂਲਾਂ ‘ਚ ਵੱਖ ਵੱਖ ਵਿਕਾਸ ਕਾਰਜਾਂ ਦਾ ਉਦਘਾਟਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com



ਮਾਨਸਾ, 20 ਮਈ: (ਆਤਮਾ ਸਿੰਘ ਪਮਾਰ)

ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਸ੍ਰ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਚਲਾਈ ਜਾ ਰਹੀ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਅੱਜ ਹਲਕਾ ਮਾਨਸਾ ਦੇ ਵਿਧਾਇਕ ਡਾ. ਵਿਜੈ ਸਿੰਗਲਾ ਦੁਆਰਾ ਪਿੰਡ ਸਮਾਓਂ, ਖੀਵਾ ਖੁਰਦ ਅਤੇ ਹੀਰੋ ਕਲਾਂ ਦੇ ਸਕੂਲਾਂ ਵਿੱਚ ਵੱਖ ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ । ਇਸ ਮੌਕੇ ਬੋਲਦਿਆਂ ਵਿਧਾਇਕ ਸਿੰਗਲਾ ਨੇ ਕਿਹਾ ਕਿ ਸਰਕਾਰੀ ਸਕੂਲਾਂ ਦੀ ਬਿਹਤਰੀ ਲਈ ਸਰਕਾਰ ਵਚਨਬੱਧ ਹੈ। ਸਕੂਲਾਂ ਵਿੱਚ ਕਿਸੇ ਕਿਸਮ ਦੀ ਕੋਈ ਘਾਟ ਨਹੀਂ ਰਹਿਣ ਦਿੱਤੀ ਜਾਵੇਗੀ। ਸਕੂਲਾਂ ਨੂੰ ਪਹਿਲ ਦੇ ਅਧਾਰ ‘ਤੇ ਗ੍ਰਾਂਟਾਂ ਵੀ ਜਾਰੀ ਕੀਤੀਆਂ ਜਾ ਰਹੀਆਂ ਹਨ।

ਵਿਧਾਇਕ ਨੇ ਸਰਕਾਰੀ ਪ੍ਰਾਇਮਰੀ ਸਕੂਲ ਸਮਾਓਂ ਵਿਖੇ 03 ਲੱਖ 76 ਹਜ਼ਾਰ ਰੁਪਏ, ਸਰਕਾਰੀ ਹਾਈ ਸਕੂਲ ਸਮਾਓਂ ਵਿਖੇ 10,11,250 ਰੁਪਏ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਖੀਵਾ ਖੁਰਦ ਵਿਖੇ 03 ਲੱਖ 40 ਹਜ਼ਾਰ ਰੁਪਏ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਹੀਰੋ ਕਲਾਂ ਵਿਖੇ 11 ਲੱਖ 70 ਹਜ਼ਾਰ ਰੁਪਏ ਦੀ ਲਾਗਤ ਨਾਲ ਹੋਏ ਵੱਖ ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।

ਇਸ ਮੌਕੇ ਮਾਰਕਿਟ ਕਮੇਟੀ ਮਾਨਸਾ ਦੇ ਚੇਅਰਮੈਨ ਗੁਰਪ੍ਰੀਤ ਸਿੰਘ ਭੁੱਚਰ, ਮਾਰਕੀਟ ਕਮੇਟੀ ਭੀਖੀ ਦੇ ਚੇਅਰਮੈਨ ਵਰਿੰਦਰ ਸੋਨੀ, ਰਾਜਿੰਦਰ ਜਾਫਰੀ, ਸਰਕਾਰੀ ਹਾਈ ਸਕੂਲ ਸਮਾਓਂ ਦੇ ਮੁਖੀ ਹਰਜਿੰਦਰ ਸਿੰਘ, ਸਰਕਾਰੀ ਪ੍ਰਾਇਮਰੀ ਸਕੂਲ ਦੇ ਮੁਖੀ ਮਨਦੀਪ ਕੌਰ, ਸਰਪੰਚ ਡਾ. ਜਤਿੰਦਰ ਸਿੰਘ, ਐੱਸ ਐੱਮ ਸੀ ਦੇ ਚੇਅਰਪਰਸਨ ਸਿਮਰਜੀਤ ਕੌਰ, ਐੱਸ ਐੱਮ ਸੀ ਚੇਅਰਮੈਨ ਕਾਲਾ ਸਿੰਘ, ਸਰਕਾਰੀ ਪ੍ਰਾਇਮਰੀ ਸਕੂਲ ਖੀਵਾ ਖੁਰਦ ਦੇ ਮੁਖੀ ਕੇਵਲ ਸਿੰਘ, ਸਰਪੰਚ ਵੀਰਪਾਲ ਕੌਰ, ਜਗਜੀਤ ਸਿੰਘ, ਐੱਸ ਐੱਮ ਸੀ ਚੇਅਰਮੈਨ ਬੇਅੰਤ ਸਿੰਘ, ਰਾਜ ਸਿੰਘ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਹੀਰੋ ਕਲਾਂ ਦੇ ਮੁਖੀ ਸਤੀਸ਼ ਕੁਮਾਰ, ਚੇਅਰਮੈਨ ਅਵਤਾਰ ਸਿੰਘ, ਸਰਪੰਚ ਗੁਰਪ੍ਰੀਤ ਸਿੰਘ ਸੋਨੀ, ਬੀ.ਡੀ.ਪੀ.ਓ ਭੀਖੀ ਭੁਪਿੰਦਰ ਸਿੰਘ, ਮੁਨੀਸ਼ ਕੁਮਾਰ ਹੈੱਡ ਮਾਸਟਰ, ਵਿਜੈ ਕੁਮਾਰ, ਅਮਨਦੀਪ ਸਿੰਘ ਭਾਈ ਦੇਸਾ, ਜਗਤਾਰ ਸਿੰਘ ਔਲਖ ਆਦਿ ਵੀ ਹਾਜ਼ਰ ਸਨ

# ਆਯੂਰ ਜੀਵਨ ਆਯੁਰਵੈਦਿਕ ਰਿਸਰਚ ਸੈਂਟਰ ਵੱਲੋਂ ਮੁਫਤ ਨਸ਼ਾ ਛੁਡਾਊ ਕੈਂਪ ਲਗਾਇਆ ਗਿਆ !

## ਗੁਰੂਆਂ,ਪੀਰਾਂ,ਪੈਕੰਬਰਾਂ ਅਤੇ ਸੂਰਮਿਆਂ ਦੀ ਧਰਤੀ ‘ਤੇ ਨਸ਼ਿਆਂ ਦਾ ਕੋਈ ਕੰਮ ਨਹੀਂ : ਦਲ ਖਾਲਸਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ 20 ਮਈ (ਤਰਸੇਮ ਦੀਵਾਨਾ ) ਆਯੂਰ ਜੀਵਨ ਆਯੁਰਵੈਦਿਕ ਰਿਸਰਚ ਸੈਂਟਰ ਵੱਲੋਂ ਪਿਛਲੇ ਕਾਫੀ ਸਮੇਂ ਤੋਂ ਪਿੰਡਾ ਸ਼ਹਿਰਾ ਅਤੇ ਕਸਬਿਆਂ ਦੇ ਵਿੱਚ ਨਸ਼ਿਆਂ ਦੇ ਕਾਰਨ ਮੌਤ ਦੇ ਮੂੰਹ ਵਿੱਚ ਜਾ ਰਹੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਛੁਟਕਾਰਾ ਦਿਵਾਉਣ ਲਈ ਗੁਰਦੁਆਰਾ ਸ਼ਹੀਦਾ ਮਾਹਿਲਪੁਰ ਵਿਖੇ ਮੁਫਤ ਨਸ਼ਾ ਛੁਡਾਊ ਕੈਂਪ ਲਗਾ ਕੇ ਨਸ਼ਿਆਂ ਦੇ ਮੱਕੜ ਜਾਲ ਫਸੇ ਹੋਏ ਨੌਜਵਾਨਾਂ ਨੂੰ ਨਸਿਆ ਵਿੱਚੋ ਕੱਢਣ ਲਾਈ ਜਾਗਰੂਕ ਕੀਤਾ ਗਿਆ। ਇਸ ਸਬੰਧੀ ਆਯੂਰ ਜੀਵਨ ਆਯੁਰਵੈਦਿਕ ਰਿਸਰਚ ਸੈਂਟਰ ਦੇ ਐਮਡੀ ਅਤੇ ਦਲ ਖਾਲਸਾ ਦੇ ਜਿਲ੍ਹਾ ਪ੍ਰਧਾਨ ਬਲਜਿੰਦਰ ਸਿੰਘ ਖਾਲਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਗੁਰੂਆਂ,ਪੀਰਾਂ, ਪੈਕੰਬਰਾਂ ਅਤੇ ਸੂਰਮਿਆਂ ਦੀ ਧਰਤੀ ‘ਤੇ ਨਸ਼ਿਆਂ ਦਾ ਕੋਈ ਕੰਮ ਨਹੀਂ ਹੈ । ਉਹਨਾਂ ਕਿਹਾ ਕਿ ਗੁਰੂਆਂ-ਪੀਰਾਂ ਪੈਗੰਬਰਾਂ ਅਤੇ ਰਹਿਬਰਾਂ ਦੀ ਧਰਤੀ ਉਤੇ ਬਾਹਰੀ ਹਮਲਿਆਂ ਦਾ ਮੂੰਹ ਤੋੜ ਜੁਆਬ ਦੇਣ ਵਾਲੇ ਬਹਾਦਰਾਂ ਅਤੇ ਵੀਰਾਂ ਦੀ ਧਰਤੀ ਤੋਂ ਨਸ਼ੇ ਨੂੰ ਖਤਮ ਕਰਨਾ ਅੱਜ ਹਰੇਕ ਵਿਅਕਤੀ ਦਾ ਨਿੱਜੀ ਫਰਜ਼ ਬਣ ਗਿਆ ਹੈ । ਉਨ੍ਹਾਂ ਆਖਿਆ ਕਿ ਪੰਜਾਬ ਦੀ ਧਰਤੀ ਧਰਮੀ ਲੋਕਾਂ ਦੀ ਧਰਤੀ ਹੈ। ਉਹਨਾਂ ਕਿਹਾ ਕਿ ਪੰਜਾਬ ਦੀ ਧਰਤੀ ਨੇ ਜ਼ੁਲਮ ਵਿਰੁੱਧ ਆਪਣੇ ਪੰਜਾਬ ਦੇ ਸੂਰਬੀਰਾ ਨੇ ਅਨੇਕਾਂ ਹੀ ਬਲੀਦਾਨ ਦਿੱਤੇ ਹਨ। ਉਨ੍ਹਾਂ ਕਿਹਾ ਕਿ ਅਜਿਹੀ ਮਹਾਨ ਧਰਤੀ ‘ਤੇ ਪੈਦਾ ਹੋਣ ਵਾਲੇ ਬਹਾਦਰ ਪੰਜਾਬੀਆਂ ਨੂੰ ਅੱਜ ਬਾਹਰੀ ਤਾਕਤਾਂ ਵੱਲੋਂ ਪੰਜਾਬ ਦੇ ਲੋਕਾਂ ਨੂੰ ਨਸ਼ਿਆਂ ਵਿੱਚ ਡਬੋ ਕੇ ਸਰੀਰਕ ਤੌਰ ‘ਤੇ ਕਮਜ਼ੋਰ ਕਰਨ ਦੀ ਇਸ ਸਾਜਿਸ਼ ਦਾ ਸਾਨੂੰ ਸਭ ਨੂੰ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ ਅਤੇ ਪੰਜਾਬ ਦੀ ਧਰਤੀ ਤੋਂ ਨਸ਼ਿਆਂ ਨੂੰ ਜੜ੍ਹੋਂ ਪੁੱਟਣ ਲਈ ਸਾਨੂੰ ਪੰਜਾਬ ਵਿੱਚ ਕੰਮ ਕਰ ਰਹੀਆਂ ਸਮਾਜਿਕ ਜ ਥੇ ਬੰ ਦੀ ਆਂ , ਧਾ ਰ ਮਿ ਕ ਜਥੇਬੰਦੀਆਂ ਅਤੇ ਰਾਜਨੀਤਿਕ ਪਾਰਟੀਆਂ ਨੂੰ ਵੀ ਪਾਰਟੀ ਤੋਂ ਉੱਪਰ ਉੱਠ ਕੇ ਨਸ਼ਾ ਮੁਕਤ ਪੰਜਾਬ ਬਣਾਉਣ ਲਈ ਆਪਣਾ ਆਪਣਾ ਪੂਰਾ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਪੰਜਾਬੀਆਂ ਨੂੰ ਪੰਜਾਬ ਦੇ ਮਹਾਨ ਵਿਰਸੇ ਨੂੰ ਯਾਦ ਕਰਵਾਉਂਦੇ ਹੋਏ ਕਿਹਾ ਕਿ ਸਰਹੱਦਾਂ ਦੀ ਰਾਖੀ ਕਰਨ ਦੇ ਨਾਲ-ਨਾਲ ਪੰਜਾਬੀਆਂ ਨੇ ਦੇਸ਼ ਦੇ ਲੋਕਾਂ ਲਈ ਅਨਾਜ ਦੇ ਭੰਡਾਰ ਵੀ ਭਰੇ ਹਨ ਇਸ ਕਰਕੇ ਹੁਣ ਜਦੋਂ ਸਾਡੇ ਪੰਜਾਬ ਅੱਗੇ ਨਸ਼ੇ ਚੁਣੌਤੀ ਬਣਕੇ ਖੜ੍ਹ ਗਏ ਹਨ ਤਾਂ ਸਾਨੂੰ ਫਿਰ ਤੋਂ ਇੱਕ ਵਾਰ ਜਨ ਅੰਦੋਲਨ ਦੇ ਰੂਪ ਵਿੱਚ ਨਸ਼ਿਆਂ ਦੇ ਖਾਤਮੇ ਲਈ ਇਕੱਠੇ ਹੋ ਕੇ ਪੰਜਾਬ ਦੇ ਨੌਜਵਾਨਾਂ ਲਈ ਹਾਹ ਦਾ ਨਾਅਰਾ ਮਾਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਹਰ ਜਾਗਰੂਕ ਨਾਗਰਿਕ ਲਈ ਹੁਣ ਸੁਨਿਹਰੀ ਮੌਕਾ ਹੈ ਕਿ “ਆਯੂਰ ਜੀਵਨ ਆਯੁਰਵੈਦਿਕ ਰਿਸਰਚ ਸੈਂਟਰ” ਵੱਲੋਂ ਚਲਾਈ ਗਈ ਇਸ ਨਸ਼ਾ ਛੁਡਾਊ ਮੁਹਿੰਮ ਦਾ ਲੋਕ ਸਾਥ ਦੇਣ ਤਾ ਕਿ ਪੰਜਾਬ ਦੀ ਧਰਤੀ ਨਸ਼ਿਆਂ ਤੋ ਮੁਕਤ ਹੋ ਸਕੇ । ਉਨ੍ਹਾਂ ਕਿਹਾ ਕਿ ਜਦੋਂ ਕਿਸੇ ਕਾਰਜ ਨੂੰ ਦਿੱਲੋ ਕੀਤਾ ਜਾਵੇ ਤਾਂ ਸਫ਼ਲਤਾ ਜ਼ਰੂਰ ਮਿਲਦੀ ਹੈ। ਉਹਨਾਂ ਕਿਹਾ ਕਿ ਆਯੂਰ ਜੀਵਨ ਆਯੁਰਵੈਦਿਕ ਰਿਸਰਚ ਸੈਂਟਰ ਵੱਲੋਂ ਲਗਾਏ ਮੁਫਤ ਨਸ਼ਾ ਛੁਡਾਊ ਕੈਂਪ ਵਿੱਚੋਂ ਅੱਜ ਲਗਭਗ 100 ਦੇ ਕਰੀਬ ਨੌਜਵਾਨਾਂ ਨੇ ਨਸ਼ਾ ਛੱਡਣ ਦਾ ਮੰਨ ਬਣਾ ਕੇ ਨਸ਼ਾ ਛਡਾਊ ਕੈਂਪ ਵਿੱਚੋਂ ਨਸ਼ਾ ਛੱਡਣ ਦੀ ਦਵਾਈ ਲਈ ! ਅੰਤ ਵਿੱਚ ਉਹਨਾਂ ਕਿਹਾ ਕਿ ਜਿਹੜੇ ਨੌਜਵਾਨ ਨਸ਼ੇ ਦੀ ਦਲਦਲ ਵਿੱਚ ਫਸੇ ਹੋਏ ਹਨ ਅਤੇ ਉਹ ਨਸ਼ਾ ਛੱਡਣਾ ਚਾਹੁੰਦੇ ਹਨ ਤਾਂ ਉਹ ਨੌਜਵਾਨ ਸਾਡੇ ਨਾਲ 9501965267 ਤੇ ਰਾਬਤਾ ਕਾਇਮ ਕਰ ਸਕਦੇ ਹਨ ! ਇਸ ਮੌਕੇ ਹੋਰਨਾਂ ਤੋ ਇਲਾਵਾ ਅਮਰਜੀਤ ਸਿੰਘ ਜਗਤਾਰ ਸਿੰਘ ਅਤੇ ਜੀਤ ਸਿੰਘ ਆਦਿ ਹਾਜ਼ਰ ਸਨ !

# ਮਜ਼ਦੂਰਾਂ, ਕਿਰਤੀਆਂ ਤੇ ਬੇਜਮੀਨੇ ਲੋਕਾਂ ਦੀਆਂ ਗ੍ਰਿਫਤਾਰੀਆਂ ਕਰਨੀਆਂ ਆਪ ਸਰਕਾਰ ਦੀ ਬੌਖਲਾਹਟ - ਚਮਕੌਰ ਸਿੰਘ ਵੀਰ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com

ਸੰਗਰੂਰ,20 ਮਈ (ਜਗਸੀਰ ਸਿੰਘ) - ਬੇਜਮੀਨੇ ਲੋਕਾਂ ਦੀਆਂ ਵੱਡੀ ਗਿਣਤੀ ਵਿੱਚ ਗ੍ਰਿਫਤਾਰੀਆਂ ਕਰਨਾ ਆਪ ਦੀ ਸਰਕਾਰ ਦੀ ਬੁਖਲਾਹਟ ਦਾ ਨਤੀਜਾ ਹੈ। ਹਜ਼ਾਰਾਂ ਸਾਲਾਂ ਤੋਂ ਆਮਦਨ ਦੇ ਸਰੋਤਾਂ ਤੋਂ ਭਾਰਤ ਦੇ ਮੂਲ ਨਿਵਾਸੀਆਂ ਨੂੰ ਮੰਨੂਵਾਦੀ ਮਾਨਸਿਕਤਾ ਵਾਲੇ ਲੋਕਾਂ ਨੇ ਦੂਰ ਰੱਖਿਆ ਹੈ। ਭਾਵੇਂ ਦੇਸ਼ ਆਜ਼ਾਦ ਹੋਏ ਨੂੰ 78 ਸਾਲ ਹੋ ਗਏ ਹਨ, ਪਰ ਹਾਲੇ ਤੀਕ ਬੇਜ਼ਮੀਨੇ ਲੋਕ ਜਮੀਨਾਂ ਲੈਣ ਲਈ ਸੰਘਰਸ਼ ਕਰਦੇ ਆ ਰਹੇ ਹਨ।” ਜਿੰਨੀ ਜਿਨਾਂ ਦੀ ਸੰਖਿਆ ਭਾਰੀ ਉਨੀ ਉਹਨਾਂ ਦੀ ਹਿੱਸੇਦਾਰੀ” ਜੋ ਜਮੀਨ ਸਰਕਾਰੀ ਹੈ ਬੋ ਜਮੀਨ ਹਮਾਰੀ ਹੈ ਇਹ ਬਹੁਜਨ ਸਮਾਜ ਪਾਰਟੀ ਦਾ ਸੰਕਲਪ ਹੈ ਇਹੀ ਸੰਕਲਪ ਉੱਤਰ ਪ੍ਰਦੇਸ਼ ਵਿੱਚ ਭੈਣ ਕੁਮਾਰੀ ਮਾਇਆਵਤੀ ਜੀ ਦੀ ਸਰਕਾਰ ਵਿੱਚ ਜਮੀਨੀ ਪੱਧਰ ਤੇ ਕਰਕੇ ਦਿਖਾਇਆ ਹੈ, ਇਸ ਗੱਲ ਦਾ ਪ੍ਰਗਟਾਵਾ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ. ਚਮਕੌਰ ਸਿੰਘ ਵੀਰ ਜਨਰਲ ਸਕੱਤਰ ਬਹੁਜਨ ਸਮਾਜ ਪਾਰਟੀ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਲਗਭਗ ਨੌ ਲੱਖ ਏਕੜ ਜੋ ਸਰਕਾਰੀ ਅਤੇ ਪੰਚਾਇਤੀ ਜਮੀਨ ਖਾਲੀ ਪਈ ਹੈ ਉਸ ਨੂੰ ਬੇਜਮੀਨੇ ਲੋਕਾਂ, ਮਜ਼ਦੂਰਾਂ, ਕਿਰਤੀ ਕਾਮਿਆਂ ਵਿੱਚ ਵੰਡ ਦੇਣਾ ਵੰਡਣ ਦਾ ਕੰਮ ਕਰਨਾ ਚਾਹੀਦਾ ਹੈ ਤਾਂ



ਜੋ ਗਰੀਬ ਲੋਕਾਂ ਨੂੰ ਕਿਸੇ ਸਰਮਾਏਦਾਰ ਦੇ ਖੇਤਾਂ ਦੀਆਂ ਵੱਟਾਂ ਉੱਤੇ ਘਾਹ ਖੋਤਣ ਨਾ ਜਾਣਾ ਪਵੇ। ਉਹਨਾਂ ਇਹ ਵੀ ਕਿਹਾ ਕਿ ਜੋ ਮਜ਼ਦੂਰ ਗਿਰਫਤਾਰ ਕੀਤੇ ਹਨ ਉਹਨਾਂ ਨੂੰ ਰਿਹਾਅ ਕੀਤਾ ਜਾਵੇ।

# ਬਿਮਾਰੀਆਂ ਤੋਂ ਬਚਾਅ ਲਈ ਪੁਖਤਾ ਪ੍ਰਬੰਧ ਕੀਤੇ ਜਾਣ - ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com




ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ) ਗਰਮੀ ਦੀ ਰੁੱਤ ਦੀ ਸ਼ੁਰੂਆਤ ਦੇ ਨਾਲ ਹੀ ਮੱਛਰ ਮੱਖੀਆਂ ਨੇ ਸ਼ਹਿਰ ਦੇ ਗਲੀ ਮੁਹੱਲਿਆਂ ਵਿੱਚ ਮੋਰਚੇ ਲਾਉਣੇ ਸ਼ੁਰੂ ਕਰ ਦਿੱਤੇ ਹਨ। ਜਿਸ ਦਾ ਮੁੱਖ ਕਾਰਨ ਹਰ ਮੁਹੱਲੇ ਚ ਕੂੜੇ ਦੇ ਡੰਪ ਅਤੇ ਸ਼ਹਿਰ ਦੇ ਮੁੱਖ ਨਾਲਿਆਂ ਚ ਗੰਦੇ ਪਾਣੀ ਦਾ ਨਿਕਾਸ ਨਾ ਹੋਣਾ ਹੈ। ਇਹ ਵਿਚਾਰ ਪ੍ਰੈਸ ਨਾਲ ਗਲਬਾਤ ਕਰਦੇ ਹੋਏ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਤੇ ਮੁੱਖ ਬੁਲਾਰਾ ਪੰਜਾਬ ਪ੍ਰਿੰਸੀਪਲ ਜਗਦੀਸ਼ ਰਾਏ ਨੇ ਸਾਂਝੇ ਤੌਰ ਤੇ ਬਿਆਨ ਦਿੰਦੇ ਹੋਏ ਰੱਖੇ। ਉਹਨਾਂ ਕਿਹਾ ਕਿ ਸ਼ਹਿਰ ਦੇ ਮੁੱਖ ਨਾਲਿਆਂ ਚ ਜੋ ਕਿ ਹਰ ਵਾਰਡ ਚ ਹਨ , ਗੰਦੇ ਪਾਣੀ ਨਾਲ ਭਰੇ ਰਹਿੰਦੇ ਹਨ । ਨਗਰ ਕੌਂਸਲ ਪ੍ਰਸ਼ਾਸਨ ਵਲੋ ਨਹਿਰ ਦੇ ਕੋਲ ਕਰੋੜਾਂ ਰੁਪਏ ਦੀ ਲਾਗਤ ਨਾਲ ਜੋ ਸੀਵਰੇਜ ਟਰੀਟਮੈਂਟ ਪਲਾਂਟ ਲਗਾਇਆ ਹੋਇਆ ਹੈ, ਉਸ ਚ ਗੰਦਾ ਪਾਣੀ ਪਾਇਆ ਜਾਣਾ ਚਾਹੀਦਾ ਹੈ ਪਰ ਲਗਦਾ ਹੈ ਇਹ ਵੀ ਬਾਕੀ ਸਿਸਟਮ ਵਾਂਗੂ ਸਫੇਦ ਹਾਥੀ ਨਾ ਬਣ ਜਾਵੇ । ਸ਼ਹਿਰ ਦੇ ਵਿੱਚ ਚਲਦਾ ਬਹੁਤ ਪੁਰਾਣਾ ਗੰਦਾ ਨਾਲਾ ਜੋ ਕਿ ਪਹਿਲਾਂ ਸਾਰੇ ਵਾਰਡਾਂ ਦੇ ਘਰਾਂ ਦਾ ਪਾਣੀ ਅਪਣੇ ਵਿਚ ਖਪਾ ਲੈਂਦਾ ਸੀ ਜੋ ਕਿ ਨਜਾਇਜ ਉਸਾਰੀਆਂ ਕਾਰਨ ਹੁਣ ਖੁਦ ਹੀ ਬਹੁਤ ਤਰਸਯੋਗ ਹਾਲਾਤ ਵਿੱਚ ਹੈ ,ਅਪਣੀ ਸਫਾਈ ਲਈ ਨਗਰ ਕੌਂਸਲ ਪ੍ਰਸ਼ਾਸਨ ਦੇ ਮੂੰਹ ਵਲ੍ਹ ਤੱਕ ਰਿਹਾ ਹੈ ਉਸਦੀ ਸਫਾਈ ਕੀਤੀ ਜਾਣੀ ਬਹੁਤ ਹੀ ਜਰੂਰੀ ਹੈ ਤਾਂ ਜੋ ਅਗਲੇ ਮਹੀਨੇ ਬਰਸਾਤ ਦੇ ਮੌਸਮ ਵਿੱਚ ਸ਼ਹਿਰ ਦੀਆਂ ਗਲੀਆ ਅਤੇ ਸੜਕਾਂ ਤੇ ਘੁੰਮਣ ਵਾਲਾ ਪਾਣੀ ਇਸ ਵਿੱਚ ਪਾਇਆ ਜਾ ਸਕੇ। ਉਹਨਾਂ ਕਿਹਾ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਪ੍ਰੈਸ ਦੇ ਮਾਧਿਅਮ ਰਾਹੀਂ ਮੰਗ ਕਰਦੀ ਹੈ ਕਿ ਸ਼ਹਿਰ ਦੇ ਵਾਰਡਾਂ ਚੋਂ ਲਗਦੇ ਨਾਲਿਆਂ ਦਾ ਪਾਣੀ ਸੀਵਰੇਜ ਟਰੀਟਮੈਂਟ ਪਲਾਂਟ ਵਿੱਚ ਪਾ ਕੇ ਮੁਹੱਲਿਆਂ ਚ ਖੜ੍ਹਾ ਮੱਖੀਆਂ ਮੱਛਰਾਂ ਦੀ ਰਿਹਾਇਸ ਬਣਿਆਂ ਹੋਇਆ ਹੈ ਤੋਂ ਮੁਹੱਲਾ ਵਾਸੀਆਂ ਨੂੰ ਨਿਜਾਤ ਦਿਵਾਈ ਜਾਵੇ। ਸ਼ਹਿਰ ਦੇ ਮੁੱਖ ਨਾਲੇ ਦੀ ਸਫਾਈ ਜਲਦੀ ਤੋਂ ਜਲਦੀ ਕਾਰਵਾਈ ਜਾਵੇ। ਅਤੇ ਮੋਹਲਿਆਂ ਚ ਮੱਛਰਾਂ ਤੋਂ ਬਚਾਅ ਲਈ ਫੌਗਿੰਗ ਕਾਰਵਾਈ ਜਾਵੇ।

# ਆਸਥਾ ਮਾਈਕਰੋ ਫਾਇਨਾਂਸ ਕੰਪਨੀ ਵੱਲੋਂ ਲੋਨ ਦਾ ਝਾਂਸਾ ਦੇ ਕੇ ਗਰੀਬ ਔਰਤਾਂ ਨਾਲ ਕਥਿਤ ਲੱਖਾਂ ਰੁਪਏ ਠੱਗੇ

## ਮਜ਼ਦੂਰ ਮੁਕਤੀ ਮੋਰਚਾ ਵੱਲੋਂ ਐਸ ਐਸ ਪੀ ਨੂੰ ਕਾਰਵਾਈ ਹਿਤ ਸੌਂਪਿਆ ਮੰਗ ਪੱਤਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com



ਮਾਨਸਾ 20 ਮਈ (ਆਤਮਾ ਸਿੰਘ ਪਮਾਰ)

ਲੋਨ ਦੇਣ ਦੀ ਆੜ 'ਚ ਝਾਂਸਾ ਦੇ ਕੇ ਗਰੀਬ ਔਰਤਾਂ ਨਾਲ ਲੱਖਾਂ ਦੀ ਠੱਗੀ ਮਾਰਨ ਵਾਲੇ ਆਸਥਾ ਮਾਈਕਰੋ ਫਾਇਨਾਂਸ ਕੰਪਨੀ ਦੇ ਮੁਲਾਜ਼ਮਾਂ ਖ਼ਿਲਾਫ਼ ਪਰਚਾ ਦਰਜ਼ ਕਰਕੇ ਗ੍ਰਿਫਤਾਰ ਕਰਵਾਉਣ ਲਈ ਅੱਜ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਪੰਜਾਬ ਦੀ ਅਗਵਾਈ ਹੇਠ ਪੀੜਤ ਗਰੀਬ ਪਰਿਵਾਰਾਂ ਨੇ ਐਸ ਐਸ ਪੀ ਮਾਨਸਾ ਨੂੰ ਇੱਕ ਮੰਗ ਪੱਤਰ ਸੌਂਪਿਆ। ਇਸ ਮੌਕੇ ਜ਼ਿਲ੍ਹਾ ਪੁਲਿਸ ਮੁੱਖੀ ਮਾਨਸਾ ਵੱਲੋਂ ਕਥਿਤ ਦੋਸ਼ੀਆਂ ਖਿਲਾਫ ਤੁਰੰਤ ਕਾਰਵਾਈ ਕਰਨ ਦਾ ਭਰੋਸਾ ਦਿੱਤਾ। ਜਥੇਬੰਦੀ ਨੇ ਐਲਾਨ ਕੀਤਾ ਕਿ ਜੇਕਰ ਪੁਲਿਸ ਪ੍ਰਸ਼ਾਸਨ ਨੇ ਗਰੀਬ ਔਰਤਾਂ ਨੂੰ ਲੁੱਟਣ ਵਾਲੀ ਕੰਪਨੀ ਖ਼ਿਲਾਫ਼ ਸਖ਼ਤ ਕਾਰਵਾਈ ਕਰਕੇ ਠੱਗਾਂ ਨੂੰ ਜਲਦੀ ਗ੍ਰਿਫਤਾਰ ਨਾ ਕੀਤਾ ਤਾਂ ਪੁਲਿਸ ਪ੍ਰਸ਼ਾਸਨ ਖ਼ਿਲਾਫ਼ ਵੀ ਤਿੱਖਾ ਅੰਦੋਲਨ ਵਿੱਢਿਆ ਜਾਵੇਗਾ।

ਇਸ ਮੌਕੇ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਪੰਜਾਬ ਦੇ ਸੂਬਾਈ ਪ੍ਰਧਾਨ ਭਗਵੰਤ ਸਿੰਘ ਸਮਾਓ ਨੇ ਕਿਹਾ ਕਿ ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ ਕਾਰਨ ਅਤੇ ਵੱਧ ਰਹੀ ਬੇਰੁਜ਼ਗਾਰੀ, ਮਹਿੰਗਾਈ ਕਾਰਨ ਗਰੀਬ ਲੋਕ ਪਰਿਵਾਰਿਕ ਲੋੜਾਂ ਲਈ ਨਿੱਜੀ ਕੰਪਨੀਆਂ ਤੋਂ ਕਰਜ਼ਾ ਲੈਣ ਕੇ ਉਨ੍ਹਾਂ ਦੇ ਜਾਲ ਵਿਚ ਫਸ ਰਹੇ ਹਨ। ਮਜ਼ਦੂਰ ਆਗੂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕਹਿਣ ਨੂੰ ਤਾਂ ਭਾਵੇਂ ਕਰਜ਼ਾ ਸਕੀਮਾਂ ਚਲਾਈਆਂ ਹਨ ਪਰ ਗਰੀਬਾਂ ਨੂੰ ਸਰਕਾਰੀ ਬੈਂਕਾਂ ਨੇੜੇ ਨਹੀਂ ਢੁੱਕਣ ਦਿੰਦੀਆਂ । ਗਰੀਬੀ ਅਤੇ ਆਰਥਿਕ ਮਜ਼ਬੂਰੀ ਦਾਂ ਫਾਇਦਾ ਉੱਠਾ ਫਾਇਨਾਂਸ ਕੰਪਨੀ ਗਰੀਬਾਂ ਨੂੰ ਲੁੱਟ ਰਹੀਆਂ ਹਨ। ਉਨ੍ਹਾਂ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾ ਰਹੀ ਸਰਕਾਰ ਦੇ ਰਾਜ ਵਿੱਚ ਠੱਗ, ਨਸ਼ਾ ਤਸਕਰ, ਗੈਂਗਸਟਰ ਸ਼ਰੇਆਮ ਆਪਣੀਆਂ ਗਤੀਵਿਧੀਆਂ ਨੂੰ ਅੰਜਾਮ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਫਾਇਨਾਂਸ ਕੰਪਨੀ ਦੇ ਠੱਗਾਂ ਨੇ ਮਨਰੇਗਾ ਤਹਿਤ ਕੰਮ ਕਰਦੀਆਂ ਅਤੇ ਲੋਕਾਂ ਦੇ ਘਰਾਂ ਅੰਦਰ ਝਾੜੂ ਪੋਚਾ ਲਾਉਣ ਵਾਲੀਆਂ ਔਰਤਾਂ ਤੋਂ 15 ਦਿਨਾਂ ਵਿੱਚ ਲੱਖਾਂ ਰੁਪਏ ਠੱਗ ਕੇ ਲੈ ਗਏ । ਪਰ ਪੁਲਿਸ ਪ੍ਰਸ਼ਾਸਨ ਨੇ ਠੱਗ ਕੰਪਨੀ ਨੂੰ ਦਫਤਰ ਲਈ ਕੋਠੀ ਦੇਣ ਵਾਲੇ ਨੂੰ ਇੱਕ ਵਾਰ ਥਾਣੇ ਤੱਕ ਨਹੀਂ ਬੁਲਾਇਆ ਗਿਆ।

ਇਸ ਮੌਕੇ ਜੱਥੇਬੰਦੀ ਦੇ ਜ਼ਿਲ੍ਹਾ ਆਗੂ ਜਰਨੈਲ ਸਿੰਘ ਮਾਨਸਾ, ਭੋਲਾ ਸਿੰਘ ਝੱਬਰ, ਰਾਮ ਸਿੰਘ ਅਤਲਾ ਡਾ ਸੰਦੀਪ ਸਿੰਘ, ਕਰਮਪਾਲ ਕੌਰ, ਸੁਖਦੇਵ ਸਿੰਘ ਮਾਨਸਾ ਖੁਰਦ, ਹਰਦੇਵ ਸਿੰਘ ਬਣਾਂਵਾਲੀ, ਮਾਣਕ ਸਿੰਘ ਬੀਰੋਕੇ ਕਲਾਂ, ਵੀ ਮੌਜੂਦ ਸਨ।

# ਇਫਟੂ ਵਲੋਂ ਹੜਤਾਲ ਕਰਕੇ ਨਵਾਂਸ਼ਹਿਰ 'ਚ ਰੈਲੀ ਅਤੇ ਪ੍ਰਦਰਸ਼ਨ

## -ਜਿਲਾ ਪ੍ਰਸ਼ਾਸਨ ਨੂੰ ਸੌਂਪਿਆ ਰਾਸ਼ਟਰਪਤੀ ਦੇ ਨਾਂਅ ਮੰਗ ਪੱਤਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com







ਨਵਾਂਸ਼ਹਿਰ 20 ਮਈ () ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ਵਲੋਂ ਹੜਤਾਲ ਕਰਨ ਉਪਰੰਤ ਨਵਾਂਸ਼ਹਿਰ ਵਿਖੇ ਰੈਲੀ ਅਤੇ ਮੁਜਾਹਰਾ ਕੀਤਾ ਗਿਆ।ਸਥਾਨਕ ਬੱਸ ਅੱਡੇ 'ਤੇ ਰੈਲੀ ਕਰਨ ਉਪਰੰਤ ਸ਼ਹਿਰ ਵਿਚ ਪ੍ਰਦਰਸ਼ਨ ਕਰਕੇ ਜਿਲਾ ਪ੍ਰਸ਼ਾਸਨ ਨੂੰ ਰਾਸ਼ਟਰਪਤੀ ਦੇ ਨਾਂਅ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਰੈਲੀ ਨੂੰ ਸੰਬੋਧਨ ਕਰਦਿਆਂ ਇਫਟੂ ਪੰਜਾਬ ਦੇ ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ ਨੇ ਕਿਹਾ ਕਿ ਹਾਕਮ ਕਿਰਤੀਆਂ ਦੇ ਹਿੱਤਾਂ ਉੱਤੇ ਉਸ ਸਮੇਂ ਹੱਲਾ ਬੋਲਦੇ ਹਨ ਜਦੋਂ ਕਿਰਤੀ ਵਰਗ ਦੀ ਤਾਕਤ ਕੰਮਜੋਰ ਹੁੰਦੀ ਹੈ।ਇਸ ਸਮੇਂ ਦੇਸ਼ ਦੇ ਕਿਰਤੀ ਵਰਗ ਦਾ ਵੱਡਾ ਹਿੱਸਾ ਆਰਥਿਕਵਾਦੀ, ਸੁਧਾਰਵਾਦੀ ਅਤੇ ਸੋਧਵਾਦੀ ਟਰੇਡ ਯੂਨੀਅਨਾਂ ਦੇ ਅਸਰ ਹੇਠ ਹੈ ਜੋ ਟਰੇਡ ਯੂਨੀਅਨਾਂ ਕਿਰਤੀ ਵਰਗ ਨੂੰ ਲੋੜੀਂਦੀ ਅਗਵਾਈ ਦੇਣ ਦੀ ਥਾਂ ਕਿਰਤੀਆਂ ਨੂੰ ਗੁੰਮਰਾਹ ਕਰਨ ਦਾ ਕਾਰਜ ਕਰ ਰਹੀਆਂ ਹਨ।ਇਹਨਾਂ ਦਾ ਇਹ ਅਮਲ ਪੂੰਜੀਪਤੀਆਂ ਦੀ ਸੇਵਾ ਕਰ ਰਿਹਾ ਹੈ।ਉਹਨਾਂ ਕਿਹਾ ਕਿ ਦੇਸ਼ ਦੀਆਂ 10 ਕੇਂਦਰੀ ਟਰੇਡ ਯੂਨੀਅਨਾਂ ਨੇ 20 ਮਈ ਲਈ ਦੇਸ਼ ਵਿਆਪੀ ਹੜਤਾਲ ਕਰਨ ਦਾ ਸੱਦਾ ਦਿੱਤਾ ਸੀ ਪਰ ਇਹਨਾਂ ਵਲੋਂ 15 ਮਈ ਨੂੰ ਹੜਤਾਲ ਮੁਲਤਵੀ ਕਰਨ ਦਾ ਐਲਾਨ ਕਰ ਦਿੱਤਾ ਗਿਆ, ਉਹ ਵੀ ਉਸ ਸਮੇਂ ਜਦੋਂ ਦੇਸ਼ ਦਾ ਮਜਦੂਰ ਵਰਗ ਹੜਤਾਲ ਦੀ ਪੂਰੀ ਤਰ੍ਹਾਂ ਤਿਆਰੀ ਕਰੀ ਬੈਠਾ ਸੀ।ਇਹਨਾਂ ਟਰੇਡ ਯੂਨੀਅਨਾਂ ਵਲੋਂ ਹੜਤਾਲ ਮੁਲਤਵੀ ਕਰਨ ਦਾ ਕੋਈ ਠੋਸ ਆਧਾਰ ਵੀ ਨਹੀਂ।ਹੜਤਾਲ ਮੁਲਤਵੀ ਕਰਨ ਨਾਲ ਦੇਸ਼ ਦੇ ਕਿਰਤੀਆਂ ਵਿਚ ਨਿਰਾਸ਼ਾ ਗਈ। ਉਹਨਾਂ ਕਿਹਾ ਕਿ ਇਫਟੂ ਦੀ ਕੇਂਦਰੀ ਕਮੇਟੀ ਵਲੋਂ ਕਿਰਤੀਆਂ ਦੇ ਹਿੱਤਾਂ ਲਈ 20 ਮਈ ਨੂੰ ਹੜਤਾਲ ਕਰਨ ਦਾ ਫੈਸਲਾ ਬਰਕਰਾਰ ਰੱਖਿਆ ਜਿਸਨੂੰ ਪੰਜਾਬ ਵਿਚ ਵੀ ਲਾਗੂ ਕੀਤਾ ਗਿਆ।ਉਹਨਾਂ ਕਿਹਾ ਕਿ1991 ਵਿਚ ਨਵੀਆਂ ਆਰਥਿਕ ਨੀਤੀਆਂ ਦੀ ਸ਼ੁਰੂਆਤ ਅਤੇ ਰਾਮ ਮੰਦਰ ਅੰਦੋਲਨ ਦੀ ਸਿਖ਼ਰ, ਬਾਬਰੀ ਮਸਜਿਦ ਨੂੰ ਢਹਿਢੇਰੀ ਕਰਨਾ ਅਤੇ ਫਿਰ ਭਿਅੰਕਰ ਫਿਰਕੂ ਦੰਗੇ।ਇਹਨਾਂ ਦਾ ਸਮਾਂ ਵੀ ਇੱਕ ਹੀ ਹੈ ਅਤੇ ਇਹ ਕੋਈ ਅਸੁਭਾਵਿਕ ਨਹੀਂ ਹੈ,ਭਾਵ ਯੋਜਨਾਬੱਧ ਹੈ।ਫਿਰਕਾਪ੍ਰਸਤੀ ਦਾ ਜਨੂੰਨ ਅਤੇ ਅੰਧਰਾਸ਼ਟਰਵਾਦ ਲੋਕਾਂ ਨੂੰ ਭਾਵਨਾਤਮਕ ਮੁੱਦਿਆਂ ਵਿਚ ਉਲਝਾ ਰੱਖਦੇ ਹਨ।ਇਹ ਪੂੰਜੀਪਤੀਆਂ ਦੇ ਹਿੱਤਾਂ ਪ੍ਰਤੀ ਵਫਾਦਾਰੀ ਨਿਭਾਉਣ ਦਾ ਕਾਰਗਰ ਹਥਿਆਰ ਹੈ।ਕੇਂਦਰ ਦੀ ਸੱਤਾ ਉੱਤੇ ਕਾਬਜ਼ ਫਾਸ਼ੀਵਾਦੀ ਇਹਨਾਂ ਦੀ ਵਰਤੋਂ ਬੜੀ ਕੁਸ਼ਲਤਾ ਨਾਲ ਕਰ ਰਹੇ ਹਨ।ਕੁੱਲ ਮਿਲਾਕੇ ਅੱਜ ਮਜਦੂਰ ਜਮਾਤ ਦਾ ਮੁਕਾਬਲਾ ਸਿਰਫ ਹਮਲਾਵਰ ਕਾਰਪੋਰੇਟ ਸ਼੍ਰੇਣੀ ਨਾਲ ਹੀ ਨਹੀਂ ਸਗੋਂ ਹਿੰਦੂ ਫਾਸ਼ੀਵਾਦੀ ਤਾਕਤਾਂ ਨਾਲ ਵੀ ਹੈ। ਇਫਟੂ ਦੇ ਜਿਲਾ ਪ੍ਰਧਾਨ ਗੁਰਦਿਆਲ ਰੱਕੜ,ਜਿਲਾ ਸਕੱਤਰ ਪਰਵੀਨ ਕੁਮਾਰ ਨਿਰਾਲਾ,ਆਸ਼ਾ ਵਰਕਰ ਅਤੇ ਫੈਸਿਲੀਟੇਟਰ ਯੂਨੀਅਨ ਦੇ ਜਿਲਾ ਪ੍ਰਧਾਨ ਸ਼ਕੁੰਤਲਾ ਸਰੋਏ,ਰਾਜਵਿੰਦਰ ਕੌਰ ਕੱਟ, ਰੇਹੜੀ ਵਰਕਰ ਯੂਨੀਅਨ ਦੇ ਪ੍ਰਧਾਨ ਹਰੇ ਰਾਮ,ਕਿਸ਼ੋਰ ਕੁਮਾਰ,ਉਸਾਰੀ ਮਿਸਤਰੀ ਮਜਦੂਰ ਯੂਨੀਅਨ ਦੇ ਮੀਤ ਪ੍ਰਧਾਨ ਓਮ ਪ੍ਰਕਾਸ਼ ਅਤੇ ਪੇਂਡੂ ਮਜਦੂਰ ਯੂਨੀਅਨ ਦੇ ਜਿਲਾ ਆਗੂ ਕਮਲਜੀਤ ਸਨਾਵਾ ਨੇ ਕਿਹਾ ਕਿ ਅੱਜ ਮਜਦੂਰ ਜਮਾਤ ਸਾਹਮਣੇ ਵੱਡੀਆਂ ਚਣੌਤੀਆਂ ਹਨ।ਇਹਨਾਂ ਚਣੌਤੀਆਂ ਨਾਲ ਸਿੱਝਣ ਲਈ ਖਾੜਕੂ ਜਥੇਬੰਦਕ ਮਜਦੂਰ ਲਹਿਰ ਖੜੀ ਕਰਨ ਦੀ ਲੋੜ ਹੈ। ਉਹਨਾਂ ਕਿਹਾ ਕਿ ਚਾਰ ਕਿਰਤ ਕੋਡ ਮੋਦੀ ਸਰਕਾਰ ਦਾ ਮਜਦੂਰ ਵਰਗ ਉੱਤੇ ਘਾਤਕ ਹਮਲਾ ਹਨ।ਇਹ ਚਾਰ ਕਿਰਤ ਕੋਡ 'ਉਦਯੋਗਿਕ ਰਿਸ਼ਤਿਆਂ ਸਬੰਧੀ ਕੋਡ-2020' , 'ਪੇਸ਼ੇਵਾਰਾਨਾ ਹਿਫ਼ਾਜ਼ਤ, ਤੰਦਰੁਸਤੀ ਅਤੇ ਕੰਮ ਵਾਲੇ ਸਥਾਨ ਦੀਆਂ ਹਾਲਤਾਂ ਸਬੰਧੀ ਕੋਡ-2020' , 'ਸਮਾਜਿਕ ਸੁਰੱਖਿਆ ਕੋਡ-2020, ਅਤੇ ' ਵੇਤਨ ਕੋਡ-2019' ਹਨ।ਇਹ ਕਿਰਤ ਕੋਡ ਮਜਦੂਰਾਂ ਦੇ ਜਥੇਬੰਦ ਹੋਣ, ਸੰਘਰਸ਼ ਕਰਨ,ਹੜਤਾਲ ਕਰਨ ਵਰਗੇ ਕਿਰਤੀਆਂ ਦੇ ਬੁਨਿਆਦੀ ਅਧਿਕਾਰਾਂ ਉੱਤੇ ਡਾਕਾ ਹਨ।ਜਿਸਤੋਂ ਇਹ ਸਾਬਤ ਹੁੰਦਾ ਹੈ ਕਿ ਮੋਦੀ ਸਰਕਾਰ ਲਈ ਕਿਰਤੀ ਵਰਗ ਸਿਰਫ ਪੂੰਜੀਪਤੀਆਂ ਦੇ ਮੁਨਾਫ਼ੇ ਦੇ ਆਧਾਰ ਤੋਂ ਬਿਨਾਂ ਹੋਰ ਕੁਝ ਵੀ ਨਹੀਂ।ਆਗੂਆਂ ਨੇ ਕਿਹਾ ਕਿ ਮਜਦੂਰ ਵਰਗ ਦੇ ਕੰਮ ਸਥਾਨ ਬੇਹੱਦ ਅਸੁਰੱਖਿਅਤ ਹਨ ਜਿਸ ਕਾਰਨ ਆਏ ਦਿਨ ਹਾਦਸਿਆਂ ਵਿਚ ਮਜਦੂਰਾਂ ਦੀਆਂ ਮੌਤਾਂ ਹੁੰਦੀਆਂ ਰਹਿੰਦੀਆਂ ਹਨ ਪਰ ਇਸਦੇ ਦੋਸ਼ੀ ਮਾਲਕਾਂ ਵਿਰੁੱਧ ਸਰਕਾਰਾਂ ਕੋਈ ਠੋਸ ਕਦਮ ਨਹੀਂ ਚੁੱਕਦੀਆਂ।ਕੱਚੇ ਕਾਮਿਆਂ, ਸਕੀਮ ਵਰਕਰਾਂ ਲਈ ਜੌਬ ਦੀ ਕੋਈ ਗਾਰੰਟੀ ਨਹੀਂ।

ਆਗੂਆਂ ਨੇ ਚਾਰ ਲੇਬਰ ਕੋਡ ਰੱਦ ਕਰਨ,ਮੌਜੂਦਾ ਮਜ਼ਦੂਰ ਕਾਨੂੰਨਾਂ ਨੂੰ ਲਾਗੂ ਕਰਨ,ਉਦਯੋਗਿਕ ਦੁਰਘਟਨਾਵਾਂ ਨੂੰ ਰੋਕਣ ਲਈ ਪੁਖਤਾ ਸੁਰੱਖਿਆ ਉਪਾਅ ਕਰਨ, ਫੈਕਟਰੀ ਇੰਸਪੈਕਟਰਾਂ ਉੱਤੇ ਸੁਰੱਖਿਆ ਉਲੰਘਣ ਰੋਕਣ 'ਚ ਲਾਪ੍ਰਵਾਹੀ ਵਰਤਣ ਲਈ ਕਾਰਵਾਈ ਕਰਨ,ਜਨਤਕ ਅਦਾਰਿਆਂ ਅਤੇ ਜਾਇਦਾਦਾਂ ਦਾ ਨਿੱਜੀਕਰਨ, ਵਿਕਰੀ, ਪੈਸੇ ਦੀ ਅਦਾਇਗੀ ਨੂੰ ਬੰਦ ਕਰਨ,

ਲੇਬਰ ਵਿਭਾਗਾਂ ਨੂੰ ਮਜ਼ਬੂਤ ਕਰਨ ਅਤੇ ਲੋੜੀਂਦਾ ਸਟਾਫ਼ ਮੁਹੱਈਆ ਕਰਵਾਉਣ, ਲੇਬਰ ਕੋਰਟਾਂ ਅਤੇ ਟ੍ਰਿਬਿਊਨਲ ਨੂੰ ਸਹੀ ਤੌਰ 'ਤੇ ਚਲਾਉਣ,

ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਨਵੀਂ ਪੈਨਸ਼ਨ ਸਕੀਮ ਰੱਦ ਕਰਨ,ਆਸ਼ਾ, ਮਿਡ ਡੇ ਮੀਲ, ਆਂਗਣਵਾੜੀ ਅਤੇ ਹੋਰ ਕੇਂਦਰੀ ਸਕੀਮਾਂ ਹੇਠ ਵਰਕਰਾਂ ਨੂੰ ਸਰਕਾਰੀ ਕਰਮਚਾਰੀ ਦਾ ਦਰਜਾ ਅਤੇ ਹੱਕ ਦੇਣ,

ਦੇਸ਼ ਭਰ ਵਿੱਚ ਘੱਟੋ-ਘੱਟ ਮਜ਼ਦੂਰੀ 26,000 ਰੁਪਏ ਮਾਸਿਕ ਕਰਨ,ਠੇਕੇ ਉੱਤੇ ਕੰਮ ਕਰ ਰਹੇ ਮਜ਼ਦੂਰਾਂ ਨੂੰ ਪੱਕਾ ਕਰਨ,"ਬਰਾਬਰ ਕੰਮ ਲਈ ਬਰਾਬਰ ਤਨਖ਼ਾਹ" ਨਿਯਮ ਲਾਗੂ ਕਰਨ,ਸਾਰਿਆਂ ਮਜ਼ਦੂਰਾਂ ਲਈ ਘੱਟੋ-ਘੱਟ ਪੈਨਸ਼ਨ ਘੱਟੋ-ਘੱਟ ਤਨਖ਼ਾਹ ਦੇ ਬਰਾਬਰ ਕਰਨ,

ਹਰ ਜ਼ਿਲ੍ਹੇ ਵਿੱਚ ਈ.ਐੱਸ. ਆਈ. ਹਸਪਤਾਲ ਬਣਾਉਣ, ਟਰਾਂਸਪੋਰਟ ਮਜ਼ਦੂਰਾਂ ਲਈ ਬੋਰਡ ਬਣਾਉਣ,

ਰਾਜਾਂ ਵਿਚਕਾਰ ਪਰਵਾਸੀ ਮਜ਼ਦੂਰ ਕਾਨੂੰਨ ਲਾਗੂ ਕਰਨ,ਵਿਦੇਸ਼ਾਂ ਵਿੱਚ ਕੰਮ ਕਰ ਰਹੇ ਭਾਰਤੀ ਮਜ਼ਦੂਰਾਂ ਦੀ ਲਾਜ਼ਮੀ ਰਜਿਸਟ੍ਰੇਸ਼ਨ ਕਰਨ,ਵਿਦੇਸ਼ੀ ਸਰਕਾਰਾਂ ਨਾਲ ਸਮਝੌਤੇ ਕਰਕੇ ਉਨ੍ਹਾਂ ਦੀ ਤਨਖ਼ਾਹ, ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਮੰਗ ਕੀਤੀ।

ਰੈਲੀ ਵਿਚ ਮਤਾ ਪਾਸ ਕਰਕੇ ਪੁਲਸ ਵਲੋਂ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ,ਵਰਕਰਾਂ ਅਤੇ ਪੇਂਡੂ ਮਜਦੂਰ ਯੂਨੀਅਨ ਦੇ ਆਗੂਆਂ ਨੂੰ ਪੁਲਸ ਵਲੋਂ ਗ੍ਰਿਫਤਾਰ ਕਰਨ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਗਈ।ਬਾਅਦ ਵਿਚ ਸ਼ਹਿਰ ਅੰਦਰ ਮੁਜਾਹਰਾ ਕਰਕੇ ਜਿਲਾ ਪ੍ਰਸ਼ਾਸਨ ਨੂੰ ਰਾਸ਼ਟਰਪਤੀ ਦੇ ਨਾਂਅ ਮੰਗ ਪੱਤਰ ਸੌਂਪਿਆ ਗਿਆ।

ਇਸ ਮੌਕੇ ਹਰੀ ਲਾਲ, ਜਗੀਰਾ ਬੈਂਸ, ਭਰਤ ਕੁਮਾਰ,ਆਟੋ ਯੂਨੀਅਨ ਦੇ ਆਗੂ ਤਰਨਜੀਤ, ਰਾਜੂ, ਰਜਿੰਦਰ, ਤੇਜ ਰਾਜ,ਆਜਾਦ, ਮੁਕੇਸ਼ ਕੁਮਾਰ,ਸਰਵੇਸ਼ ਗੁਪਤਾ, ਗੋਪਾਲ,ਘਨਈਆ, ਆਦਿ ਆਗੂ ਵੀ ਮੌਜੂਦ ਸਨ।

# ਪੰਜਾਬੀ ਯੂਨੀਵਰਸਿਟੀ ਵਿਖੇ 'ਜੰਗ, ਸ਼ਾਂਤੀ ਅਤੇ ਭਰਮ: ਲਿੰਗਕ ਮੁੱਦੇ' ਸਿਰਲੇਖ ਹੇਠ ਇੱਕ ਵਿਸ਼ੇਸ਼ ਪ੍ਰੋਗਰਾਮ ਕਰਵਾਇਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com




ਪਟਿਆਲਾ, 20 ਮਈ (ਅੰਗਰੇਜ ਸਿੰਘ ਵਿੱਕੀ/ਬਲਜੀਤ ਸਿੰਘ ਕੋਟਗੁਰੂ)- ਪੰਜਾਬੀ ਯੂਨੀਵਰਸਿਟੀ ਦੇ ਨਾਰੀ ਅਧਿਐਨ ਕੇਂਦਰ ਵੱਲੋਂ ਪਿਛਲੇ ਦਿਨੀਂ 'ਜੰਗ, ਸ਼ਾਂਤੀ ਅਤੇ ਭਰਮ: ਲਿੰਗਕ ਮੁੱਦੇ' ਸਿਰਲੇਖ ਹੇਠ ਇੱਕ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ।

ਯੂਨੀਵਰਸਿਟੀ ਦੇ ਸੈਂਟਰ ਫ਼ਾਰ ਡਿਸਟੈਂਸ ਐਂਡ ਔਨਲਾਈਨ ਐਜੂਕੇਸ਼ਨ ਤੋਂ ਸੁਰੱਖਿਆ ਅਤੇ ਰਣਨੀਤੀ ਅਧਿਐਨ ਮਾਹਿਰ ਡਾ.ਹਰਸੰਗੀਤ ਪਾਲ ਕੌਰ ਨੇ ਇਸ ਮੌਕੇ ਦਿੱਤੇ ਆਪਣੇ ਭਾਸ਼ਣ ਦੌਰਾਨ ਅਹਿਮ ਗੱਲਾਂ ਕੀਤੀਆਂ। ਉਨ੍ਹਾਂ ਵੱਖ-ਵੱਖ ਰਾਸ਼ਟਰਾਂ ਲਈ ਯੁੱਧ ਅਤੇ ਸ਼ਾਂਤੀ ਦੇ ਸਮੇਂ ਵਿੱਚ ਸ਼ਾਮਲ ਬਹੁ-ਪੱਖੀ ਸਮਾਜਿਕ-ਰਾਜਨੀਤਿਕ ਚੁਣੌਤੀਆਂ ਅਤੇ ਆਮ ਜਨਤਾ ਤੋਂ ਲੈ ਕੇ ਮੀਡੀਆ ਤੱਕ ਸਮਝੇ ਜਾਂਦੇ ਵੱਖ-ਵੱਖ ਭਰਮਾਂ ਨੂੰ ਸਾਹਮਣੇ ਲਿਆਂਦਾ। 'ਆਪ੍ਰੇਸ਼ਨ ਸਿੰਦੂਰ' ਦੇ ਹਵਾਲੇ ਨਾਲ ਗੱਲ ਕਰਦਿਆਂ ਉਨ੍ਹਾਂ ਔਰਤਾਂ ਦੀ ਭੂਮਿਕਾ ਦੇ ਸੰਦਰਭ ਵਿੱਚ ਵਿਸ਼ੇਸ਼ ਟਿੱਪਣੀਆਂ ਕੀਤੀਆਂ। ਸੋਸ਼ਲ ਵਰਕ ਵਿਭਾਗ ਦੇ ਉੱਨਤ ਭਾਰਤ ਅਭਿਆਨ ਤੋਂ ਪ੍ਰੋ. ਹਰਦੀਪ ਕੌਰ ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਉਨ੍ਹਾਂ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਦ੍ਰਿਸ਼ਟੀਕੋਣ ਤੋਂ ਇਸ ਵਿਸ਼ੇ ਉੱਤੇ ਚਰਚਾ ਕੀਤੀ ਅਤੇ ਵਿਦਿਆਰਥੀਆਂ ਨੂੰ ਸੈਨਿਕ ਬਲਾਂ ਦੇ ਯੋਗਦਾਨ ਪ੍ਰਤੀ ਉਨ੍ਹਾਂ ਦੀਆਂ ਧਾਰਨਾਵਾਂ ਬਾਰੇ ਜਾਗਰੂਕ ਕੀਤਾ। ਨਾਰੀ ਅਧਿਐਨ ਕੇਂਦਰ ਦੇ ਡਾਇਰੈਕਟਰ ਪ੍ਰੋ.ਹਰਪ੍ਰੀਤ ਕੌਰ ਨੇ ਲਿੰਗ, ਉਮਰ ਅਤੇ ਸਮਾਜਿਕ-ਆਰਥਿਕ ਪੱਧਰ ਦੇ ਵਿਅਕਤੀਆਂ ਉੱਤੇ ਯੁੱਧ ਦੇ ਮਨੋਵਿਗਿਆਨਕ ਪ੍ਰਭਾਵ ਬਾਰੇ ਚਰਚਾ ਕੀਤੀ। ਇਸ ਸੈਸ਼ਨ ਦਾ ਸੰਚਾਲਨ ਇਸ ਕੇਂਦਰ ਦੇ ਅਧਿਆਪਕ ਡਾ.ਸੁਖਵਿੰਦਰ ਸਿੰਘ ਅਤੇ ਡਾ.ਅਮਨਦੀਪ ਕੌਰ ਵੱਲੋਂ ਕੀਤਾ ਗਿਆ।

# ਕਿਰਤੀ ਕਿਸਾਨ ਯੂਨੀਅਨ ਵਲੋਂ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੈਂਕੜੇ ਆਗੂਆਂ ਤੇ ਕਾਰਕੁਨਾਂ ਦੀਆਂ ਗ੍ਰਿਫਤਾਰੀਆਂ ਦੀ ਨਿਖੇਧੀ

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਕਿਰਤੀ ਕਿਸਾਨ ਯੂਨੀਅਨ ਨੇ ਸੰਗਰੂਰ ਜਿਲ੍ਹੇ ਦੇ ਬੀੜ ਐਸ਼ਵਿਨ ਵਿੱਚ ਜੀਂਦ ਦੇ ਰਾਜੇ ਦੀ 927 ਏਕੜ ਜ਼ਮੀਨ ਉੱਤੇ ਬੇਗਮਪੁਰਾ ਵਸਾਉਣ ਲਈ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਕੀਤੇ ਜਾਣ ਵਾਲੇ ਜਮਹੂਰੀ ਪ੍ਰਦਰਸ਼ਨ ਨੂੰ ਛੇ ਜ਼ਿਲ੍ਹਿਆਂ ਦੀ ਪੁਲਿਸ ਦੇ ਜ਼ੋਰ ਰੋਕਣ, ਸੈਂਕੜਿਆਂ ਦੀ ਗਿਣਤੀ ਵਿੱਚ ਕਾਰਕੁੰਨਾਂ ਅਤੇ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ। ਜੱਥੇਬੰਦੀ ਦੇ ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ ਅਤੇ ਜਿਲਾ ਸਕੱਤਰ ਤਰਸੇਮ ਸਿੰਘ ਬੈਂਸ ਨੇ ਕਿਹਾ ਹੈ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਹਾਰ ਮਗਰੋਂ ਸੂਬੇ ਦੇ ਲੋਕਾਂ ਦੇ ਹਰ ਜਮਹੂਰੀ ਸੰਘਰਸ਼ ਨੂੰ ਪੁਲਿਸ ਜ਼ਬਰ ਰਾਹੀ ਕੁਚਲਣ ਦੇ ਆਤਮਘਾਤੀ ਰਾਹ ਪੈ ਗਈ ਹੈ।

ਉਹਨਾਂ ਨੇ ਕਿਹਾ ਕਿ ਸਮਾਜ ਦੇ ਸੱਭ ਤੋਂ ਵੱਧ ਪੀੜਤ ਲੋਕਾਂ ਵਿੱਚ ਸ਼ਾਮਲ ਬੇਜ਼ਮੀਨੇ ਦਲਿਤ ਵਰਗ ਵਲੋਂ ਬੇਚਿਰਾਗ ਪਿੰਡ ਦੀ 927 ਏਕੜ ਜ਼ਮੀਨ ਜੋਕਿ ਜੀਂਦ ਦੇ ਰਾਜੇ ਨਾਲ ਸਬੰਧਤ ਹੈ, ਨੂੰ ਬੇਜ਼ਮੀਨਿਆਂ ਵਿੱਚ ਵੰਡਣ ਲਈ ਬੀਤੇ ਲੰਮੇਂ ਸਮੇਂ ਤੋਂ ਛੇੜੀ ਮੁਹਿੰਮ ਪ੍ਰਤੀ ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਦਾ ਰਵੱਈਆ ਲੋਕਾਂ ਦੀਆਂ ਜਾਇਜ਼ ਮੰਗਾਂ ਪ੍ਰਤੀ ਘੇਸਲ ਵੱਟ ਜਾਣ ਦੀ ਘਟੀਆ ਆਦਤ ਦਾ ਪ੍ਰਗਟਾਵਾ ਹੈ। ਉਨ੍ਹਾਂ ਕਿਹਾ ਕਿ ਅੱਜ ਬੇਗਮਪੁਰਾ ਵਸਾਉਣ ਲਈ ਆ ਰਹੇ ਜਥਿਆਂ ਨੂੰ ਪੁਲਿਸ ਵਲੋਂ ਰੋਕਾਂ ਖੜੀਆਂ ਕਰਕੇ ਰੋਕਣ, ਧੱਕਾਮੁੱਕੀ ਕਰਨ,ਸੈਂਕੜਿਆਂ ਦੀ ਗਿਣਤੀ ਵਿੱਚ ਗ੍ਰਿਫਤਾਰੀਆਂ ਨੇ ਦੱਸ ਦਿੱਤਾ ਹੈ ਕਿ ਆਪ ਸਰਕਾਰ ਕਿਸਾਨਾਂ ਮਗਰੋਂ ਹੁਣ ਦਲਿਤਾਂ ਦੇ ਸੰਘਰਸ਼ ਨੂੰ ਵੀ ਜਬਰ ਦੇ ਜ਼ੋਰ ਕੁਚਲਣ ਦੇ ਰਾਹ ਪੈ ਗਈ ਹੈ।

ਕਿਸਾਨ ਆਗੂਆਂ ਨੇ ਕਿਹਾ ਕਿ ਦਿੱਲੀ ਵਿਚ ਵਿਧਾਨਸਭਾ ਚੋਣਾਂ ਵਿੱਚ ਹਾਰ ਮਗਰੋਂ ਆਪ ਸਰਕਾਰ ਨੇ ਸੂਬੇ ਨੂੰ ਪੁਲਿਸ ਰਾਜ ਵਿੱਚ ਤਬਦੀਲ ਕਰ ਦਿੱਤਾ ਹੈ। ਸੂਬੇ ਦੇ ਲੋਕਾਂ ਦੇ ਹਰ ਜਮਹੂਰੀ ਸੰਘਰਸ਼ਾਂ ਉੱਤੇ ਪੁਲਿਸ ਜ਼ਬਰ ਢਾਹਿਆ ਜਾ ਰਿਹਾ ਹੈ।

ਆਗੂਆਂ ਨੇ ਕਿਹਾ ਕਿ ਸਦੀਆਂ ਤੋਂ ਦਬਾਏ ਹੋਏ ਤੇ ਲਤਾੜੇ ਦਲਿਤ ਲੋਕਾਂ ਲਈ ਆਵਾਜ ਚੁੱਕਣ ਕਰਕੇ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਨੂੰ ਦਬਾਉਣਾ ਪੰਜਾਬ ਸਰਕਾਰ ਦੇ ਦਲਿਤ,ਮਜ਼ਦੂਰ ਵਿਰੋਧੀ ਚਿਹਰੇ ਨੂੰ ਬੇਪਰਦ ਕਰਦਾ ਹੈ। ਇਹ ਬਿਆਨ ਸੁਰਿੰਦਰ ਸਿੰਘ ਬੈਂਸ, ਜਿਲਾ ਪ੍ਰਧਾਨ, ਕਿਰਤੀ ਕਿਸਾਨ ਯੂਨੀਅਨ, ਸ਼ਹੀਦ ਭਗਤ ਸਿੰਘ ਨਗਰ ਵਲੋਂ ਜਾਰੀ ਕੀਤਾ ਗਿਆ।

# ਪੰਜਾਬ ਸਰਕਾਰ ਨੇ ਡੋਰ ਸਟੈਪ ਡਿਲੀਵਰੀ ਸੇਵਾ ਫੀਸ ਘਟਾ ਦਿੱਤੀ - ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ



ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਪੰਜਾਬ ਸਰਕਾਰ ਨੇ ਡੋਰ ਸਟੈਪ ਡਿਲੀਵਰੀ ਫੀਸ 120 ਰੁਪਏ ਤੋਂ ਘਟਾ ਕੇ 50 ਰੁਪਏ ਕਰ ਦਿੱਤੀ ਹੈ ਜਿਸ ਨਾਲ ਨਾਗਰਿਕ ਕੇਂਦਰਿਤ ਸੇਵਾਵਾਂ ਸਾਰੇ ਨਾਗਰਿਕਾਂ ਲਈ ਵਧੇਰੇ ਪਹੁੰਚਯੋਗ ਹੋ ਗਈਆਂ ਹਨ। ਡਿਪਟੀ ਕਮਿਸ਼ਨਰ ਸ੍ਰੀ ਅੰਕੁਰਜੀਤ ਸਿੰਘ ਨੇ ਇਹ ਜਾਣਕਾਰੀ ਦਿੱਤੀ ਕਿ ਇਸ ਕਦਮ ਦੇ ਤਹਿਤ, ਸੂਬੇ ਦੇ ਵਸਨੀਕ ਹੈਲਪਲਾਈਨ ਨੰਬਰ-1076 'ਤੇ ਕਾਲ ਕਰਕੇ ਘਰ ਬੈਠੇ 406 ਸੇਵਾਵਾਂ ਦਾ ਲਾਭ ਲੈ ਸਕਦੇ ਹਨ। ਡਿਲੀਵਰੀ ਫੀਸਾਂ ਵਿੱਚ ਕਟੌਤੀ ਕਰਨ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕਮਜ਼ੋਰ ਵਿੱਤੀ ਸਥਿਤੀਆਂ ਵਾਲੇ ਨਾਗਰਿਕ ਵੀ ਇਨ੍ਹਾਂ ਸੇਵਾਵਾਂ ਦਾ ਲਾਭ ਲੈ ਸਕਣ। ਉਨ੍ਹਾਂ ਕਿਹਾ ਕਿ "ਭਗਵੰਤ ਮਾਨ ਸਰਕਾਰ, ਤੁਹਾਡੀ ਡੋਰ ਸਟੈਪ" ਯੋਜਨਾ ਦੇ ਤਹਿਤ ਡੋਰ ਸਟੈਪ ਡਿਲੀਵਰੀ ਸ਼ੁਰੂ ਕੀਤੀ ਗਈ ਹੈ ਜੋ ਨਿਰਵਿਘਨ ਸਰਕਾਰ-ਤੋਂ-ਨਾਗਰਿਕ ਸੇਵਾਵਾਂ ਨੂੰ ਸਮਰੱਥ ਬਣਾਉਂਦੀ ਹੈ। ਇਹ ਪਹਿਲ ਸੂਬੇ ਦੇ ਨਾਗਰਿਕਾਂ ਨੂੰ ਉਨ੍ਹਾਂ ਦੀਆਂ ਜਾਇਦਾਦਾਂ 'ਤੇ ਮਹੱਤਵਪੂਰਨ G2C ਸੇਵਾਵਾਂ ਪ੍ਰਦਾਨ ਕਰਦੀ ਹੈ- ਜਿਵੇਂ ਕਿ ਜਨਮ ਅਤੇ ਮੌਤ ਸਰਟੀਫਿਕੇਟ, ਆਮਦਨ, ਰਿਹਾਇਸ਼, ਜਾਤੀ, ਪੈਨਸ਼ਨ, ਬਿਜਲੀ ਬਿੱਲ ਭੁਗਤਾਨ ਅਤੇ ਹੋਰ ਸੇਵਾਵਾਂ। ਸੂਬੇ ਦੇ ਨਾਗਰਿਕ ਇੱਕ ਸਮਰਪਿਤ ਹੈਲਪਲਾਈਨ ਨੰਬਰ 1076 'ਤੇ ਕਾਲ ਕਰਕੇ ਇਨ੍ਹਾਂ ਸੇਵਾਵਾਂ ਦਾ ਲਾਭ ਲੈ ਸਕਦੇ ਹਨ। ਇੱਕ ਨਾਗਰਿਕ ਇੱਕ ਸਮੇਂ ਵਿੱਚ ਵੱਧ ਤੋਂ ਵੱਧ ਚਾਰ ਸੇਵਾਵਾਂ ਪ੍ਰਾਪਤ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਸਿਵਲ ਸੇਵਾਵਾਂ ਵਿੱਚ ਕੋਈ ਵੀ ਪੈਦਾ ਨਹੀਂ ਹੋਇਆ। ਏ. ਸੀ. ਸਰਟੀਫਿਕੇਟ, ਜਨਮ ਸਰਟੀਫਿਕੇਟ ਵਿੱਚ ਨਾਮ ਜੋੜਨਾ, ਮੌਤ ਸਰਟੀਫਿਕੇਟ ਦੀਆਂ ਕਾਪੀਆਂ, ਜਨਮ ਸਰਟੀਫਿਕੇਟ ਵਿੱਚ ਐਂਟਰੀ ਵਿੱਚ ਸੋਧ, ਮੌਤ/ਐਨ. ਏ. ਸੀ. ਸਰਟੀਫਿਕੇਟ ਜਾਰੀ ਕਰਨਾ, ਜਨਮ ਸਰਟੀਫਿਕੇਟ ਦੀਆਂ ਕਈ ਕਾਪੀਆਂ, ਜਨਮ ਸਰਟੀਫਿਕੇਟ ਦੀ ਦੇਰੀ ਨਾਲ ਰਜਿਸਟ੍ਰੇਸ਼ਨ, ਮੌਤ ਸਰਟੀਫਿਕੇਟ ਦੀ ਦੇਰ ਨਾਲ ਰਜਿਸਟ੍ਰੇਸ਼ਨ, ਮੌਤ ਸਰਟੀਫਿਕੇਟ (ਸਿਹਤ), ਆਮਦਨ ਸਰਟੀਫਿਕੇਟ, ਅੱਧੀਆ ਸਟੇਟਮੈਂਟ ਦੀ ਤਸਦੀਕ, ਜਾਇਦਾਦ ਦੇ ਰਿਕਾਰਡ ਦੀ ਤਸਦੀਕ, ਰਜਿਸਟਰਡ ਅਤੇ ਗੈਰ-ਰਜਿਸਟਰਡ ਦਸਤਾਵੇਜ਼ਾਂ ਦੀਆਂ ਪ੍ਰਮਾਣਿਕ ਕਾਪੀਆਂ (ਕਾਪੀਆਂ ਪ੍ਰਦਾਨ ਕਰਨਾ), ਫਰਦ ਦੀ ਤਿਆਰੀ, ਦਸਤਾਵੇਜ਼ਾਂ ਦੇ ਕਾਊਂਟਰ ਸਾਈਨ, ਬੈਕਯਾਰਡ ਏਰੀਆ ਸਰਟੀਫਿਕੇਟ, ਦਸਤਾਵੇਜ਼ਾਂ ਦੇ ਕਾਊਂਟਰ ਸਾਈਨ, ਕਾਊਂਟਰ ਸਾਈਨ, ਲਾਭਪਾਤਰੀਆਂ ਦੇ ਬੱਚਿਆਂ ਨੂੰ ਸਕਾਲਰਸ਼ਿਪ, ਉਸਾਰੀ ਕਾਮੇ ਦੀ ਰਜਿਸਟ੍ਰੇਸ਼ਨ ਅਤੇ ਉਸਾਰੀ ਕਾਮੇ (ਮਜ਼ਦੂਰ) ਰਜਿਸਟ੍ਰੇਸ਼ਨ ਦਾ ਨਵੀਨੀਕਰਨ, ਰਿਹਾਇਸ਼ੀ ਸਰਟੀਫਿਕੇਟ, ਅਨੁਸੂਚਿਤ ਜਾਤੀ ਸਰਟੀਫਿਕੇਟ ਅਤੇ ਬੀ. ਸੀ. ਸਰਟੀਫਿਕੇਟ, ਜਨਰਲ ਜਾਤੀ ਸਰਟੀਫਿਕੇਟ, ਹੋਰ ਪਿਛੜੇ ਵਰਗਾਂ (ਓ. ਬੀ. ਸੀ.) ਨਾਲ ਸਬੰਧਤ ਸਰਟੀਫਿਕੇਟ, ਆਮਦਨ ਅਤੇ ਸੰਪਤੀ ਦਾ ਸਰਟੀਫਿਕੇਟ (ਈ. ਡਬਲਯੂ. ਸ.) ਅਤੇ ਸ਼ਗਨ ਸਕੀਮ (ਕੇਸ ਦੀ ਪ੍ਰਵਾਨਗੀ ਲਈ) (ਸਮਾਜਿਕ ਨਿਆਂ), ਬਜ਼ੁਰਗਾਂ ਨੂੰ ਪੈਨਸ਼ਨ, ਵਿਧਵਾਵਾਂ/ਬੇਸਹਾਰਾ ਨਾਗਰਿਕਾਂ ਨੂੰ ਪੈਨਸ਼ਨ, ਅਪਾਹਜ ਨਾਗਰਿਕਾਂ ਨੂੰ ਪੈਨਸ਼ਨ, ਅਪੰਗਤਾ ਸਰਟੀਫਿਕੇਟ yi। ਡੀ. .. ਡੀ. ਕਾਰਡ ਲਈ ਅਰਜ਼ੀ ਅਤੇ ਨਿਰਭਰ ਬੱਚਿਆਂ ਜਿਵੇਂ ਕਿ ਪੈਨਸ਼ਨ (ਸਮਾਜਿਕ ਸੁਰੱਖਿਆ), ਬਿਜਲੀ ਬਿੱਲ ਭੁਗਤਾਨ (ਬਿਜਲੀ), ਵਿਆਹ ਰਜਿਸਟ੍ਰੇਸ਼ਨ (ਲਾਜ਼ਮੀ), ਵਿਆਹ (ਖੁਸ਼ੀ) ਰਜਿਸਟ੍ਰੇਸ਼ਨ ਅਤੇ ਪੇਂਡੂ ਖੇਤਰ ਸਰਟੀਫਿਕੇਟ (ਪੇਂਡੂ) ਘਰ ਬੈਠੇ ਆਦਿ ਲਈ ਪੈਨਸ਼ਨ (ਸਮਾਜਿਕ ਸੁਰੱਖਿਆ) ਆਦਿ ਵਰਗੀਆਂ ਸੇਵਾਵਾਂ ਲਈ ਮੁਲਾਕਾਤ ਤਹਿ ਕਰਨ ਲਈ ਟੋਲ ਫ੍ਰੀ ਨੰਬਰ 1076 'ਤੇ ਕਾਲ ਕਰੋ। ਸੇਵਾਵਾਂ ਦਾ ਲਾਭ ਉਠਾ ਸਕਦੇ ਹਨ।

# ਭੁਟਾਲ ਕਲਾਂ ਵਿਖੇ 13 ਮਾਰਚ ਤੋਂ 12 ਮਈ 2025 ਤਕ 08 ਕਥਿਤ ਨਸ਼ਾ ਸਮੱਗਲਰਾਂ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਭੇਜਿਆ: ਡੀ.ਐਸ.ਪੀ. ਦੀਪਇੰਦਰ ਸਿੰਘ ਜੇਜੀ

## ਮੁਲਜ਼ਮਾਂ ਪਾਸੋਂ 25 ਗ੍ਰਾਮ ਹੈਰੋਇਨ, 960 ਨਸ਼ੀਲੀਆਂ ਗੋਲੀਆਂ, 20 ਨਸ਼ੀਲੀਆਂ ਸ਼ੀਸ਼ੀਆਂ ਕੀਤੀਆਂ ਬ੍ਰਾਮਦ

ਲਹਿਰਾਗਾਗਾ, 19 ਮਈ (ਜਗਸੀਰ ਲੌਂਗੋਵਾਲ)- ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਐਸ.ਐਸ.ਪੀ. ਸੰਗਰੂਰ, ਸਰਤਾਜ ਸਿੰਘ ਚਹਿਲ ਦੇ ਨਿਰਦੇਸ਼ਾਂ ਅਨੁਸਾਰ ਥਾਣਾ ਲਹਿਰਾ ਦੇ ਪਿੰਡ ਭੁਟਾਲ ਕਲਾਂ ਵਿਖੇ ਅਸਰਦਾਰ ਢੰਗ ਨਾਲ ਕਾਰਵਾਈ ਕਰਦੇ ਹੋਏ ਨਸ਼ਿਆਂ ਦੇ ਕਾਰੋਬਾਰ ਨੂੰ ਠੱਲ੍ਹ ਪਾਈ ਗਈ ਹੈ। ਇਸ ਮੁਹਿੰਮ ਦੌਰਾਨ 13 ਮਾਰਚ 2025 ਤੋਂ 12 ਮਈ 2025 ਤਕ 08 ਕਥਿਤ ਨਸ਼ਾ ਸਮੱਗਲਰਾਂ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਭੇਜਿਆ ਗਿਆ ਹੈ।

ਇਹ ਜਾਣਕਾਰੀ ਸਾਂਝੀ ਕਰਦਿਆਂ ਡੀ.ਐਸ.ਪੀ. ਲਹਿਰਾ, ਦੀਪਇੰਦਰ ਸਿੰਘ ਜੇਜੀ ਨੇ ਦੱਸਿਆ ਕਿ ਮੁਲਜ਼ਮਾਂ ਪਾਸੋਂ 25 ਗ੍ਰਾਮ ਹੈਰੋਇਨ, 960 ਨਸ਼ੀਲੀਆਂ ਗੋਲੀਆਂ, 20 ਨਸ਼ੀਲੀਆਂ ਸ਼ੀਸ਼ੀਆਂ ਬ੍ਰਾਮਦ ਕੀਤੀਆਂ ਗਈਆਂ ਹਨ।

ਡੀ.ਐੱਸ.ਪੀ. ਨੇ ਦੱਸਿਆ ਕਿ ਨਸ਼ਾ ਕਰਨ ਦੇ ਆਦੀ 20 ਨਸ਼ਾ ਪੀੜਤਾਂ ਦਾ ਨਸ਼ਾ ਛੁਡਾਊ ਕੇਂਦਰ ਰਾਹੀਂ ਇਲਾਜ ਕਰਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਪਿੰਡ ਭੁਟਾਲ ਕਲਾਂ ਵਿਖੇ ਸਖਤ ਨਿਗਰਾਨੀ ਜਾਰੀ ਹੈ। ਪਿੰਡ ਭੁਟਾਲ ਕਲਾਂ ਨੂੰ ਹਰ ਹਾਲਤ ਨਸ਼ਾ ਮੁਕਤ ਕੀਤਾ ਜਾਵੇਗਾ ਤੇ ਕਿਸੇ ਵੀ ਨਸ਼ਾ ਵੇਚਣ ਵਾਲੇ ਨੂੰ ਬਖਸ਼ਿਆ ਨਹੀਂ ਜਾਵੇਗਾ।

ਐਨ.ਡੀ.ਪੀ.ਐਸ.ਐਕਟ ਤਹਿਤ ਥਾਣਾ ਲਹਿਰਾ ਵਿਖੇ ਜਿਨ੍ਹਾਂ ਖਿਲਾਫ ਕੇਸ ਦਰਜ ਕਰ ਕੇ ਕਾਰਵਾਈ ਕੀਤੀ ਗਈ ਹੈ, ਉਹਨਾਂ ਵਿੱਚ ਗੁਰਦੀਪ ਸਿੰਘ ਉਰਫ ਦੀਪ, ਸਤਵੀਰ ਸਿੰਘ ਉਰਫ ਸਤਵੀਰ ਪੁਰੀ, ਹਰਜਿੰਦਰ ਸਿੰਘ ਉਰਫ ਕਾਲਾ, ਸੋਹਣ ਸਿੰਘ ਉਰਫ ਸੋਨੂੰ, ਹਰਵਿੰਦਰ ਪੁਰੀ ਉਰਫ ਬਿੰਦਰ, ਸਰਨਪ੍ਰੀਤ ਸਿੰਘ, ਮੇਹਨ ਸਿੰਘ ਉਰਫ ਮੋਨਾ ਅਤੇ ਗੁਰਦੇਵ ਸਿੰਘ ਉਰਫ ਗੁਰੀਆ ਵਾਸੀਆਨ ਭੁਟਾਲ ਕਲਾਂ ਸ਼ਾਮਲ ਹਨ।

# ਸਕੂਲ ਵਾਹਨਾਂ ਦੀ ਚੈਕਿੰਗ, ਦੋ ਸਕੂਲ ਬੱਸਾਂ ਦੇ ਚਲਾਨ ਕੱਟੇ



ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਸੇਫ਼ ਸਕੂਲ ਵਾਹਨ ਨੀਤੀ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਚੁੱਕੇ ਜਾ ਰਹੇ ਕਦਮਾਂ ਤਹਿਤ ਅੱਜ ਜ਼ਿਲ੍ਹੇ ਵਿੱਚ ਸਕੂਲ ਵਾਹਨਾਂ ਦੀ ਜਾਂਚ ਕੀਤੀ ਗਈ, ਜਿਸ ਦੌਰਾਨ 12 ਸਕੂਲਾਂ ਦੀਆਂ 20 ਸਕੂਲ ਬੱਸਾਂ ਦੇ ਦਸਤਾਵੇਜ਼ਾਂ ਦੀ ਜਾਂਚ ਕੀਤੀ ਗਈ ਅਤੇ ਨੀਤੀ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਵਾਲੇ ਦੋ ਸਕੂਲ ਬੱਸਾਂ ਕੀਤੀਆਂ ਜਾਣ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੇ ਨਿਰਦੇਸ਼ਾਂ 'ਤੇ ਬਲਾਚੌਰ ਦੇ ਖੇਤਰੀ ਟਰਾਂਸਪੋਰਟ ਅਫ਼ਸਰ ਅਤੇ ਐੱਸ. ਡੀ. ਐਮ. ਇਹ ਚੈਕਿੰਗ ਇੰਦਰ ਪਾਲ ਦੀ ਅਗਵਾਈ ਹੇਠ ਕੀਤੀ ਗਈ। ਚੈਕਿੰਗ ਬਾਰੇ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਕੰਚਨ ਅਰੋੜਾ ਨੇ ਦੱਸਿਆ ਕਿ ਇਸ ਸਬੰਧਤ ਬਣਾਈ ਗਈ ਟੀਮ ਨੇ ਸਕੂਲ ਬੱਸਾਂ ਦੇ ਡਰਾਈਵਰਾਂ ਨੂੰ ਸੇਫ਼ ਸਕੂਲ ਵਾਹਨ ਨੀਤੀ ਦੀਆਂ ਸ਼ਰਤਾਂ ਸਕੂਲ ਬੱਸ ਵਾਂਗ ਹੀ ਦੱਸੀਆਂ ਸਨ। ਸੀ. ਟੀ. ਵੀ. ਕੈਮਰੇ, ਖਿੜਕੀਆਂ 'ਤੇ ਲੋਹੇ ਦੀ ਗਰਿੱਲ, ਫਸਟ ਏਡ ਬਾਕਸ, ਮਹਿਲਾ ਕੰਡਕਟਰ, ਬੱਸ ਡਰਾਈਵਰ ਦਾ ਸਕੂਲ ਵਰਦੀ ਵਿੱਚ ਹੋਣਾ, ਸੀਟ ਬੈਲਟਾਂ, ਸਮਰੱਥਾ ਤੋਂ ਵੱਧ ਬੱਚਿਆਂ ਨੂੰ ਸਕੂਲ ਬੱਸ 'ਤੇ ਨਾ ਬੈਠਣ ਦੇਣਾ, ਬਾਰੇ ਜਾਗਰੂਕਤਾ। ਟੀਮ ਨੇ ਸਪੱਸ਼ਟ ਕੀਤਾ ਕਿ ਨੀਤੀ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਵਾਲੀਆਂ ਸਕੂਲ ਬੱਸਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਕੰਚਨ ਅਰੋੜਾ ਨੇ ਕਿਹਾ ਕਿ ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਸਮੇਂ-ਸਮੇਂ 'ਤੇ ਸਕੂਲ ਪ੍ਰਿੰਸੀਪਲਾਂ ਅਤੇ ਸਕੂਲ ਵਾਹਨਾਂ ਦੇ ਡਰਾਈਵਰਾਂ ਨੂੰ ਸੇਫ਼ ਸਕੂਲ ਵਾਹਨ ਨੀਤੀ ਦੇ ਨਿਯਮਾਂ ਅਤੇ ਸ਼ਰਤਾਂ ਬਾਰੇ ਸੂਚਿਤ ਕਰਦਾ ਹੈ। ਉਨ੍ਹਾਂ ਕਿਹਾ ਕਿ ਸਕੂਲ ਬੱਸਾਂ ਦੇ ਡਰਾਈਵਰਾਂ ਕੋਲ ਵੀ ਪੂਰੇ ਵਾਹਨ ਕਾਗਜ਼ਾਤ ਹੋਣੇ ਚਾਹੀਦੇ ਹਨ। ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਇੰਦਰਪਾਲ ਸਿੰਘ ਨੇ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਸਕੂਲ ਬੱਸਾਂ ਵਿੱਚ ਭੇਜਣ ਤੋਂ ਪਹਿਲਾਂ ਉਨ੍ਹਾਂ ਦੀ ਜਾਂਚ ਕਰਨ। ਇਸ ਨੇ ਸਕੂਲ ਬੱਸ ਡਰਾਈਵਰਾਂ ਨੂੰ ਚੇਤਾਵਨੀ ਵੀ ਦਿੱਤੀ ਕਿ ਸਕੂਲ ਬੱਸਾਂ ਨੂੰ ਰੋਕਣ ਜਾਂ ਸੇਫ਼ ਸਕੂਲ ਵਾਹਨ ਨੀਤੀ ਦੀ ਉਲੰਘਣਾ ਲਈ ਫੀਸਾਂ ਵਿੱਚ ਕਟੌਤੀ ਕਰਨ ਲਈ ਕੋਈ ਕਮੀ ਨਹੀਂ ਵਰਤੀ ਜਾਵੇਗੀ। ਉਨ੍ਹਾਂ ਕਿਹਾ ਕਿ ਡਰਾਈਵਰਾਂ ਨੂੰ ਸੜਕ 3 'ਤੇ ਬੱਸਾਂ ਲਿਜਾਣ ਤੋਂ ਪਹਿਲਾਂ ਆਪਣੇ ਅਤੇ ਆਪਣੀਆਂ ਬੱਸਾਂ ਦੇ ਦਸਤਾਵੇਜ਼ ਪੂਰੇ ਕਰਨੇ ਚਾਹੀਦੇ ਹਨ। ਇਸ ਮੌਕੇ ਸਿੱਖਿਆ ਵਿਭਾਗ ਤੋਂ ਪ੍ਰਿੰਸੀਪਲ ਸੁਰਿੰਦਰਪਾਲ ਅਗਨੀਹੋਤਰੀ, ਏ. ਸ. ਆਈ. ਸੁਭਾਸ਼ ਚੰਦਰ, ਰਵਿੰਦਰ ਕੌਰ ਅਤੇ ਬਾਲ ਸੁਰੱਖਿਆ ਯੂਨਿਟ ਤੋਂ ਪੀ. ਓ. ਰਾਜਿੰਦਰ ਕੌਰ ਅਤੇ ਸੰਤੋਸ਼ ਡਾਟਾ ਐਂਟਰੀ ਆਪਰੇਟਰ ਵੀ ਮੌਜੂਦ ਸਨ।

# ਰੋਟਰੀ ਕਲੱਬ ਬੰਗਾ ਗ੍ਰੀਨ ਦੇ ਸਮੂਹ ਮੈਂਬਰ ਟੈਂਕਰ ਨਾਲ ਬੂਟਿਆਂ ਨੂੰ ਪਾਣੀ ਦਿੰਦੇ ਹੋਏ।



ਬੰਗਾ( ਚਰਨਜੀਤ ਸੱਲ੍ਹਾਂ ) ਰੋਟਰੀ ਕਲੱਬ ਬੰਗਾ ਗ੍ਰੀਨ ਵਲੋਂ ਮੇਨ ਰੋਡ ,ਬੰਗਾ ਵਿਖੇ ਪੁੱਲ ਦੇ ਥੱਲੇ ਲੱਗੇ ਹੋਏ ਬੂਟਿਆਂ ਦੀ ਸਾਂਭ ਸੰਭਾਲ ਲਈ ਟੈਂਕਰ ਲਿਆ ਕੇ ਬੂਟਿਆਂ ਨੂੰ ਪਾਣੀ ਦਿੱਤਾ ਗਿਆ। ਰੋਟਰੀ ਕਲੱਬ ਬੰਗਾ ਗ੍ਰੀਨ ਦੇ ਪ੍ਰਧਾਨ ਦਿਲਬਾਗ ਸਿੰਘ ਬਾਗੀ ਅਤੇ ਵਾਈਸ ਚਾਂਸਲਰ ਡਾ. ਧਰਮਜੀਤ ਸਿੰਘ ਵਲੋਂ ਸਾਂਝੇ ਤੌਰ ਤੇ ਕਿਹਾ ਗਿਆ ਕਿ ਸਰਕਾਰ ਵਲੋਂ ਰੁੱਖ ਅਤੇ ਬੂਟੇ ਲਗਾਉਣ ਲਈ ਜ਼ੋਰ ਵੀ ਦਿੱਤਾ ਜਾ ਰਿਹਾ ਹੈ ਪਰ ਦੁੱਖ ਦੀ ਗੱਲ ਇਹ ਹੈ ਕੇ ਪੁੱਲ ਥੱਲੇ ਲਗਾਏ ਬੂਟਿਆਂ ਨੂੰ ਕਾਫੀ ਸਮੇਂ ਤੋਂ ਪਾਣੀ ਨਹੀਂ ਲਗਾਇਆ ਗਿਆ ਜਿਸ ਕਾਰਨ ਬੂਟੇ ਸੁੱਕ ਰਹੇ ਹਨ ਜਦੋਂ ਕੇ ਪਾਣੀ ਲਗਾਉਣ ਵਾਸਤੇ ਪਾਇਪ ਵੀ ਪਏ ਹੋਏ ਹਨ ਪਰ ਅਣਗਹਿਲੀ ਕਰਕੇ ਪਾਣੀ ਨਾ ਦੇਣ ਕਰਕੇ ਬੂਟੇ ਸੁੱਕ ਕੇ ਮਰ ਰਹੇ ਹਨ। ਸੋ ਰੋਟਰੀ ਕਲੱਬ ਬੰਗਾ ਗ੍ਰੀਨ ਦੇ ਸਮੂਹ ਮੈਂਬਰਾਂ ਨੇ ਫੈਸਲਾ ਕੀਤਾ ਕਿ ਟੈਂਕਰ ਲਿਆ ਕੇ ਪਾਣੀ ਦਿੱਤਾ ਜਾਵੇਗਾ। ਅਤੇ ਅੱਜ 3 ਟੈਂਕਰ ਪਾਣੀ ਦੇ ਭਰ ਕੇ ਬੂਟਿਆਂ ਨੂੰ ਪਾਣੀ ਦਿੱਤਾ ਗਿਆ ਹੈ। ਬਲਦੇਵ ਜਵੇਲਰ ਬੰਗਾ ਅਤੇ ਰਣਵੀਰ ਸਿੰਘ ਰਾਣਾ ਟਰੈਵਲ ਨੇ ਕਲੱਬ ਦੇ ਇਸ ਸਾਰਥਕ ਕਦਮ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਜੇਕਰ ਕੋਈ ਵੀ ਸੰਸਥਾ, ਸਰਕਾਰ ਵਲੋਂ ਰੁੱਖ ਜਾ ਬੂਟੇ ਲਗਾਏ ਜਾਣ ਤਾਂ ਉਨ੍ਹਾਂ ਦੀ ਸਾਂਭ ਸੰਭਾਲ ਵੀ ਹੋਣੀ ਚਾਹੀਦੀ ਹੈ ਕਿਉਂਕਿ ਵਾਤਾਵਰਨ ਦੀ ਸੰਭਾਲ ਲਈ ਰੁੱਖ ਅਤੇ ਹਰਿਆਲੀ ਜਰੂਰੀ ਹੈ। ਇਸ ਮੌਕੇ ਰੋਟੇ. ਰਣਬੀਰ ਸਿੰਘ, ਰੋਟੇ. ਸ਼ਮਿੰਦਰ ਸਿੰਘ ਗਰਚਾ ਰੋਟੇ. ਜੀਵਨ ਦਾਸ ਕੇਸ਼ਲ ਸੈਕਟਰੀ, ਰੋਟੇ. ਗਗਨਦੀਪ ਚੀਫ ਮੈਨੇਜਰ PNB ਕੈਸ਼ੀਅਰ, ਰਣਜੀਤ ਸਿੰਘ ਕੰਦੋਲਾ, ਸੁਖਵਿੰਦਰ ਸਿੰਘ ਧਾਮੀ, ਰੋਟੇ. ਬਲਵਿੰਦਰ ਪਾਂਧੀ , ਬਲਦੇਵ ਜਵੇਲਰ ਬੰਗਾ, ਰੋਟੇ. ਹਰਪ੍ਰੀਤ ਸਿੰਘ ਸੈਣੀ, ਰੋਟੇ. ਗੁਰਚਰਨ ਸਿੰਘ (ਏ ਐਸ ਫਰੇਜਨ) ਆਦਿ ਹਾਜ਼ਿਰ ਸਨ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com

# ਮੇਰੀ ਜ਼ਿੰਦਗੀ ਦੇ ਹੁਣ ਤੱਕ ਤੇ ਆਉਣ ਵਾਲੇ ਸਘੰਰਸ਼

ਡਾ. ਚੰਦਰ ਸ਼ੇਖਰ ਭਾਟੀਆ ਐਮਡੀ



• ਮੇਰਾ ਜਨਮ ਡਾਕਟਰ ਦੇਵੀ ਦਾਸ ਤੇ ਵਿਦਿਆ ਵਤੀ ਦੇ ਘਰ ਪਿੰਡ ਬੋਹਣ ਵਿੱਖੇ ਹੋਇਆ। ਪਿੰਡ ਦੇ ਲੋਕ ਦੱਸਦੇ ਨੇ ਕਿ ਮੇਰੇ ਪਿਤਾ ਨੇ ਖੂਬ ਖੁਸ਼ੀਆਂ ਮਨਾਈਆਂ। ਕਿਉਂ ਕਿ ਪਿਤਾ ਜੀ ਉਸ ਵੇਲੇ ਪਿੰਡ ਦੇ ਸਰਪੰਚ ਹੁੰਦੇ ਸਨ। ਤੇ ਨਾਲ ਵਿਉਪਾਰ ਵੀ ਕਰਦੇ ਸਨ ।ਬੱਚਪਨ ਵਧੀਆ ਨਿਕਲਿਆ।

* ਪੜ੍ਹਾਈ ਸ਼ੁਰੂ ਹੋ ਗਈ ਤੇ ਪਹਿਲੀ ਕਲਾਸ ਆਪਾਂ 6 ਮਹੀਨੇ ਤਾਂ ਸਕੂਲ * ਹੀ ਨਹੀਂ ਗੈਏ। ਬਸਤਾ ਚੋਅ ਵਿਚ ਰੇਤਾ ਵਿੱਚ ਦੱਬ ਕੇ ਨਾਲਦੇ ਪਿੰਡ ਜਾ ਕੇ ਗੁੜ ਦੀ ਮੰਗ ਕਾਫੀ ਸ ਬਣਦਾ ਹੁੰਦਾ ਸੀ ਤੇ ਨਾਲੇ ਤੱਤਾਂ ਗੁੜ ਖਾਈ ਜਾਣਾ ਤੇ ਗੁੜ ਬਣਾਉਣ ਵਿੱਚ ਜ਼ਿਮੀਂਦਾਰ ਦੀ ਸਹਾਇਤਾ ਕਰਨੀ ਜਾਈ। ਮਾਸਟਰ ਕੁਲਵੰਤ ਸਿੰਘ ਹੁੰਦੇ ਸਨ ਤੇ ਉਹਨਾਂ ਨੇ ਨਿਗਾ ਰੱਖਈ ਸ਼ੁਰੂ ਕੀਤੀ ਤੇ ਇੱਕ ਦਿਨ ਉਹਨਾਂ ਨੇ ਫੜ ਲਿਆ ਤੇ ਤੇ ਹਰੀ ਛਿੱਟੀ ਨਾਲ ਡਰਾਇਆ ਕਿ ਕਿਹਾ ਕਿ ਹੁਣ ਤੋਂ ਲੈ ਕੇ ਰੋਜ਼ਾਨਾ ਸਕੂਲ ਆਉਣਾ ਹੈ ਨਹੀਂ ਤਾਂ ਡੰਡੇ ਪੈਣਗੇ। ਫੇਰ ਕੀ ਸੀ ਮੈਂ ਉਸ ਤੋਂ ਬਾਅਦ ਰੋਜ਼ ਸਕੂਲ ਜਾਣ ਲੱਗਾ ਤੇ ਪਹਿਲੀ ਕਲਾਸ ਵਿੱਚ ਮੈਂ ਪਹਿਲੇ ਨੰਬਰ ਤੇ ਆਇਆ ।ਤੀਸਰੀ ਕਲਾਸ ਵਿੱਚ ਹੀ ਮੈਂ ਪਿਤਾ ਜੀ ਨਾਲ ਕਲਿਨਿਕ ਦੇ ਵਿੱਚ ਸਹਾਇਤਾ ਕਰਵਾਉਣ ਲੱਗ ਪਿਆ। ਲੋਕਾਂ ਦੇ ਘਰਾਂ ਵਿੱਚ ਦਵਾਈਆਂ ਪਹੁੰਚਾ ਦੇਈਆਂ ਤੇ ਹੌਲੀ ਹੌਲੀ ਟੀਕਾ ਲਾਉਣਾ ਵੀ ਸਿੱਖ ਲਿਆ।

ਪ੍ਰਾਇਮਰੀ ਸਕੂਲ ਦੀ ਪੜ੍ਹਾਈ ਪਿੰਡ ਵਿੱਚ ਹੀ ਕੀਤੀ ਤੇ ਛੇਵੀਂ ਜਮਾਤ ਪਿੰਡ ਵਿੱਚ ਹੀ ਪ੍ਰਾਈਵੇਟ ਸਕੂਲ ਸੀ ਜੋਂ ਕਿ ਪਿਤਾ ਜੀ ਨੇ ਹੀ ਸ਼ੁਰੂ ਕਰਵਾਇਆ ਸੀ ਉਸ ਸਕੂਲ ਤੋਂ ਕੀਤੀ ।ਭਾਜੀ ਇੰਦਰਜੀਤ ਜੀ ਤੇ ਭਾਜੀ ਕੁਲਦੀਪ ਔਜਲਾ ਨੇ ਬਹੁਤ ਵਧੀਆ ਪੜ੍ਹਾਈ ਕਰਾਈ ਤੇ ਚੰਗੀ ਨੀਂਵ ਰੱਖੀ। ਭਾਜੀ ਇੰਦਰਜੀਤ ਇੱਕ ਸਾਲ ਲਈ ਹੋਰ ਨੋਕਰੀ ਕਰਨ ਲੱਗ ਪਏ ਤੇ ਅਠਵੀਂ ਵਿਚ ਉਹਣਾਂ ਨੇ ਫੇਰ ਸਾਇੰਸ ਪੜ੍ਹਾਈ। ਅਠਵੀਂ ਜਮਾਤ ਵਿੱਚ ਵੀ ਮੈਂ ਆਪਣੀ ਕਲਾਸ ਵਿੱਚ ਪਹਿਲੇ ਨੰਬਰ ਤੇ ਆਇਆ।

ਫੇਰ 9ਵੀਂ ਕਲਾਸ ਵਿੱਚ ਮੈਂ ਨੂੰ ਬੜੀ ਭੈਣ ਨੇ ਹੋਸ਼ਿਆਰਪੁਰ ਵਿੱਚ ਸਨਾਤਨ ਧਰਮ ਸਕੂਲ ਵਿੱਚ ਪੜਨ ਨਾ ਦਿੱਤਾ ਤੇ ਸਾਰੇ ਵਿਸੇ ਅੰਗਰੇਜ਼ੀ ਵਿਚ ਰੱਖ ਦਿਤੇ।

ਸ਼ਹਿਰ ਦੇ ਲੜਕਿਆਂ ਨੇ ਵੀ ਮੇਰੇ ਪਿੱਛੇ ਲੱਗ ਕੇ ਅੰਗਰੇਜ਼ੀ ਭਾਸ਼ਾ ਰੱਖ ਲਈ।

ਪਰ 2 ਮਹੀਨੇ ਬਾਅਦ ਹੀ ਸਾਰੇ ਅੰਗਰੇਜ਼ੀ ਛੱਡ ਗਏ। ਉਥੇ ਮੇਰੀ ਦੋਸਤੀ ਕੇਦਾਰ ਨਾਥ ਨਾਲ ਹੁੰਦੀ ਹੈ ।ਇਹ ਪਹਿਲਾਂ ਤਾਂ ਮੁਕਾਬਲੇ ਤੋਂ ਸ਼ੁਰੂ ਹੁੰਦੀ ਹੈ ਤੇ ਫੇਰ ਗੂੜ੍ਹੀ ਦੋਸਤੀ ਵਿੱਚ ਬਦਲ ਜਾਂਦੀ ਹੈ ।ਕੇਦਾਰ ਨਾਥ ਨੇਪਾਲ ਦਾ ਰਹਿਏ ਵਾਲਾ ਸੀ ਤੇ ਇਥੇ ਆਪਣੀ ਭੈਣ ਕੋਲ ਰਹਿੰਦਾ ਸੀ। ਇਹਨਾਂ ਸਾਲਾਂ ਵਿੱਚ ਪਿਤਾ ਜੀ ਦਾ ਕੰਮ ਵੀ ਕਾਫੀ ਘੱਟ ਗਿਆ ਸੀ ਤੇ ਬੜੀ ਭੈਣ ਅਧਿਆਪਕ ਲੱਗ ਗਈ ਸੀ। ਮੈਂ ਰਾਤ ਨੂੰ ਘਰ ਦੇ ਬਾਹਰ ਇੱਕ ਰਿਕਸ਼ਾ ਖੜ੍ਹਾ ਕਰਦੇ ਉਸ ਤੇ ਬੈਠ ਕੇ ਪੜਦਾ ਹੁੰਦਾ ਸੀ ਕਿਉਂਕਿ ਭੈਣਾਂ ਨੇ ਸੌਂ ਹੁੰਦਾ ਸੀ ਤੇ ਨਾਲੇ ਸਵੇਰੇ ਸਵੇਰੇ ਮੈਂ ਇੱਕ ਚੱਕਰ ਰਿਕਸ਼ੇ ਦਾ ਲਾ ਆਉਂਦਾ ਸੀ। ਸਵੇਰੇ 4 ਵਜੇ ਜਲੰਧਰ ਤੋਂ ਗੱਡੀ ਆਉਂਦੀ ਸੀ ਤੇ ਆਰਾਮ ਨਾਲ ਸੁਆਰੀ ਮਿਲ ਜਾਂਦੀ ਸੀ।

ਵਾਹਰਵੀਂ ਦੀ ਪੜ੍ਹਾਈ ਡੀ ਏ ਵੀ ਕਾਲਜ ਤੋਂ ਸ਼ੁਰੂ ਕੀਤੀ। ਮੈਂ ਨੂੰ ਪਹਿਲਾਂ ਹੀ ਪੜਨ ਦਾ ਸ਼ੌਂਕ ਸੀ ਤੇ ਇੱਕ ਦਿਨ ਕਮਿਸਟਰੀ ਦੀ ਕਲਾਸ ਵਿੱਚ ਮੇਰੇ ਕੋਲੋਂ ਬੋਲ ਹੋ ਗਿਆ ਕਿ ਸਰ ਜੀ ਇਸ ਤਰਾਂ ਨਹੀਂ ਇਹ ਹੁਣ ਬੱਦਲ ਗਿਆ ਹੈ। ਪ੍ਰੋਫੈਸਰ ਨੇ ਕਿਹਾ ਕਿ ਦਿਖਾ ਕਿਥੇ ਲਿਖਿਆ ਹੈ ਮੈਂ ਉਸ ਨੂੰ ਆਪਈ ਕਿਤਾਬ ਦਿਖਾ ਦਿੱਤੀ ।ਜਿਸ ਨਾਲ ਉਹ ਕਾਫੀ ਗੁੱਸੇ ਵਿੱਚ ਆ ਗਏ ਤੇ ਕਹਿਣ ਲੱਗੇ ਕਿ "ਭੈਣ ਚੋਦ ਕੁਮਾਰ, ਤੇ ਨਾਲੇ ਮੈਂ ਨੂੰ ਕਲਾਸ ਵਿੱਚੋਂ ਬਾਹਰ ਜਾਣ ਲਈ ਕਹਿ ਦਿੱਤਾ। ਮੈਂ ਕਲਾਸ ਤੋਂ ਬਾਹਰ ਆ ਗਿਆ। ਮੈਂ ਉਸ ਦਿਨ ਘਰ ਨੂੰ ਚਲਾ ਗਿਆ ਕਿ ਮੈਂ ਨੂੰ ਕਲਾਸ ਵਿੱਚੋਂ ਬਾਹਰ ਕੱਢ ਕੇ ਗੱਲ ਖੱਤਮ ਹੋ ਗਈ ਹੋਈ ਹੈ ਪਰ ਦੂਸਰੇ ਦਿਨ ਜਦੋਂ ਮੈਂ ਕਾਲਜ ਆਇਆ ਤਾਂ ਮੈਂ ਨੂੰ ਪਤਾ ਲੱਗਾ ਕਿ ਪ੍ਰੋਫੈਸਰ ਨੇ ਪ੍ਰਿੰਸੀਪਲ ਕੋਲ ਸ਼ਿਕਾਇਤ ਕਰਵਾ ਕੇ ਮੈਂ ਨੂੰ ਸਸਪੈਂਡ ਕਰਵਾ ਦਿੱਤਾ ਹੈ ਤੇ ਇਸ ਤੇ ਸਾਰੇ ਕਾਲਜ ਵਿੱਚ ਹੜਤਾਲ ਹੋ ਗਈ ਹੈ। ਮੇਰੇ ਹੱਥੋਂ ਗੱਲ ਨਿਕਲ ਕੇ ਯੂਨੀਅਨ ਦੇ ਹੱਥਾਂ ਵਿਚ ਆ ਗਈ ਸੀ। ਪ੍ਰੋਫੈਸਰ ਨੂੰ ਮੁਆਫੀ ਮੰਗਈ ਪਈ ਤੇ ਹੜਤਾਲ ਖਤਮ ਹੋ ਗਈ ।ਪਰ ਪ੍ਰੋਫੈਸਰ ਜੀ ਨੇ ਖੁੰਦਕ ਰੱਖਈ ਸ਼ੁਰੂ ਕਰ ਦਿੱਤੀ। ਪਹਿਲਾਂ ਉਸ ਨੇ ਲੈਕਚਰ ਘੱਟ ਕਰਨ ਦੀ ਕੋਸ਼ਿਸ਼ ਕੀਤੀ ਤੇ ਉਹ ਰੰਗੇ ਹੱਥੀਂ ਫੜਿਆ ਗਿਆ ਤੇ ਪ੍ਰਿੰਸੀਪਲ ਨੂੰ ਇਹ ਕਹਿਣਾ ਪਿਆ ਕਿ ਕਿਸੇ ਦੇ ਵੀ ਲੈਕਚਰ ਘੱਟ ਨਹੀਂ ਹੋਣ ਗੇ।

ਮੈਂ ਬਹੁਤ ਜ਼ਿਆਦਾ ਪੜ੍ਹਾਈ ਕੀਤੀ ਉਸ ਸਾਲ ।ਆਖਰ ਬਾਹਰਵੀਂ ਕਲਾਸ ਦਾ ਕਮਿਸਟਰੀ ਦਾ ਪਰੈਕਟੀਕਲ ਆ ਗਿਆ ਤੇ ਇੱਕ ਘੰਟੇ ਵਿੱਚ ਹੀ ਆਪਣੇ ਸਾਲਟ ਕੱਢ ਕੇ ਬਿਹਲਾ ਹੋ ਗਿਆ। ਜਿਹੜੇ ਪ੍ਰੋਫੈਸਰ ਪਰੈਕਟੀਕਲ ਲੈਣ ਆਏ ਹੋਏ ਸੀ ਉਹਨਾਂ ਨੇ ਕਿਹਾ ਕਿ ਜਿਹੜਾ ਵੀ ਵਿਦਿਆਰਥੀ ਜ਼ਿਆਦਾ ਨੰਬਰ ਲੈਣਾ ਚਾਹੁੰਦਾ ਹੈ ਉਹ ਹੱਥ ਖੜਾ ਕਰੇ। ਤੇ ਮੈਂ ਹੱਥ ਖੜ੍ਹਾ ਕਰ ਦਿੱਤਾ ਤੇ ਉਹਨਾਂ ਨੇ ਸਵਾਲ ਪੁੱਛਣੇ ਸ਼ੁਰੂ ਕੀਤੇ ਤੇ ਡੇੜ ਘੰਟਾ ਬੀਤ ਗਿਆ ਤੇ ਉਹਨਾਂ ਨੇ ਕਮਿਸਟਰੀ ਦੇ ਪ੍ਰੋਫੈਸਰ ਨੂੰ ਚਾਹ ਦਾ ਇੰਤਜ਼ਾਮ ਕਰਨ ਭੇਜ ਦਿੱਤਾ ਤੇ ਮੈਂ ਨੂੰ ਪੁੱਛਿਆ ਕਿ ਬੀਉਰੀ ਵਿੱਚੋਂ ਕਿਨੇ ਨੰਬਰ ਆਉਣ ਗੇ ਮੈਂ ਕਿਹਾ ਕਿ 80-90% ਫੇਰ ਉਹਨਾਂ ਨੇ ਇਹ ਕਿਹਾ ਕਿ ਤੇਰੇ ਪ੍ਰੋਫੈਸਰ ਨੇ ਸੇਵਾ ਬਹੁਤ ਕੀਤੀ ਹੈ ਤੇ ਮੈਂ ਉਸ ਦਾ ਵੀ ਨਮਕ ਹਰਾਮ ਨਹੀਂ ਕਰਨਾ ਤੇ ਫੇਰ ਕਰਨੇ ਨੂੰ ਮੇਰੀ ਆਤਮਾ ਨਹੀਂ ਮੰਨਦੀ। ਕਹਿੰਦੇ 17 ਨੰਬਰ ਪਾਸ ਹੋਣ ਲਈ ਮੈਂ ਦੇਣ ਲੱਗਾ ਹਾਂ।

ਮੈਡੀਕਲ ਕਾਲਜ ਪਹੁੰਚ ਗਏ ਤੇ ਉਦੋਂ ਤੱਕ ਬੜੀ ਭੈਣ ਦਾ ਵਿਆਹ ਹੋ ਚੁੱਕਾ ਸੀ ਤੇ ਹਰ ਮਹੀਨੇ ਦਾ ਖਰਚਾ ਹੁਣ ਕੇਦਾਰ ਨਾਥ ਕਰਦਾ ਸੀ ਤੇ ਕੁਝ ਪਿਤਾ ਜੀ।

ਇੱਕ ਦਿਨ ਮੈਂ ਤੇ ਮੇਰਾ ਇੱਕ ਦੋਸਤ ਜੂਨੀਅਰ ਹੋਸਟਲ ਤੋਂ ਬਾਹਰ ਨਿਕਲੇ ਤਾਂ ਮੀਂਹ ਪੈਂਦਾ ਸੀ। ਤੇ ਅਸੀਂ ਖਾਣਾ ਲੈਣ ਜਾਣਾ ਸੀ ਤੇ ਇੱਕ ਸਕੂਟਰ ਖੜ੍ਹਾ ਸੀ ਤੇ ਅਸੀਂ ਕਿਹਾ ਕਿ ਪੰਜਾਂ ਮਿੰਟਾਂ ਵਿੱਚ ਆ ਜਾਣਾ ਹੈ ਲੈ ਜਾਂਦੇ ਹਾਂ ਪਰ ਇਹ ਬਹੁਤ ਮਹੇਂਗਾ ਪਿਆ। ਉਹਨਾਂ ਨੇ ਮੈਨੂੰ ਗਰਾਉਂਡ ਵਿਚ ਫ਼ੜ ਲਿਆ ਤੇ ਮੇਰਾ ਅੰਗੂਠਾ ਫੜ ਕੇ ਮੋੜੜ ਕੇ ਪੁਠੇ ਪਾਸੇ ਲਾ ਦਿੱਤਾ। ਉਹਨਾਂ ਨੇ ਕੋਈ ਗੱਲ ਨਹੀਂ ਸੂਈ। ਇਸ ਨਾਲ ਮੈਂ ਨੂੰ ਆਪਣੇ ਆਪ ਤੇ ਬਹੁਤ ਗੁੱਸਾ ਆਇਆ ।ਪਰ ਸੜਕ ਵੀ ਆਇਆ ।21 ਦਿਨ ਮੈਂ ਆਪਣੇ ਕਮਰੇ ਵਿੱਚੋਂ ਬਾਹਰ ਨਹੀਂ ਨਿਕਲਿਆ ਤੇ ਦਿਨ ਰਾਤ ਬਹੁਤ ਪੜ੍ਹਾਈ ਕੀਤੀ ।ਤੇ ਮੇਰੇ ਲੈਕਚਰ ਘੱਟ ਗਏ। ਤੇ ਮੈਂ ਲੈਕਚਰ ਪੂਰੇ ਕਰ ਕੇ ਤਿੰਨ ਮਹੀਨੇ ਬਾਅਦ ਪੇਪਰ ਦਿੱਤੇ। ਜਿਸ ਨਾਲ ਪ੍ਰੋਫੈਸਰ ਥਾਪਰ ਨਾਲ ਬਹੁਤ ਨੇੜਤਾ ਹੋ ਗਈ ਤੇ ਮੈਂ ਉਹਨਾਂ ਦਾ ਚਹੇਤਾ ਸਟੂਡੈਂਟ ਬਣ ਗਿਆ।

ਨਤੀਜੇ ਨੇ ਸਾਰੀ ਕਲਾਸ ਨੂੰ ਹੈਰਾਨ ਕਰ ਦਿੱਤਾ ।ਫਿਰ ਇੱਕ ਰਾਤ ਦੇਰ ਤੱਕ ਮੈਂ ਪੜ ਰਿਹਾ ਸੀ ਤਾਂ ਮੈਂ ਨੂੰ ਲੱਗਾ ਕਿ ਨਾਲਦੈ ਕਮਰੇ ਵਿੱਚ ਕੋਈ ਮੀਟਿੰਗ ਹੋ ਰਹੀ ਹੈ। ਕਾਲਜ ਵਿੱਚ ਹੜਤਾਲ ਚੱਲ ਰਹੀ ਸੀ ਤੇ ਮੈਂ ਹੜਤਾਲ ਦੇ ਵਰਖਿਲਾਫ ਸੀ ।ਇਹ ਮੀਟਿੰਗ ਡਾਕਟਰ ਵਿਧਾਵਾਂ ਜੀ ਕਰ ਰਹੇ ਸਨ ।ਉਸ ਮੀਟਿੰਗ ਵਿੱਚ ਇਹ ਸਲਾਹ ਲੱਗੀ ਕਿ ਪ੍ਰਿੰਸੀਪਲ ਨੂੰ ਕਢਵਾਉਣ ਦੀ ਮੰਗ ਕੀਤੀ ਜਾਵੇ ਗੀ ਤੇ ਉਸ ਦੇ ਨਾਲ ਪ੍ਰੋਫੈਸਰ ਅਗਰਵਾਲ ਜੀ ਪ੍ਰਿੰਸੀਪਲ ਬਣ ਜਾਣ ਗੇ ਕਿਉਂ ਕਿ ਉਹ ਵਾਈਸ ਪ੍ਰਿੰਸੀਪਲ ਹਨ ਤੇ ਉਹ ਡਾਕਟਰ ਵਧਾਵਾ ਦੇ ਕਲਾਸ ਫੈਲੋ ਸਨ।

ਇਸ ਤੋਂ ਬਾਅਦ ਫੇਰ ਮੇਰੀ ਸਕੀਮ ਲੱਗੀ। ਸਾਨੂੰ ਉਸ ਸਮੇਂ ਸਿਰਫ਼ 125 ਰੁਪਏ ਵਜ਼ੀਫਾ ਮਿਲਦਾ ਸੀ ਤੇ ਬਹੁਤ ਸਾਰੇ ਦਲਿਤ ਵਿਦਿਆਰਥੀਆਂ ਦਾ ਗੁਜ਼ਾਰਾ ਨਹੀਂ ਹੁੰਦਾ ਸੀ ।ਉਸ ਰਾਤ ਮੈਂ ਸਾਰੀ ਰਾਤ ਲਾ ਕੇ 24 ਮੰਗਾਂ ਦਾ ਇੱਕ ਮੰਗ ਪੱਤਰ ਤਿਆਰ ਕੀਤਾ ਜਿਨ੍ਹਾਂ ਵਿੱਚ ਵਾਜਵ ਮੰਗਾਂ ਸਨ ਤੇ ਇੱਕ ਮੰਗ ਵਜ਼ੀਫਾ ਵਧਾਉਣ ਦੀ ਵੀ ਸੀ ਕਿ 125 ਤੋਂ ਵਧਾ ਕੇ 800 ਰੁਪਏ ਕੀਤਾ ਜਾਵੇ। ਤਿੰਨ ਨੋਟਿਸ ਸਵੇਰਾ ਹੋਣ ਤੋਂ ਪਹਿਲਾਂ ਹੀ ਤਿੰਨ ਹੌਸਟਲਾਂ ਵਿੱਚ ਲਾ ਦਿੱਤੇ। ਸਵੇਰੇ ਹੀ ਸਾਰਿਆਂ ਨੇ ਜਿਵੇਂ ਜਿਵੇਂ ਨੋਟਿਸ ਪੜਿਆ ਕਿਉਂ ਕਿ ਮੰਗਾਂ ਬਹੁਤ ਵਧੀਆ ਸਨ ਸਾਰਿਆਂ ਨੇ ਪਸੰਦ ਕੀਤੀਆਂ। ਪਰ ਇਹਨਾਂ ਵਿੱਚ ਪ੍ਰਿੰਸੀਪਲ ਨੂੰ ਕਢਵਾਉਣ ਦੀ ਮੰਗ ਨਹੀਂ ਸੀ। ਡਾਕਟਰ ਵਧਾਵਾ ਸਾਹਿਬ ਜੀ ਦੀ ਸਕੀਮ ਤੇ ਪਾਈ ਫਿਰ ਗਿਆ ਸੀ। ਪ੍ਰਿੰਸੀਪਲ ਲੀਲਾ ਰਾਮਾ ਕੁਮਾਰੀ ਨੂੰ ਵੀ ਇਹਨਾਂ ਮੰਗਾਂ ਦਾ ਸਮਰਥਨ ਕਰਨਾ ਪਿਆ। ਤੇ ਫੇਰ ਕੋਈ ਮੋਰੇ ਨਾ ਆਵੇ ਤੇ ਜਦੋਂ ਕੋਈ ਵੀ ਨਹੀਂ ਮੇਰੇ ਆਇਆ ਤਾਂ ਫੇਰ ਇੱਕ ਵਿਦਿਆਰਥੀ ਨੇ ਨਾਹਰਾ ਲਾਇਆ "ਮੈਡੀਕੋਜ ਯੂਨੀਟੀ ਜ਼ਿੰਦਾਬਾਦ*

16 ਦਿਨ ਹੜਤਾਲ ਚੱਲੀ ਤੇ ਸਿਹਤ ਮੰਤਰੀ ਨੇ ਸਾਰੀਆਂ ਮੰਗਾਂ ਮੰਨ ਲਈਆਂ।

ਵਜ਼ੀਫਾ ਵੱਧ ਕੇ 625 ਰੁਪਏ ਹੋ ਗਿਆ ਤੇ ਉਸ ਨੂੰ ਪਰਾਈਸ ਇੰਡੈਕਸ ਨਾਲ ਜੋੜਿਆ ਗਿਆ ਕਿ ਜਿਸ ਤਰ੍ਹਾਂ ਮਹਿਗਾਈ ਵੱਧੂ ਗੀ ਉਸ ਦੇ ਨਾਲ ਹੀ ਵਜ਼ੀਫਾ ਵੀ ਵੱਧੇਗਾ ।ਵਾਰ ਵਾਰ ਹੜਤਾਲ ਕਰਨ ਦੀ ਲੋੜ ਨਹੀਂ ਪਵੇਗੀ।

ਫਿਰ ਆਇਆ ਇਲੈਕਸ਼ਨ ਲੜਨੇ ਦਾ ਸਮਾਂ। ਲੜਕੀਆਂ ਵਿੱਚ ਮੈਂ ਨੂੰ ਕਾਫੀ।

ਬਦਨਾਮ ਕੀਤਾ ਗਿਆ ਤੇ ਫੇਰ ਸੋਰੀ ਨੂੰ ਜਨਰਲ ਸਕੱਤਰ ਵਾਸਤੇ ਲੜਾਉਣ ਦਾ ਫੈਸਲਾ ਕੀਤਾ ਗਿਆ ।ਉਸ ਵਿੱਚ ਪ੍ਰਿੰਸੀਪਲ ਦੇ ਮੁੰਡੇ ਦਾ ਕਾਫੀ ਯੋਗਦਾਨ ਰਿਹਾ ।ਸ਼ੋਰੀ ਦੀ ਕਮੇਡੀ ਤੇ ਮੇਰੀਆਂ ਸਪੀਚਾਂ ਨੇ ਇਲੈਕਸ਼ਨ ਜਿੱਤਾ ਦਿੱਤਾ ਤੇ ਬਾਕੀ ਡਾਕਟਰ ਢਿੱਲੋਂ ਵੀ ਵਧੀਆ ਸਪੀਚ ਦੇ ਲੈਂਦੇ ਸਨ ਤੇ ਡਾਕਟਰ ਬੀਕਾ ਜੀ ਤਾਂ ਪੁਰਾਏ ਕਾਮਰੇਡ ਸਨ ।ਪਰ ਇਲੈਕਸ਼ਨ ਤੋਂ ਬਾਅਦ ਅਸੀਂ ਸਾਰਿਆਂ ਨੂੰ ਕਿਹਾ ਕਿ ਇਕੱਠੇ ਹੋ ਕੇ ਕੰਮ ਕਰੋ। ਪ੍ਰਿੰਸੀਪਲ ਲੀਲਾ ਰਾਮਾਕੁਮਾਰ ਜੀ ਦੀ ਰੀਟਾਇਰਮੈਂਟ ਹੋਣ ਤੇ ਬਹੁਤ ਘਾਟਾ ਪਿਆ।

ਕਾਫੀ ਵਧੀਆ ਕੰਮ ਕੀਤੇ ਤੇ ਫੇਰ ਇੱਕ ਦਿਨ 25-30 ਬੰਦੇ ਹੋਸਟਲ ਵਿੱਚ ਆ ਗਏ ਤੇ ਮੈਂ ਨੂੰ ਸੁਨੇਹਾ ਮਿਲਿਆ। ਤੇ ਉਹਨਾਂ ਦੀ ਗੱਲ ਪਹਿਲਾਂ ਮੈਂ ਕੱਲੋ ਨੇ ਸੂਈ 'ਤੇ ਫੇਰ ਸਾਰੀ ਯੂਨੀਅਨ ਨੇ ਸੂਈ ਤੇ ਫ਼ੈਸਲਾ ਕੀਤਾ ਗਿਆ ਕਿ ਕੁਝ ਤਾਂ ਕਰਨਾ ਹੀ ਹੋਵੇਗਾ ।ਇਹ ਸਾਰੇ ਸਟੂਡੈਂਟ ਨਰਸਾਂ ਦੇ ਮਾਂ ਬਾਪ ਸਨ ਜੋ ਕਿ ਚੰਡੀਗੜ੍ਹ ਤੋਂ ਆਏ ਸਨ ਚੀਫ ਮਨਿਸਟਰ ਦਰਬਾਰਾ ਸਿੰਘ ਜੀ ਨੂੰ ਮਿਲ ਕੇ ਜਿਹਨਾਂ ਨੇ ਆਪਣੇ ਹੱਥ ਖੜੇ ਕਰ ਦਿੱਤੇ ਸਨ ਕਿ ਉਹ ਕੁਝ ਨਹੀਂ ਕਰ ਸਕਦੇ। ਮਾਮਲਾ ਬੜਾ ਗੰਭੀਰ ਸੀ। ਪਟਿਆਲੇ ਦੀ ਜੇਲ ਸੁਪਰਡੈਂਟ ਨੇ ਅਚਾਨਕ ਇਹ ਐਲਾਨ ਕਰ ਦਿੱਤਾ ਸੀ ਕਿ ਉਹ 400 ਨਰਸਾਂ ਦਾ ਬਲਾਤਕਾਰ ਕਰੇਗਾ। ਤੇ 9 ਨਰਸਾਂ ਦਾ ਬਲਾਤਕਾਰ ਉਹ ਕਰ ਚੁੱਕਾ ਸੀ। ਤੇ ਦੂਸਰੇ ਦਿਨ ਉਸ ਨੇ 10ਵੀਂ ਨਰਸ ਦਾ ਬਲਾਤਕਾਰ ਕਰੇਗਾ। ਬੇਸ਼ੱਕ ਨਰਸਾਂ ਨੇ ਹੜਤਾਲ ਕੀਤੀ ਹੋਈ ਸੀ ਤੇ ਪੁਲਿਸ ਵੀ ਤੈਨਾਤ ਕੀਤੀ ਹੋਈ ਸੀ ।ਪਰ ਉਹ ਗਿਆਨੀ ਜ਼ੈਲ ਸਿੰਘ ਜੀ ਦਾ ਜੁਆਈ ਸੀ। ਤੇ ਉਹ ਨਰਸਾਂ ਨਾਲ ਅਸ਼ਲੀਲ ਫੋਟੋਆਂ ਖਿੱਚ ਕੇ ਉਹਨਾਂ ਨੂੰ ਬਲੈਕਮੇਲ ਕਰਕੇ ਉਹਨਾਂ ਨੂੰ ਗਿਆਨੀ ਜੀ ਤੇ ਹੋਰ ਲੀਡਰਾਂ ਨਾਲ ਗੱਲਤ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਸੀ।

1. ਦੂਸਰੇ ਦਿਨ 300 ਡਾਕਟਰ ਸਾਹਿਬਾਨਾਂ ਨੇ ਇਸ ਨੂੰ ਗੇਟ ਟੱਪਣ ਲੱਗੇ ਨੂੰ ਫੜ ਕੇ ਡਾਕਟਰੀ ਮੁਆਇਨਾ ਕਰਨ ਤੋਂ ਬਾਅਦ ਪੁਲਿਸ ਦੇ ਹਵਾਲੇ ਕੀਤਾ ਤੇ ਨਾਲ ਹੀ ਸਾਡਾ ਭਵਿੱਖ ਅਸੁਰੱਖਿਅਤ ਹੋਣਾ ਸ਼ੁਰੂ ਹੋ ਜਾਂਦਾ ਹੈ ।ਉਸੇ ਰਾਤ ਮੈਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ ਤੇ ਨਾਲ ਡਾਕਟਰ ਸੰਪੂਰਨ ਸਿੰਘ ਤੇ ਡਾਕਟਰ ਸਾਧੂ ਸਿੰਘ ਜੀ। ਅਸੀਂ 15 ਦਿਨ ਜੇਲ ਵਿੱਚ ਰਹਿੰਦੇ ਹਾਂ ਤਾਂ ਐਸ ਐਸ ਪੀ ਜੇਲ ਵਿੱਚ ਆਕੇ ਮਿਲਦੇ ਹਨ ਤੇ ਦੱਸਦੇ ਹਨ ਕਿ ਸੈਂਟਰ ਤੋਂ ਆਰਡਰ ਆਇਆ ਹੈ ਕਿ ਛੇ ਮਹੀਨੇ ਲਈ ਕਾਲਜ ਬੰਦ ਕਰ ਦਿਉ। ਤੇ ਫੇਰ ਉਹਨਾਂ ਦੇ ਸਹਿਯੋਗ ਨਾਲ ਸਾਰੇ ਸਟੂਡੈਂਟ ਸੱਦ ਕੇ ਜੇਲ ਦੇ ਸਾਹਮਣੇ ਹੀ ਹੜਤਾਲ ਖਤਮ ਕੀਤੀ ਜਾਂਦੀ ਹੈ ।ਫਿਰ ਮੈਂ ਤੇ ਡਾਕਟਰ ਸ਼ੋਰੀ ਬਾਰਾਂ ਦੱਰੀ ਦੇ ਵਿੱਚ ਚੱਕਰ ਲਾਉਣਾ ਸ਼ੁਰੂ ਕਰਦੇ ਹਾਂ ਕਿ ਲੜਕੀਆਂ ਨੂੰ ਕੋਈ ਸਜ਼ਾ ਨਾਂ ਦਿਤੀ ਜਾਵੇ ।ਆਖਿਰ ਲੜਕੀਆਂ ਦੇ ਨਾਂ ਵਿੱਚੋਂ ਕੱਢ ਦਿੱਤੇ ਜਾਂਦੇ ਹਨ ।ਜਿਸ ਵਿੱਚ ਲੇਟ ਅਟੌਰਨੀ ਜਨਰਲ ਭਗਵੰਤ ਸਿੰਘ ਜੀ ਅਸੀਂ ਧੰਨਵਾਦ ਕਰਦੇ ਹਾਂ।

ਸਾਡੇ 18 ਸਟੂਡੈਂਟਸ ਤੇ 5 ਝੂਠੇ ਕੇਸ ਚਲਾਏ ਜਾਂਦੇ ਹਨ ਤੇ ਮੈਂ ਨੂੰ 5 ਸਾਲ ਲਈ ਤੇ ਯੂਨਿਅਨ ਮੈਂਬਰਾਂ ਨੂੰ ਤਿੰਨ ਤਿੰਨ ਸਾਲਾਂ ਲਈ ਤੇ ਬਾਕੀਆਂ ਨੂੰ ਛੇ ਛੇ ਮਹੀਨਿਆਂ ਲਈ ਕਾਲਜ ਤੋਂ ਬਰਖਾਸਤ ਕੀਤਾ ਜਾਂਦਾ ਹੈ।

ਇਸੇ ਦੌਰਾਨ ਰਿਜ਼ਰਵੇਸ਼ਨ ਨੂੰ ਖ਼ਤਮ ਕਰਨ ਦੀ ਮੁਹਿੰਮ ਵੀ ਚਲਾਈ ਗਈ ਆਰ ਐਸ ਐਸ ਵਲੋਂ। ਦਿੱਲੀ ਤੋਂ ਪਹਿਲਾਂ ਉਹ ਲੁਧਿਆਣੇ ਵਿੱਚ ਇੰਜੀਨੀਅਰਿੰਗ ਕਾਲਜ ਵਿੱਚ ਆਏ ਤੇ ਫੇਰ ਪਟਿਆਲੇ ਮੈਡੀਕਲ ਕਾਲਜ ਆ ਤੇ ਇਥੇ ਆ ਕੇ ਉਹਨਾਂ ਨੇ ਗੱਲ਼ਤੀ ਕਰ ਲਈ। ਉਹਨਾਂ ਨੂੰ ਫੜ ਲਿਆ ਗਿਆ ਤੇ ਪੂਰਾ ਉਹਨਾਂ ਤੋਂ ਸਪੀਚ ਦਵਾਈ ਗਈ। ਤੇ ਉਹਨਾਂ ਨੂੰ ਇਹ ਕਿਹਾ ਗਿਆ ਕਿ ਕੋਈ ਵੀ ਸਟੂਡੈਂਟ ਭਾਗ ਲੈਣਾ ਚਾਹੁੰਦਾ ਹੈ ਉਹ ਭਾਗ ਲੈਣ ਸਕਦਾ ਹੈ। ਫੇਰ ਉਹਨਾਂ ਨੇ 2000 ਸਟੂਡੈਂਟਸ ਇਕੱਠੇ ਕਰ ਕੇ ਜਲੂਸ ਕੱਢਿਆ ਤੇ ਅਸੀਂ 10000 ਸਟੂਡੈਂਟਸ ਇਕੱਠੇ ਕਰ ਕੇ ਜਲੂਸ ਕੱਢਿਆ। ਤੇ ਫੇਰ ਉਹਨਾਂ ਨੇ ਲੁਧਿਆਣੇ ਵਿੱਚ 10000 ਸਟੂਡੈਂਟਸ ਇਕੱਠੇ ਕਰਕੇ ਜਲੂਸ ਕੱਢਿਆ। ਅਸੀਂ ਫੇਰ ਜਲੰਧਰ ਵਿੱਚ ਇੱਕ ਤੋਂ ਡੇੜ ਲੱਖ ਦਾ ਇਕੱਠ ਕਰ ਦਿੱਤਾ ।ਜਿਸ ਦੇ ਨਾਲ ਹੀ ਇਹ ਮੁਹਿੰਮ ਠੱਪ ਹੋ ਗਈ।

ਇਹ ਸੰਘਰਸ਼ ਜਾਰੀ ਰਹਿੰਦੇ ਹਨ। ਵਾਰੀ ਵਾਰੀ ਬਾਕੀ ਦੇ ਸੰਘਰਸਾ ਦਾ ਵੀ ਜ਼ਿਕਰ ਕਰਾਂ ਗੇ।

# ਦੋਆਬੇ ਦੀਆਂ ਨਹਿਰਾਂ 'ਚ ਪਾਣੀ ਛੱਡਣ ਲਈ ਕੀਤੀ ਜਾਂਦੀ ਹੈ ਦੇਰੀ-ਭਾਰਦਵਾਜ, ਗਰੇਵਾਲ ਤੇ ਬਲਕਾਰ ਸਿੰਘ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com




ਫਿਲੌਰ/ਅੱਪਰਾ (ਦੀਪਾ)-ਅੱਜ ਅੱਪਰਾ ਵਿਖੇ ਗੱਲਬਾਤ ਕਰਦਿਆਂ ਸਮਾਜ ਸੇਵਕ ਵਿਨੋਦ ਭਾਰਦਵਾਜ ਮੋਰੋਂ, ਗੁਰਮੀਤ ਸਿੰਘ ਗਰੇਵਾਲ ਜਨਰਲ ਸਕੱਤਰ ਭਾਕਿਯੂ ਜਿਲਾ ਲੁਧਿਆਣਾ ਤੇ ਸਾਬਕਾ ਸਰਪੰਚ ਬਲਕਾਰ ਸਿੰਘ ਨਿੱਝਰ ਨੇ ਕਿਹਾ ਕਿ ਹਰ ਵਾਰ ਦੋਆਬਾ ਇਲਾਕੇ ਦੀਆਂ ਨਹਿਰਾਂ 'ਚ ਪਾਣੀ ਛੱਡਣ ਲਈ ਨਾਇਨਸਾਫੀ ਤੇ ਦੇਰੀ ਕੀਤੀ ਜਾਂਦੀ ਹੈ | ਉਨਾਂ ਕਿਹਾ ਪੰਜਾਬ ਸੂਬਾ ਫ਼ਸਲਾਂ ਦੀ ਸਿੰਚਾਈ ਲਈ ਨਹਿਰੀ ਪਾਣੀ 'ਤੇ ਬਹੁਤ ਨਿਰਭਰ ਹੈ | ਇਸ ਲਈ ਕਿਸਾਨੀ ਵਰਗ ਦੀਆਂ ਮੁਸ਼ਕਿਲਾਂ ਨੂੰ ਦੇਦੇ ਹੋਏ ਜਲਦ ਤੋਂ ਜਲਦ ਪਾਣੀ ਛੱਡਣ ਚਾਹੀਦਾ ਹੈ | ਇਸ ਨਾਲ ਇੱਕ ਤਾਂ ਧਰਤੀ ਦੇ ਹੇਠਲੇ ਪੀਣ ਯੋਗ ਪਾਣੀ ਦਾ ਬਚਾਅ ਹੋਵੇਗਾ, ਉਪਰੋਂ ਅਸੀਂ ਕੁਦਰਤੀ ਵਸੀਲਿਆਂ ਨੂੰ ਵਰਤਣ ਦੇ ਯੋਗ ਹੋ ਜਾਵਾਂਗੇ |

# ਛੋਕਰਾਂ ਦੀ ਕ੍ਰਿਕਿਟ ਟੀਮ ਪਿੰਡ ਭੱਟੀਆਂ ਦੇ ਟੂਰਨਾਮੈਂਟ 'ਚ ਰਹੀ ਉਪ ਜੈਤੂ

## *ਸਰਪੰਚ ਕ੍ਰਿਪਾਲ ਸਿੰਘ ਪਾਲੀ ਐਡਵੋਕੇਟ ਦੀ ਅਗਵਾਈ ਹੇਠ ਟੀਮ ਮੈਂਬਰਾਂ ਨੂੰ ਕੀਤਾ ਗਿਆ ਸਨਮਾਨਿਤ*

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com



ਫਿਲੌਰ/ਅੱਪਰਾ (ਦੀਪਾ)-ਕਰੀਬੀ ਪਿੰਡ ਭੱਟੀਆਂ ਵਿਖੇ ਕਰਵਾਏ ਗਏ ਕ੍ਰਿਕਿਟ ਟੂਰਨਾਮੈਂਟ 'ਚ ਛੋਕਰਾਂ ਦੀ ਕ੍ਰਿਕਿਟ ਟੀਮ ਉੱਪ ਜੈਤੂ ਰਹੀ, ਜਦਕਿ ਬੇਗਮਪੁਰ ਦੀ ਟੀਮ ਟੂਰਨਾਮੈਂਟ ਦੀ ਜੈਤੂ ਟੀਮ ਰਹੀ | ਟੂਰਨਾਮੈਂਟ ਦਾ ਬੈਸਟ ਬਾਲਰ ਪੀਤੀ ਛੋਕਰਾਂ ਤੇ ਬੈਸਟਰ ਬੈਟਸਮੈਨ ਰੋਹਿਤ ਛੋਕਰਾਂ ਰਹੇ | ਪ੍ਰਬੰਧਕਾਂ ਵਲੋਂ ਜੈਤੂ ਤੇ ਉਪ ਜੈਤੂ ਟੀਮਾਂ ਨੂੰ ਨਕਦ ਇਨਾਮ ਤੇ ਕੱਪ ਦੇ ਕੇ ਸਨਮਾਨਿਤ ਕੀਤਾ ਗਿਆ | ਉਪ ਜੈਤੂ ਛੋਕਰਾਂ ਦੀ ਕ੍ਰਿਕਿਟ ਟੀਮ ਨੂੰ ਸਰਪੰਚ ਕ੍ਰਿਪਾਲ ਸਿੰਘ ਪਾਲੀ ਐਡਵੋਕੇਟ ਦੀ ਅਗਵਾਈ ਹੇਠ ਸਨਮਾਨਿਤ ਕੀਤਾ ਗਿਆ | ਇਸ ਮੌਕੇ ਸਮੂਹ ਕ੍ਰਿਕਿਟ ਟੀਮ ਦੇ ਮੈਂਬਰ ਹਾਜ਼ਰ ਸਨ |

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com

# ਫਿਊਜ਼ ਬੱਲਬ

ਦਲਬੀਰ ਸਿੰਘ ਧਾਲੀਵਾਲ ਪਟਿਆਲਾ ।
ਮੋਬਾ: 86993—22704, 99155—21037



ਇੱਕ ਆਈ.ਏ.ਐਸ ਅਧਿਕਾਰੀ ਜੋ ਕਿ ਹਾਲ ਹੀ ਵਿੱਚ ਸੇਵਾਮੁਕਤ ਹੋਇਆ ਸੀ, ਉਹ ਹੁਣ ਇੱਕ ਸੁਸਾਇਟੀ ਵਿਚ ਰਹਿਣ ਲਈ ਆਇਆ ਸੀ । ਇਹ ਬਜ਼ੁਰਗ, ਸੇਵਾਮੁਕਤ ਆਈਏਐਸ ਅਧਿਕਾਰੀ ਹਰ ਸ਼ਾਮ ਨੂੰ ਨੇੜੇ ਦੇ ਪਾਰਕ ਵਿੱਚ ਟਹਿਲਦੇ ਹੋਏ, ਦੂਜੇ ਲੋਕਾਂ ਵੱਲ ਨਫ਼ਰਤ ਭਰੀਆਂ ਨਜ਼ਰਾਂ ਨਾਲ ਦੇਖਦਾ ਸੀ ਅਤੇ ਕਿਸੇ ਨਾਲ ਵੀ ਗੱਲਬਾਤ ਨਹੀਂ ਸੀ ਕਰਦਾ । ਇੱਕ ਦਿਨ ਉਹ ਸ਼ਾਮ ਨੂੰ ਇੱਕ ਹੋਰ ਬਜ਼ੁਰਗ ਵਿਅਕਤੀ ਨਾਲ ਗੱਲਬਾਤ ਕਰਨ ਲਈ ਬੈਠਾ ਅਤੇ ਫਿਰ ਲਗਾਤਾਰ ਉਸਦੇ ਕੋਲ ਬੈਠਣਾ ਸ਼ੁਰੂ ਕਰ ਦਿੱਤਾ ਪਰ ਉਸ ਦੀ ਗੱਲਬਾਤ ਦਾ ਵਿਸ਼ਾ ਇੱਕ ਹੀ ਸੀ — ਮੈਂ ਭੋਪਾਲ ਵਿੱਚ ਇੰਨਾ ਵੱਡਾ ਆਈ.ਏ.ਐਸ ਅਫਸਰ ਸੀ ... ਬਸ ਪੁੱਛੋ ਹੀ ਨਾ, ਇੱਥੇ ਤਾਂ ਮੈਂ ਮਜਬੂਰੀ ਵਸ ਆ ਗਿਆ ਹਾਂ.... ਮੈਨੂੰ ਦਿੱਲੀ ਵਿੱਚ ਵਸਣਾ ਚਾਹੀਦਾ ਸੀ — ਅਤੇ ਉਹ ਬਜ਼ੁਰਗ ਹਰ ਰੋਜ਼ ਸ਼ਾਂਤੀ ਨਾਲ ਉਸ ਦੀ ਗੱਲ ਸੁਣਦੇ ਸਨ। ਇੱਕ ਦਿਨ ਪਰੇਸ਼ਾਨ ਹੋਏ ਬਜ਼ੁਰਗ ਨੇ ਉਸਨੂੰ ਸਮਝਾਇਆ — ਕੀ ਤੁਸੀਂ ਕਦੇ ਫਿਊਜ਼ ਬੱਲਬ ਦੇਖਿਆ ਹੈ ? ਬੱਲਬ ਦੇ ਫਿਊਜ਼ ਹੋਣ ਤੋਂ ਬਾਅਦ, ਕੀ ਕੋਈ ਇਹ ਦੇਖਦਾ ਹੈ ਕਿ ਬੱਲਬ ਕਿਸ ਕੰਪਨੀ ਦਾ ਬਣਾਇਆ ਗਿਆ ਸੀ ਜਾਂ ਕਿੰਨੀ ਵਾਟ ਦਾ ਸੀ ਜਾਂ ਕਿੰਨੀ ਰੌਸ਼ਨੀ ਨਾਲ ਚਮਕਦਾ ਸੀ ? ਬੱਲਬ ਦੇ ਫਿਊਜ਼ ਹੋਣ ਤੋਂ ਬਾਅਦ, ਇਹਨਾਂ ਵਿੱਚੋਂ ਕੋਈ ਵੀ ਚੀਜ਼ ਮਾਇਨੇ ਨਹੀਂ ਰੱਖਦੀ। ਲੋਕ ਅਜਿਹੇ ਬਲਬ ਕਬਾੜ ਵਿੱਚ ਸੁੱਟਦੇ ਹਨ ਜਾਂ ਨਹੀ ! ਫਿਰ ਜਦੋਂ ਉਸ ਸੇਵਾਮੁਕਤ ਆਈ.ਏ.ਐਸ ਅਫਸਰ ਨੇ ਸਹਿਮਤੀ ਵਿੱਚ ਸਿਰ ਹਿਲਾਇਆ ਤਾਂ ਬਜ਼ੁਰਗ ਨੇ ਫਿਰ ਕਿਹਾ— ਸੇਵਾਮੁਕਤੀ ਤੋਂ ਬਾਅਦ ਸਾਡੀ ਸਾਰਿਆਂ ਦੀ ਹਾਲਤ ਵੀ ਫਿਊਜ਼ ਬੱਲਬ ਵਰਗੀ ਹੋ ਜਾਂਦੀ ਹੈ। ਅਸੀਂ ਕਿੱਥੇ ਕੰਮ ਕਰਦੇ ਸੀ, ਅਸੀਂ ਕਿੰਨੇ ਵੱਡੇ/ਛੋਟੇ ਅਹੁਦਿਆਂ ਤੇ ਸੀ, ਸਾਡਾ ਰੁਤਬਾ ਕੀ ਸੀ, ਇਸ ਸਭ ਨਾਲ ਕੋਈ ਫਰਕ ਨਹੀਂ ਪੈਂਦਾ। ਮੈਂ ਕਈ ਸਾਲਾਂ ਤੋਂ ਇਸ ਸੋਸਾਇਟੀ ਵਿੱਚ ਰਹਿ ਰਿਹਾ ਹਾਂ ਅਤੇ ਅੱਜ ਤੱਕ ਮੈਂ ਕਿਸੇ ਨੂੰ ਇਹ ਨਹੀਂ ਦੱਸਿਆ ਕਿ ਮੈਂ ਦੋ ਵਾਰ ਸੰਸਦ ਦਾ ਮੈਂਬਰ ਰਿਹਾ ਹਾਂ। ਉਹ ਜੋ ਪਾਟਿਲ ਜੀ ਸਾਹਮਣੇ ਬੈਠੇ ਹਨ, ਉਹ ਰੇਲਵੇ ਦੇ ਜਨਰਲ ਮੈਨੇਜਰ ਸਨ । ਉਹ ਸਾਹਮਣੇ ਤੋਂ ਆਉਂਦੇ ਕਮਲ ਸਾਹਿਬ ਫੌਜ ਵਿੱਚ ਬ੍ਰਗੇਡੀਅਰ ਸਨ । ਆਹ ਸਾਹਮਣੇ ਜੋ ਬੈਠੇ ਹਨ ਵਰਮਾ ਜੀ.. ਇਹ ਇਸਰੋ ਦੇ ਮੁਖੀ ਸਨ । ਉਸਨੇ ਇਹ ਗੱਲ ਕਿਸੇ ਨੂੰ ਨਹੀਂ ਦੱਸੀ, ਮੈਨੂੰ ਵੀ ਨਹੀਂ, ਪਰ ਮੈਂ ਜਾਣਦਾ ਹਾਂ



ਕਿ ਸਾਰੇ ਫਿਊਜ਼ ਬਲਬ ਲਗਭਗ ਇੱਕੋ ਜਿਹੇ ਹੁੰਦੇ ਹਨ, ਭਾਵੇਂ ਉਹ ਜ਼ੀਰੋ ਵਾਟ ਦੇ ਹੋਣ ਜਾਂ 50 ਜਾਂ 100 ਵਾਟ ਦੇ ਕੋਈ ਰੋਸ਼ਨੀ ਨਹੀਂ, ਕੋਈ ਉਪਯੋਗਤਾ ਨਹੀਂ। ! ਹਰ ਕੋਈ ਚੜ੍ਹਦੇ ਸੂਰਜ ਨੂੰ ਜਲ ਚੜ੍ਹਾ ਕੇ ਪੂਜਾ ਕਰਦਾ ਹੈ। ਪਰ ਡੁੱਬਦੇ ਸੂਰਜ ਨੂੰ ਕੋਈ ਨਹੀਂ ਪੂਜਦਾ। ਕੁਝ ਲੋਕ ਆਪਣੇ ਅਹੁਦੇ ਉੱਤੇ ਇੰਨੇ ਮੋਹਿਤ ਹੁੰਦੇ ਹਨ ਕਿ ਸੇਵਾਮੁਕਤੀ ਤੋਂ ਬਾਅਦ ਵੀ ਉਨ੍ਹਾਂ ਨੂੰ ਆਪਣੇ ਚੰਗੇ ਦਿਨ ਨਹੀਂ ਭੁੱਲਦੇ। ਉਹ ਆਪਣੇ ਘਰ ਦੇ ਅੱਗੇ ਨੇਮ ਪਲੇਟਾਂ ਲਾਉਂਦੇ ਹਨ — ਰਿਟਾਇਰਡ ਆਈ.ਏ.ਐਸ / ਰਿਟਾਇਰਡ ਆਈ.ਪੀ.ਐਸ / ਰਿਟਾਇਰਡ ਪੀ.ਸੀ.ਐਸ /ਰਿਟਾਇਰਡ ਜੱਜ ਆਦਿ — ਆਦਿ।ਹੁਣ ਇਹ ਰਿਟਾਇਰਡ ਆਈ.ਏ.ਐਸ/ਆਈ.ਪੀ.ਐਸ /ਤਹਿਸੀਲਦਾਰ/ ਪਟਵਾਰੀ/ ਬਾਬੂ/ਪ੍ਰੋਫੈਸਰ/ਪ੍ਰਿੰਸੀਪਲ/ਅਧਿਆਪਕ.. ਕਿਹੜੀ—ਕਿਹੜੀ ਪੋਸਟ ਹੁੰਦੀ ਹੈ ਭਾਈ ? ਮੰਨਿਆ ਕਿ ਤੁਸੀ ਬਹੁਤ ਵੱਡੇ ਅਫਸਰ ਸੀ.. ਬਹੁਤ ਕਾਬਿਲ ਵੀ ਸੀ.. ਪੂਰੇ ਮਹਿਕਮੇ ਵਿਚ ਤੁਹਾਡੀ ਤੂਤੀ ਬੋਲਦੀ ਸੀ, ਪਰ ਹੁਣ ਕਿ....?

ਹੁਣ ਇਹ ਗੱਲ ਮਾਇਨੇ ਨਹੀਂ ਰੱਖਦੀ ਪਰ ਇਹ ਗੱਲ ਮਾਇਨੇ ਰੱਖਦੀ ਹੈ ਕਿ ਤੁਸੀਂ ਅਹੁਦੇ ਤੇ ਰਹਿੰਦਿਆਂ ਕਿਸ ਤਰਾਂ ਦੇ ਇਨਸਾਨ ਸੀ... ਤੁਸੀ ਕਿੰਨੇ ਲੋਕਾਂ ਦਾ ਦਿਲ ਜਿੱਤਿਆ ... ਜਿੰਦਗੀ ਨੂੰ ਕਿੰਨਾ ਛੂਹਿਆ... ਆਮ ਲੋਕਾਂ ਨੂੰ ਕਿੰਨੀ ਤਵੱਜੋ ਦਿੱਤੀ ...! ਲੋਕਾਂ ਦੀ ਕਿੰਨੀ ਮਦਦ ਕੀਤੀ... ਜਾਂ ਸਿਰਫ਼ ਹੰਕਾਰ ਚ ਹੀ ਸੁੱਜੇ ਰਹੇ। ਜੇਕਰ ਤੁਹਾਨੂੰ ਆਪਣੇ ਅਹੁਦੇ ਤੇ ਰਹਿੰਦਿਆਂ ਕਦੇ ਘਮੰਡ ਆਵੇ ਤਾਂ ਬਸ ਆਹ ਗੱਲ ਯਾਦ ਰੱਖਿਓ ਕਿ ਅਖੀਰ ਵਿਚ ਇਕ ਦਿਨ ਸਭ ਨੇ ਫਿਊਜ਼ ਬੱਲਬ ਹੋ ਜਾਣਾ ਹੈ । ਹਾਂ ਇਹ ਗੱਲ ਜ਼ਰੂਰ ਹੈ ਕਿ ਆਪਣੇ ਆਪ ਨੂੰ ਸਦਾ ਕਾਰਜਸ਼ੀਲ ਅਤੇ ਹਿੰਮਤੀ ਬਣਾਈ ਰੱਖੀਏ ਅਤੇ ਆਪਣੇ ਆਪ ਨੂੰ ਕੰਡਮ ਸੋਚ ਕੇ ਨਿਰਾਸ਼ ਹੋ ਕੇ ਬੈਠਣ ਦੀ ਬਜਾਏ ਸਮਾਜ ਸੇਵਕ ਗਤੀਵਿਧੀਆਂ ਜਿੰਨੀਆਂ ਵੀ ਹੋ ਸਕਣ ਕਰਦੇ ਰਹੀਏ ।

ਇਹ ਲਿਖਤ ਉਨ੍ਹਾਂ ਲੋਕਾਂ ਲਈ ਸ਼ੀਸ਼ਾ ਹੈ, ਜੋ ਅਹੁਦੇ ਅਤੇ ਸੱਤਾ ਹੋਣ ਦੇ ਬਾਵਜੂਦ ਆਪਣੀ ਕਲਮ ਨਾਲ ਸਮਾਜ ਦੇ ਹਿੱਤਾਂ ਲਈ ਕੰਮ ਨਹੀਂ ਕਰ ਸਕਦੇ ਅਤੇ ਰਿਟਾਇਰਮੈਂਟ ਤੋਂ ਬਾਅਦ ਸਮਾਜ ਲਈ ਵੱਡੀ ਚਿੰਤਾ ਹੋਣ ਲਗਦੀ ਹੈ। ਅਜੇ ਵੀ ਸਮਾਂ ਹੈ ਇਸ ਲਿਖਤ ਨੂੰ ਪੜ੍ਹੋ ਅਤੇ ਚਿੰਤਨ ਕਰੋ ਅਤੇ ਸਮਾਜ ਦੇ ਭਲੇ ਲਈ ਜੋ ਵੀ ਜਰੂਰੀ ਹੋਵੇ ਹਰ ਸੰਭਵ ਕੋਸ਼ਿਸ਼ ਕਰੋ. ਅਤੇ ਆਪਣੇ ਅਹੁਦੇ/ਪਦ ਰੂਪੀ ਬੱਲਬ ਨਾਲ ਸਮਾਜ / ਦੇਸ਼ ਦਾ ਨਾਮ ਰੌਸ਼ਨ ਕਰੋ ।

ਯਾਦ ਰੱਖੋ ਵਕਤ ਬੜਾ ਬਲਵਾਨ ਹੈ । ਕਿਸੇ ਵਕਤ ਤੁਹਾਡੀ ਆਮਦ ਉੱਤੇ ਭਾਰੀ ਸੁਆਗਤ ਹੁੰਦਾ ਸੀ ਪਰ ਵਕਤ ਬਦਲਣ ਤੇ ਇਹ ਸਭ ਨਹੀਂ ਰਹਿੰਦਾ । ਕਿਸੇ ਵੇਲੇ ਜਿਸ ਵਿਅਕਤੀ ਦੀ ਇੰਨੀ ਚੜ੍ਹਤ ਸੀ ਕਿ ਉਸ ਦੇ ਹੁਕਮ ਨੂੰ ਕੋਈ ਮੋੜ ਨਹੀਂ ਸੀ ਸਕਦਾ ਪਰ ਵਕਤ ਬਦਲਣ ਤੇ ਉਸੇ ਵਿਅਕਤੀ ਦੀ ਕੋਈ ਗੱਲ ਨਹੀਂ ਸੁਣਦਾ ਸਗੋਂ ਉਸ ਨੂੰ ਹੀ ਦੂਜਿਆਂ ਦਾ ਹੁਕਮ ਮੰਨਣਾ ਪੈਂਦਾ ਹੈ । ਕਿਸੇ ਸ਼ਾਇਰ ਨੇ ਠੀਕ ਹੀ ਕਿਹਾ ਹੈ ਕਿ :— ਪਹਿਲੇ ਤੋਂ ਦੀਪ ਭੀ ਜਲੇ ਤੋਂ ਚਰਚੇ ਹੋਤੇ ਥੇ, ਪਰ ਅਬ ਸ਼ਹਿਰ ਭੀ ਜਲੇ ਤੋਂ ਹੈਰਤ ਨਹੀਂ ਹੋਤੀ । ਪ੍ਰੰਤੂ ਫਿਰ ਵੀ ਮਨੁੱਖ ਦੀਆ ਜ਼ਰੂਰਤਾਂ ਅਤੇ ਖੁਹਾਸ਼ਾਂ ਦਾ ਕਦੇ ਅੰਤ ਨਹੀਂ ਹੁੰਦਾ ਜਿਸ ਬਾਰੇ ਇੱਕ ਕਵੀ ਦੇ ਬੋਲ ਹਨ ਕਿ :

ਜ਼ਰੂਰਤ ਔਰ ਚਾਹਤ ਮੇਂ ਫਰਕ ਹੈ,
ਕਿਉਂਕਿ ਜ਼ਰੂਰਤੋਂ ਕਾ ਅੰਤ ਹੈ ਔਰ ਚਾਹਤੋਂ ਕਾ ਨਹੀਂ ।

# ਸਮਾਜ ਸੇਵਾ ਦੇ ਖੇਤਰ ਵਿੱਚ ਭਗਵਾਨ ਦਾਸ ਅਰੋੜਾ ਮੈਮੋਰੀਅਲ ਫਾਊਂਡੇਸ਼ਨ ਦਾ ਅਹਿਮ ਰੋਲ: ਮੁਕੇਸ਼ ਜੁਨੇਜਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com



ਦਲਜੀਤ ਕੌਰ

ਸੁਨਾਮ, 20 ਮਈ, 2025: 'ਆਪ' ਪੰਜਾਬ ਪ੍ਰਧਾਨ ਅਤੇ ਕੈਬਨਿਟ ਮੰਤਰੀ ਪੰਜਾਬ ਸ੍ਰੀ ਅਮਨ ਅਰੋੜਾ ਵੱਲੋਂ ਚਲਾਈ ਜਾ ਰਹੀ ਭਗਵਾਨ ਦਾਸ ਅਰੋੜਾ ਮੈਮੋਰੀਅਲ ਫਾਉਂਡੇਸ਼ਨ ਤਹਿਤ ਲੜਕੀਆਂ ਅਤੇ ਔਰਤਾਂ ਨੂੰ ਸਿਲਾਈ ਦੀ ਮੁਫ਼ਤ ਸਿਖਲਾਈ ਦੇਣ ਲਈ ਸੁਨਾਮ ਹਲਕੇ ਵਿੱਚ ਚਲਾਏ ਜਾ ਰਹੇ ਮੁਫਤ ਸਿਲਾਈ ਸੈਂਟਰ ਉਪਲੀ ਅਤੇ ਕਿਲਾ ਭਰੀਆਂ ਦਾ ਮਾਰਕਿਟ ਕਮੇਟੀ, ਸੁਨਾਮ ਦੇ ਚੇਅਰਮੈਨ ਮੁਕੇਸ਼ ਜੁਨੇਜਾ ਨੇ ਦੌਰਾ ਕੀਤਾ।

ਇਸ ਮੌਕੇ ਚੇਅਰਮੈਨ ਮੁਕੇਸ਼ ਜੁਨੇਜਾ ਨੇ ਕਿਹਾ ਕਿ ਸਮਾਜ ਸੇਵਾ ਦੇ ਖੇਤਰ ਵਿੱਚ ਭਗਵਾਨ ਦਾਸ ਅਰੋੜਾ ਮੈਮੋਰੀਅਲ ਫਾਉਂਡੇਸ਼ਨ ਦਾ ਯੋਗਦਾਨ ਬਹੁਤ ਅਹਿਮ ਹੈ। ਉਹਨਾਂ ਕਿਹਾ ਕਿ ਸਮਾਜ ਦੀ ਬਿਹਤਰੀ ਲਈ ਇਹ ਜ਼ਰੂਰੀ ਹੈ ਕਿ ਨੌਜਵਾਨ ਲੜਕੇ ਲੜਕੀਆਂ ਨੂੰ ਵੱਧ ਤੋਂ ਵੱਧ ਹੁਨਰਮੰਦ ਬਣਾਇਆ ਜਾਵੇ ਕਿਉਂਕਿ ਹੁਨਰਮੰਦ ਨੌਜਵਾਨਾਂ ਲਈ ਰੁਜ਼ਗਾਰ ਦੇ ਬਹੁਤ ਜ਼ਿਆਦਾ ਮੌਕੇ ਉਪਲੱਬਧ ਹੁੰਦੇ ਹਨ ਜਾਂ ਫਿਰ ਉਹ ਆਪਣਾ ਸਵੈ ਰੁਜ਼ਗਾਰ ਵੀ ਸ਼ੁਰੂ ਕਰ ਸਕਦੇ ਹੁੰਦੇ ਹਨ। ਜਿਸ ਨਾਲ ਉਹ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਇੱਕ ਚੰਗੀ ਜ਼ਿੰਦਗੀ ਬਸਰ ਕਰਨ ਦੇ ਯੋਗ ਬਣ ਜਾਂਦੇ ਹਨ। ਚੇਅਰਮੈਨ ਮਾਰਕੀਟ ਕਮੇਟੀ ਨੇ ਕਿਹਾ ਕਿ ਜਿੱਥੇ ਪੰਜਾਬ ਸਰਕਾਰ ਵੱਲੋਂ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਦਿਨ-ਰਾਤ ਇੱਕ ਕਰ ਕੇ ਕੰਮ ਕੀਤਾ ਜਾ ਰਿਹਾ ਹੈ। ਉੱਥੇ ਵੱਖੋ-ਵੱਖ ਸਮਾਜ ਸੇਵੀ ਸੰਸਥਾਵਾਂ ਵੀ ਇਸ ਵਿੱਚ ਭਰਵਾਂ ਯੋਗਦਾਨ ਪਾ ਰਹੀਆਂ ਹਨ।

ਸ੍ਰੀ ਜੁਨੇਜਾ ਨੇ ਸਿਖਲਾਈ ਲੈਣ ਵਾਲੀਆਂ ਔਰਤਾਂ ਅਤੇ ਲੜਕੀਆਂ ਨੂੰ ਇਹ ਵੀ ਅਪੀਲ ਕੀਤੀ ਕਿ ਕੱਲ੍ਹ ਨੂੰ ਜਦੋਂ ਉਹ ਆਪਣਾ ਸਵੈ ਰੁਜ਼ਗਾਰ ਸ਼ੁਰੂ ਕਰਨ ਤੇ ਚੰਗੀ ਕਮਾਈ ਵਾਲੇ ਪਾਸੇ ਵਧਣ ਤਾਂ ਉਹ ਵੀ ਸਮਾਜ ਸੇਵਾ ਵਿੱਚ ਵੱਧ ਤੋਂ ਵੱਧ ਯੋਗਦਾਨ ਜ਼ਰੂਰ ਪਾਉਣ। ਉਹਨਾਂ ਨੇ ਔਰਤਾਂ ਤੇ ਲੜਕੀਆਂ ਨੂੰ ਇਹ ਵੀ ਅਪੀਲ ਕੀਤੀ ਕਿ ਭਗਵਾਨ ਦਾਸ ਅਰੋੜਾ ਮੈਮੋਰੀਅਲ ਫਾਉਂਡੇਸ਼ਨ ਵੱਲੋਂ ਚਲਾਏ ਜਾ ਰਹੇ ਸਲਾਈ ਸੈਂਟਰਾਂ ਵਿੱਚ ਦਿੱਤੀ ਜਾ ਰਹੀ ਮੁਫਤ ਸਿਖਲਾਈ ਦਾ ਵੱਧ ਤੋਂ ਵੱਧ ਲਾਭ ਲੈ ਕੇ ਆਪਣੇ ਪੈਰਾਂ 'ਤੇ ਖੜ੍ਹੀਆਂ ਹੋਣ।

ਸ੍ਰੀ ਜੁਨੇਜਾ ਨੇ ਕਿਹਾ ਕਿ ਉਹ ਖੁਦ ਵੀ ਲੋਕਾਂ ਦੀ ਸੇਵਾ ਲਈ ਹਰ ਵੇਲੇ ਹਾਜ਼ਰ ਰਹਿੰਦੇ ਹਨ। ਜੇਕਰ ਕਿਸੇ ਨੂੰ ਕਿਸੇ ਵੀ ਕਿਸਮ ਦੀ ਮਦਦ ਦੀ ਲੋੜ ਹੈ ਤਾਂ ਉਹਨਾਂ ਤੱਕ ਪਹੁੰਚ ਕੀਤੀ ਜਾ ਸਕਦੀ ਹੈ। ਉਹ ਹਰ ਸੰਭਵ ਮਦਦ ਕਰਨ ਲਈ ਤਿਆਰ ਹਨ।

ਇਸ ਮੌਕੇ ਪੀ.ਏ. ਸਰਜੀਵਨ ਕੁਮਾਰ ਲੱਕੀ, ਮਾਸਟਰ ਸੁਰਿੰਦਰ ਸਮੇਤ ਸਿਖਲਾਈ ਪ੍ਰਾਪਤ ਕਰਨ ਵਾਲੀਆਂ ਲੜਕੀਆਂ ਤੇ ਔਰਤਾਂ ਹਾਜ਼ਰ ਸਨ।

# ਪਰਿਆਸ ਸੰਸਥਾ ਨੇ ਅਡਾਪਟ ਕੀਤੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਦੇ ਵਿਦਿਆਰਥੀਆਂ ਨੂੰ ਵੰਡੀਆਂ ਠੰਡੇ ਪਾਣੀ ਵਾਲੀਆਂ 126 ਬੋਤਲਾਂ






"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com

ਫਗਵਾੜਾ 20 ਮਈ (ਸ਼ਿਵ ਕੌੜਾ) ਸਮਾਜ ਸੇਵਾ ਨੂੰ ਸਮਰਪਿਤ ਪਰਿਆਸ ਸਿਟੀਜ਼ਨਸ ਵੈਲਫੇਅਰ ਕੌਂਸਿਲ ਫਗਵਾੜਾ ਵਲੋ ਪਿਛਲੇ ਸੱਤ ਸਾਲ ਤੋਂ ਅਡਾਪਟ ਕੀਤੇ ਹੋਏ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਹੁਸ਼ਿਆਰਪੁਰ ਰੋਡ ਫਗਵਾੜਾ ਵਿਖੇ ਪੜ੍ਹਦੇ ਵਿਦਿਆਰਥੀਆਂ ਨੂੰ ਅੱਤ ਦੀ ਪੈ ਰਹੀ ਗਰਮੀ ਦੌਰਾਨ ਪੀਣ ਵਾਲੇ ਠੰਡੇ ਪਾਣੀ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ 126 ਬੋਤਲਾਂ ਦੀ ਵੰਡ ਕੀਤੀ ਹੈ। ਇਸ ਸਬੰਧੀ ਆਯੋਜਿਤ ਸਮਾਗਮ ਦੌਰਾਨ ਡਾ. ਗੁਰਵਿੰਦਰਪਾਲ ਸਿੰਘ ਐਮ.ਡੀ ਮੈਡੀਸਨ ਸਤਲੁਜ ਹਸਪਤਾਲ ਪਲਾਹੀ ਰੋਡ ਫਗਵਾੜਾ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਉਹਨਾਂ ਨੇ ਪਰਿਆਸ ਸੰਸਥਾ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਨੂੰ ਪੂਰੀ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ। ਸੰਸਥਾ ਦੇ ਕਨਵੀਨਰ ਸ਼ਕਤੀ ਮਹਿੰਦਰੂ ਨੇ ਦੱਸਿਆ ਕਿ ਗਰਮੀ ਦੇ ਮੌਸਮ ਵਿੱਚ ਪਰਿਆਸ ਸੰਸਥਾ ਵਲੋਂ ਕੀਤੇ ਗਏ ਇਸ ਪ੍ਰੋਜੈਕਟ ਦੇ ਚੇਅਰਮੈਨ ਸ਼ਾਮ ਸੁੰਦਰ ਗੁਪਤਾ ਰਿਟ. ਮੈਨੇਜਰ ਪੰਜਾਬ ਨੈਸ਼ਨਲ ਬੈਂਕ ਸਨ। ਉਹਨਾਂ ਜਿੱਥੇ ਪ੍ਰੋਜੈਕਟ ਨੂੰ ਸਫਲ ਬਨਾਉਣ ਲਈ ਸਮੂਹ ਸਹਿਯੋਗੀਆਂ ਦਾ ਧੰਨਵਾਦ ਕੀਤਾ, ਉੱਥੇ ਹੀ ਉਹਨਾਂ ਨੇ ਭਰੋਸਾ ਦਿੱਤਾ ਕਿ ਪਰਿਆਸ ਸੰਸਥਾ ਵਲੋਂ ਭਵਿੱਖ 'ਚ ਵੀ ਇਸ ਸਕੂਲ ਦੇ ਵਿਦਿਆਰਥੀਆਂ ਦੀਆ ਮੁਢਲੀਆਂ ਜਰੂਰਤਾ ਦਾ ਧਿਆਨ ਰੱਖਿਆ ਜਾਵੇਗਾ। ਸੰਸਥਾ ਵਲੋਂ ਮੁੱਖ ਮਹਿਮਾਨ ਡਾ. ਗੁਰਵਿੰਦਰ ਪਾਲ ਸਿੰਘ ਨੂੰ ਹਸਪਤਾਲ ਵਿੱਚ ਵਧੀਆ ਸਿਹਤ ਸਹੂਲਤਾਂ ਦੇਣ ਲਈ ਸਨਮਾਨਤ ਵੀ ਕੀਤਾ ਗਿਆ। ਅਖੀਰ 'ਚ ਸਕੂਲ ਇੰਚਾਰਜ ਨੀਤੂ ਬਾਲਾ ਨੇ ਪਰਿਆਸ ਦੀ ਪੂਰੀ ਟੀਮ ਦਾ ਇਸ ਉਪਰਾਲੇ ਲਈ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਰਵੀ ਦੁਆ, ਰਜਿੰਦਰ ਕੁਮਾਰ ਮਲਹੋਤਰਾ, ਪੁਰਸ਼ੋਤਮ ਲਾਲ ਭੱਟੀ, ਰਾਜਨ ਸ਼ਰਮਾ, ਮਹਿੰਦਰ ਸ਼ਰਮਾ, ਹਰਜਿੰਦਰ ਸ਼ਰਮਾ ਯੂ.ਐਸ.ਏ. ਰਾਣਾ ਯੂਕੋ ਬੈਂਕ ਤੋਂ ਇਲਾਵਾ ਸਕੂਲ ਸਟਾਫ ਸ਼ੈਲੀ ਕੋਹਲੀ, ਕਮਲਜੀਤ ਕੌਰ, ਕਮਲ ਕੁਮਾਰ ਅਤੇ ਮੋਨਿਕਾ ਦੁੱਗਲ ਆਦਿ ਹਾਜ਼ਰ ਸਨ।

# ਸੇਲਕੀਆਣਾ ਵਾਸੀਆਂ ਨੇ ਸ਼ਰਾਬ ਦਾ ਠੇਕਾ ਬੰਦ ਕਰਵਾਉਣ ਲਈ ਦਿੱਤਾ ਠੇਕੇ ਅੱਗੇ ਧਰਨਾ

## *ਅੱਜ ਧਰਨਾ ਦੂਸਰੇ ਦਿਨ 'ਚ ਦਾਖਲ*ਪਿੰਡ ਵਾਸੀਆਂ ਦਾ ਕਹਿਣਾ- ਸ਼ਰਾਬ ਦਾ ਠੇਕਾ ਚੁੱਕਣ ਤੱਕ ਅਣਮਿੱਥੇ ਸਮੇਂ ਲਈ ਚੱਲੇਗਾ ਧਰਨਾ*

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com

ਫਿਲੌਰ / ਅੱਪਰਾ - (ਦੀਪਾ)-ਨਜ਼ਦੀਕੀ ਪਿੰਡ ਸੇਲਕਿਆਣਾ ਦੀ ਪੰਚਾਇਤ ਅਤੇ ਪਿੰਡ ਵਾਸੀਆਂ ਨੇ ਠੇਕਾ ਬੰਦ ਕਰਵਾਉਣ ਲਈ ਠੇਕੇ ਅੱਗੇ ਧਰਨਾ ਲਾਇਆ । ਇਸ ਸਬੰਧੀ ਜਾਣਕਾਰੀ ਦਿੰਦਿਆਂ ਪਿੰਡ ਵਾਸੀਆਂ ਨੇ ਦੱਸਿਆ ਕਿ ਅਸੀਂ ਇਸ ਠੇਕੇ ਕਰਕੇ ਬਹੁਤ ਦੁੱਖੀ ਹਾਂ ਕਿਉਂ ਕਿ ਸ਼ਰਾਬੀ ਸ਼ਰਾਬ ਪੀ ਕੇ ਅਕਸਰ ਇੱਥੇ ਹੱਲਾ ਗੁਲਾ ਕਰਦੇ ਰਹਿੰਦੇ ਨੇ ਅਤੇ ਗੰਦੀਆਂ ਗੰਦੀਆਂ ਗਾਲ੍ਹਾਂ ਕੱਢਦੇ ਰਹਿੰਦੇ ਹਨ ਜਿਸ ਕਰਕੇ ਔਰਤਾਂ ਅਤੇ ਸਕੂਲ ਦੇ ਬੱਚਿਆਂ ਦਾ ਆਉਣਾ ਜਾਣਾ ਵੀ ਔਖਾ ਹੋ ਗਿਆ ਹੈ। ਇਹ ਠੇਕਾ ਬੰਦ ਕਰਵਾਉਣ ਸਬੰਧੀ ਡੀ, ਸੀ



ਜਲੰਧਰ ਅਤੇ ਐਸ, ਡੀ ਐਮ ਫਿਲੌਰ ਨੂੰ ਕਈ ਵਾਰੀ ਲਿਖਤੀ ਦਰਖ਼ਾਸਤ ਦੇ ਚੁੱਕੇ ਹਾਂ ਪਰ ਕੋਈ ਕਾਰਵਾਈ ਨਹੀਂ ਹੋਈ ਇਸ ਕਰਕੇ ਪਿੰਡ ਵਾਸੀਆਂ ਨੇ ਅਣਮਿਥੇ ਸਮੇਂ ਲਈ ਠੇਕਾ ਬੰਦ ਕਰਵਾਉਣ ਲਈ ਧਰਨਾ ਲਾਇਆ ਹੈ, ਠੇਕਾ ਬੰਦ ਹੋਣ ਤੱਕ ਇਹ ਧਰਨਾ ਜ਼ਾਰੀ ਰਹੇਗਾ । ਇਸ ਸਮੇਂ ਸਰਪੰਚ ਜੋਗਿੰਦਰ ਰਾਮ ਸੇਲਕੀਆਣਾ, ਸਰਪੰਚ ਗੁਰਵਿੰਦਰ ਰਾਮ ਦਿਆਲਪੁਰ, ਪੰਚ ਸੱਤਪਾਲ, ਪੰਚ ਰਵੀ ਕੁਮਾਰ, ਪੰਚ ਦਵਿੰਦਰ ਕੁਮਾਰ, ਬਿੱਟੂ, ਸੋਢੀ, ਬਲਕਾਰ, ਮਨਜੀਤ, ਸ਼ਿੰਗਾਰਾ, ਮੱਖਣ, ਮਨਜੀਤ ਸਿੰਘ ਪੰਚ, ਜੈਲਾ ਪੰਚ, ਕਾਲਾ, ਹਰਮੇਸ਼ ਲਾਲ ਆਦਿ ਹਾਜ਼ਿਰ ਸਨ ।

# ਕਿਪਸ ਮਾਰਕੀਟ ਦਾ ਨਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਰੱਖਿਆ ਜਾਵੇ --ਗੁਲਜ਼ਾਰ ਲਵਲੀ /ਹਰਦੇਵ ਬੇਪਾਰਾਏ / ਅਨੀਸ਼ ਖਾਨ

## ਸੰਸਥਾ ਵੱਲੋਂ ਦਿੱਤੀਆਂ ਮੰਗਾਂ ਜਲਦ ਪੂਰੀਆਂ ਕੀਤੀਆਂ ਜਾਣਗੀਆਂ- ਸੰਜੀਵ ਅਰੋੜਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਮਈ INTERNATIONAL PAPER, 9463601616 hardipchumber57@gmail.com



ਲੁਧਿਆਣਾ ( ਵਤਨਪ੍ਰੀਤ ਬੇਪਾਰਾਏ ) ਭਾਈ ਘਨਈਆ ਜਲ ਬਚਾਓ ਜਲ ਪੂਰਤੀ ਸੰਗਠਨ, ਸ੍ਰੀ ਗੁਰੂ ਰਵਿਦਾਸ ਯੂਥ ਕਲੱਬ ਇਆਲੀ ਖੁਰਦ, ਪਰਿਵਰਤਨ ਸੋਸਾਇਟੀ, ਮਾਈ ਭਾਗੋ ਐਜੂਕੇਸ਼ਨ ਵੈਲਫੇਅਰ ਸੋਸਾਇਟੀ , ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ ਅਤੇ ਘੱਟ ਗਿਣਤੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਅਨੀਸ਼ ਖਾਨ ਦੀ ਅਗਵਾਈ ਹੇਠ ਰਾਜ ਸਭਾ ਮੈਂਬਰ ਸ਼੍ਰੀ ਸੰਜੀਵ ਅਰੋੜਾ ਜੀ ਨੂੰ ਇੱਕ ਤਿੰਨ ਮੈਂਬਰੀ ਵਫਦ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਨ ਨੂੰ ਮੁੱਖ ਰੱਖਦੇ ਇੱਕ ਮੰਗ ਪੱਤਰ ਦਿੱਤਾ । ਜਿਸ ਵਿੱਚ ਸ਼੍ਰੀ ਸੰਜੀਵ ਅਰੋੜਾ ਜੀ ਤੋਂ ਮੰਗ ਕਰਦੇ ਆਂ ਸੰਸਥਾ ਦੇ ਰਾਸ਼ਟਰੀ ਪ੍ਰਧਾਨ ਹਰਦੇਵ ਸਿੰਘ ਬੋਪਾਰਾਏ ਨੇ ਕਿਹਾ ਭਾਈ ਬਾਲਾ ਚੌਕ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੇ ਬੁੱਤ ਦੇ ਇਰਦ ਗਿਰਦ ਸੁੰਦਰੀ ਕਰਨ ਕੀਤਾ ਜਾਵੇ ਅਤੇ ਉੱਥੇ ਇੱਕ ਬੱਸ ਸਟੈਂਡ ਵੀ ਬਣਾਇਆ ਜਾਵੇ ਤਾਂ ਕਿ ਆਉਣ ਵਾਲੇ ਨੌਜਵਾਨ ਪੀੜੀ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਬਾਰੇ ਜਾਣਕਾਰੀ ਮਿਲ ਸਕੇ ਸੰਸਥਾ ਦੇ ਸੰਤਾਪਕ ਗੁਲਜਾਰ ਸਿੰਘ ਲਵਲੀ ਨੇ ਸ਼੍ਰੀ ਸੰਜੀਵ ਅਰੋੜਾ ਮੈਂਬਰ ਰਾਜ ਸਭਾ ਜੀ ਨੂੰ ਮੰਗ ਪੱਤਰ ਵਿੱਚ ਕਿਹਾ ਕਿ ਸਰਾਭਾ ਨਗਰ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਕਿਹਾ ਜਾਵੇ ਅਤੇ ਕਿਪਸ ਮਾਰਕੀਟ ਦਾ ਨਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਮਾਰਕੀਟ ਰੱਖਿਆ ਜਾਵੇ

# ਪਰਮਜੀਤ ਸਿੰਘ ਰਾਏਪੁਰ ਨੂੰ ਸ਼ੇਰ ਏ ਪੰਜਾਬ ਕਿਸਾਨ ਯੂਨੀਅਨ ਦਾ ਲਗਾਇਆ ਗਿਆ ਬਲਾਕ ਪ੍ਰੈਸ ਸਕੱਤਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਮਈ INTERNATIONAL PAPER, 9463601616 hardipchumber57@gmail.com



ਸ੍ਰੀ ਚਮਕੌਰ ਸਾਹਿਬ 20 ਮਈ () ਸ਼ੇਰ ਏ ਪੰਜਾਬ ਕਿਸਾਨ ਯੂਨੀਅਨ ਦੀ ਮੀਟਿੰਗ ਜ਼ਿਲਾ ਸੀਨੀਅਰ ਮੀਤ ਪ੍ਰਧਾਨ ਮਲਕੀਤ ਸਿੰਘ ਸੇਖੋਂ ਕਕਰਾਲੀ ਦੀ ਅਗਵਾਈ ਹੇਠ ਹੋਈ, ਇਸ ਮੀਟਿੰਗ ਵਿੱਚ ਸ੍ਰੀ ਚਮਕੌਰ ਸਾਹਿਬ ਬਲਾਕ ਦੇ ਅਹੁਦੇਦਾਰਾਂ ਵਿਚ ਕੁਝ ਤਬਦੀਲੀ ਕੀਤੀ ਗਈ, ਜਿਸ ਵਿਚ ਹਾਜ਼ਰ ਆਏ ਮੈਂਬਰਾਂ ਵਲੋਂ ਸਰਬਸੰਮਤੀ ਨਾਲ ਪਰਮਜੀਤ ਸਿੰਘ ਰਾਏਪੁਰ ਨੂੰ ਬਲਾਕ ਸ੍ਰੀ ਚਮਕੌਰ ਸਾਹਿਬ ਦਾ ਪ੍ਰੈਸ ਸਕੱਤਰ ਨਿਯੁਕਤ ਗਿਆ, ਇਸ ਮੌਕੇ ਬਾਰਡਰਾਂ ਉਤੇ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਅਤਿਆਚਾਰ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਅਤੇ ਅੱਗੇ ਦੀ ਰਣਨੀਤੀ ਵਾਰੇ ਵਿਚਾਰ ਚਰਚਾ ਵੀ ਕੀਤੀ ਗਈ, ਇਸ ਤੋਂ ਇਲਾਵਾ ਕਿਸਾਨਾਂ ਨੂੰ ਆ ਰਹੀਆਂ ਸਮੱਸਿਆਵਾਂ ਤੇ ਵੀ ਵਿਚਾਰ ਚਰਚਾ ਕੀਤੀ ਗਈ, ਇਸ ਮੀਟਿੰਗ ਵਿੱਚ ਸ੍ਰੀ ਚਮਕੌਰ ਸਾਹਿਬ ਦੇ ਨੇੜੇ ਪੈਂਦੇ ਪਿੰਡ ਧੌਲਰਾਂ ਦੇ ਨੇੜੇ ਗੁਰਦੁਆਰਾ ਸ੍ਰੀ ਬੀੜ ਗੁਰੂ ਜੰਡ ਸਾਹਿਬ ਨੇੜੇ ਲੱਗ ਰਹੀ ਪੇਪਰ ਮਿਲ ਦਾ ਵੀ ਵਿਰੋਧ ਕੀਤਾ ਗਿਆ ਅਤੇ ਕਿਹਾ ਕਿ ਅੱਗੇ ਤੋਂ ਵੀ ਕਰਦੇ ਰਹਾਂਗੇ ਕਿਉਂਕਿ ਸ੍ਰੀ ਚਮਕੌਰ ਸਾਹਿਬ ਮੋਰਚਾ ਦੇ ਦਿਸ਼ਾ ਨਿਰਦੇਸ਼ਾਂ ਤੇ ਜਦੋਂ ਵੀ ਸਾਨੂੰ ਕੋਈ ਕਾਲ ਆਵੇਗੀ ਤਾਂ ਉਸ ਤੇ ਡੱਟ ਕੇ ਪਹਿਰਾ ਦਿੱਤਾ ਜਾਵੇਗਾ। ਇਸ ਮੌਕੇ ਬਲਾਕ ਪ੍ਰਧਾਨ ਜਗਦੀਪ ਸਿੰਘ ਸ੍ਰੀ ਚਮਕੌਰ ਸਾਹਿਬ, ਜ਼ਿਲਾ ਮੀਤ ਪ੍ਰਧਾਨ ਨਰਿੰਦਰ ਸਿੰਘ ਦੁਗਰੀ, ਇਕਬਾਲ ਸਿੰਘ ਬੁਰ ਮਾਜਰਾ, ਜਗਵਿੰਦਰ ਪਾਲ ਸਿੰਘ ਬੁਰ ਮਾਜਰਾ, ਗੁਰਨਾਮ ਸਿੰਘ ਬੁਰ ਮਾਜਰਾ, ਨਵਜੋਤ ਸਿੰਘ ਦੁਗਰੀ, ਹਰਜਿੰਦਰ ਸਿੰਘ ਦੁਗਰੀ ਸੁਖਵਿੰਦਰ ਸਿੰਘ ਇਕਾਈ ਪ੍ਰਧਾਨ ਚੁਹੜ ਮਾਜਰਾ, ਮਲਕੀਤ ਸਿੰਘ ਭੂਰੜੇ, ਗੁਰਪ੍ਰੀਤ ਸਿੰਘ ਦੁਗਰੀ, ਜਸਵਿੰਦਰ ਸਿੰਘ ਬੁਰ ਮਾਜਰਾ ਆਦਿ ਹਾਜ਼ਰ ਸਨ।

# ਐਮਪੀ ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ ਨੂੰ ਸੰਸਦ ਰਤਨ ਅਵਾਰਡ ਮਿਲਣ ਤੇ ਸਮੂਹ ਆਗੂਆਂ ਤੇ ਸਮਰਥਕਾਂ ਨੇ ਲੱਡੂ ਵੰਡ ਕੇ ਖੁਸ਼ੀ ਦਾ ਕੀਤਾ ਇਜ਼ਹਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਮਈ INTERNATIONAL PAPER, 9463601616 hardipchumber57@gmail.com



ਸ੍ਰੀ ਚਮਕੌਰ ਸਾਹਿਬ 20 ਮਈ (ਹਰਦਿਆਲ ਸਿੰਘ ਸੰਧੂ) ਜਲੰਧਰ ਤੋਂ ਐਮਪੀ ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ ਦੇ ਦਫਤਰ ਸ੍ਰੀ ਚਮਕੌਰ ਸਾਹਿਬ ਵਿਖੇ ਉਹਨਾਂ ਦੇ ਸਮਰਥਕਾਂ, ਕਾਂਗਰਸੀ ਵਰਕਰਾਂ ਅਤੇ ਆਗੂਆਂ ਵੱਲੋਂ ਆਪਣੇ ਲੀਡਰ ਚੰਨੀ ਦੀ ਵਧੀਆ ਕਾਰਗੁਜ਼ਾਰੀ ਲੋਕ ਸਭਾ ਵਿੱਚ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ, ਪੰਜਾਬ, ਪੰਜਾਬੀਅਤ ਅਤੇ ਹਰ ਵਰਗ ਦੀ ਆਵਾਜ਼ ਬਣ ਕੇ ਸਾਰਿਆਂ ਦੇ ਹੱਕਾਂ ਲਈ ਬੁਲੰਦ ਆਵਾਜ਼ ਉਠਾਉਣ ਲਈ ਅਤੇ ਵਧੀਆ ਸੁਝਾਅ ਪੇਸ਼ ਕਰਨ ਦੀ ਬਦੌਲਤ ਭਾਰਤ ਦੇ ਮਰਹੂਮ ਰਾਸ਼ਟਰਪਤੀ ਡਾਕਟਰ ਏ ਪੀ ਜੇ ਅਬਦੁਲ ਕਲਾਮ ਵੱਲੋਂ ਸ਼ੁਰੂ ਕੀਤੇ ਪੁਰਸਕਾਰਾਂ ਵਿੱਚੋਂ ਸੰਸਦ ਰਤਨ ਅਵਾਰਡ ਮਿਲਣ ਦੀ ਖੁਸ਼ੀ ਵਿੱਚ ਬਲਾਕ ਪ੍ਰਧਾਨ ਦਵਿੰਦਰ ਸਿੰਘ ਬਿੰਦਾ ਦੀ ਅਗਵਾਈ ਵਿੱਚ ਲੱਡੂ ਵੰਡ ਕੇ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ। ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਭੰਗੂ, ਗੁਰਚਰਨ ਸਿੰਘ ਮਾਣੇ ਮਾਜਰਾ, ਰੋਹਿਤ ਸਬਰਵਾਲ, ਸਰਪੰਚ ਸੇਖੂਪੁਰ, ਕਰਨੈਲ ਸਿੰਘ, ਤਰਲੋਚਨ ਸਿੰਘ, ਅਰਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਕਿਰਪਾਲ ਸਿੰਘ, ਇੰਦਰਪਾਲ ਸਿੰਘ, ਜਸਵਿੰਦਰ ਸਿੰਘ, ਬਰਿੰਦਰ ਕੁਮਾਰ, ਲੰਬੜਦਾਰ ਜਸਵੀਰ ਸਿੰਘ, ਸ਼ਮਸ਼ੇਰ ਸਿੰਘ, ਅਮਨਦੀਪ ਸਿੰਘ, ਹਰਵਿੰਦਰ ਸਿੰਘ, ਮਲਕੀਤ ਸਿੰਘ, ਹਰਜੀਤ ਸਿੰਘ, ਸੁਖਜਿੰਦਰ ਸਿੰਘ, ਜਸਵੰਤ ਸਿੰਘ, ਵਰਿੰਦਰ ਸਿੰਘ, ਆਦਿ ਸਮਰਥਕ ਹਾਜ਼ਰ ਸਨ।

# ਅਧਿਆਪਕਾਂ ਦੇ ਵੱਖ-ਵੱਖ ਕਾਡਰਾਂ ਦੀਆਂ ਤਰੱਕੀਆਂ ਕਰੇ ਸਿੱਖਿਆ ਵਿਭਾਗ: ਡੀ ਟੀ ਐੱਫ ਪੰਜਾਬ

## ਵਿਭਾਗ ਕੋਲ ਸਾਰਾ ਡਾਟਾ ਹੋਣ ਦੇ ਬਾਵਜੂਦ ਅਧਿਆਪਕਾਂ ਦੀ ਕੀਤੀ ਜਾ ਰਹੀ ਹੈ ਖੱਜਲ ਖੁਆਰੀ : ਡੀ ਟੀ ਐੱਫ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਮਈ INTERNATIONAL PAPER, 9463601616 hardipchumber57@gmail.com



ਦਲਜੀਤ ਕੌਰ

ਚੰਡੀਗੜ੍ਹ, 20 ਮਈ, 2025: ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਵੱਲੋਂ ਸਿੱਖਿਆ ਵਿਭਾਗ ਪਾਸੋਂ ਵਾਰ ਵਾਰ ਵੱਖ ਵੱਖ ਕਾਡਰਾਂ ਤਰੱਕੀਆਂ ਦੀ ਮੰਗ ਕੀਤੇ ਜਾਣ 'ਤੇ ਭਾਵੇਂ ਕੁਝ ਵਿਸ਼ਿਆਂ ਦੀਆਂ ਲੈਕਚਰਾਰਾਂ ਦੀਆਂ ਤਰੱਕੀਆਂ ਲਈ ਕੇਸ ਮੰਗੇ ਗਏ ਹਨ ਪਰ ਹਾਲੇ ਵੀ ਅਹਿਮ ਵਿਸ਼ਿਆਂ ਦੇ ਲੈਕਚਰਾਰਾਂ ਅਤੇ ਹੋਰ ਕਾਡਰਾਂ (ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ, ਸੀ ਐਂਡ ਵੀ ਤੋਂ ਮਾਸਟਰ ਕਾਡਰ, ਨਾਨ ਟੀਚਿੰਗ ਤੋਂ ਮਾਸਟਰ ਕਾਡਰ, ਅਦਰ ਕੈਟਾਗਰੀ ਟੀਚਰਜ਼ ਤੋਂ ਮਾਸਟਰ ਕਾਡਰ, ਮਾਸਟਰ ਕਾਡਰ ਤੋਂ ਹੈੱਡ ਮਾਸਟਰ, ਲੈਕਚਰਾਰ ਕਾਡਰ ਤੋਂ ਪ੍ਰਿੰਸੀਪਲ, ਹੈੱਡ ਮਾਸਟਰ ਕਾਡਰ ਤੋਂ ਪ੍ਰਿੰਸੀਪਲ ਆਦਿ) ਦੀਆਂ ਤਰੱਕੀਆਂ ਹਾਲੇ ਬਾਕੀ ਰਹਿੰਦੀਆਂ ਹਨ।

ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਸਿੱਖਿਆ ਵਿਭਾਗ ਪੰਜਾਬ ਨੂੰ ਨਿਰਦੇਸ਼ ਦੇ ਕੇ ਅਧਿਆਪਕਾਂ ਵੱਖ ਵੱਖ ਕਾਡਰਾਂ ਤੋਂ ਅਗਲੇ ਕਾਡਰ ਦੀਆਂ ਤਰੱਕੀਆਂ ਦੇਣ ਦੇ ਹੁਕਮ ਜਾਰੀ ਕਰਵਾਏ। ਉਨ੍ਹਾਂ ਕਿਹਾ ਕਿ ਸਿੱਖਿਆ ਵਿਭਾਗ ਪੰਜਾਬ ਕੋਲ ਸਾਰਾ ਡਾਟਾ ਉਪਲਬਧ ਹੋਣ ਦੇ ਬਾਵਜੂਦ ਅਧਿਆਪਕਾਂ ਨੂੰ ਲੈਕਚਰਾਰ ਦੀ ਤਰੱਕੀ ਲਈ ਮੁਖ ਦਫ਼ਤਰ ਵਿਖੇ ਸੱਦਣਾ ਵੀ ਗੈਰ ਵਾਜ਼ਬ ਹੈ। ਬਦਲਾਅ ਵਾਲੀ ਸਰਕਾਰ ਦੇ ਰਾਜ ਵਿੱਚ ਭਾਵੇਂ ਤਰੱਕੀਆਂ ਉਡੀਕਦੇ ਉਡੀਕਦੇ ਅਨੇਕਾਂ ਅਧਿਆਪਕ ਰਿਟਾਇਰ ਹੋ ਚੁੱਕੇ ਹਨ ਪਰ ਫਿਰ ਵੀ ਜਿਹੜੇ ਅਧਿਆਪਕਾਂ ਦਾ ਤਰੱਕੀਆਂ ਲਈ ਹੱਕ ਬਣਦਾ ਹੈ ਵਿਭਾਗ ਉਹਨਾਂ ਅਧਿਆਪਕਾਂ ਨੂੰ ਤਰੱਕੀਆਂ ਨਾਲ ਨਿਵਾਜੇ।

ਇਸ ਸਬੰਧੀ ਵਿਸਤ੍ਰਤ ਜਾਣਕਾਰੀ ਦਿੰਦਿਆਂ ਆਗੂਆਂ ਨੇ ਦੱਸਿਆ ਕਿ ਪਿਛਲੇ ਲੰਬੇ ਸਮੇਂ ਤੋਂ ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ, ਸੀ ਐਂਡ ਵੀ ਤੋਂ ਮਾਸਟਰ ਕਾਡਰ, ਨਾਨ ਟੀਚਿੰਗ ਤੋਂ ਮਾਸਟਰ ਕਾਡਰ, ਅਦਰ ਕੈਟਾਗਰੀ ਟੀਚਰਜ਼ ਤੋਂ ਮਾਸਟਰ ਕਾਡਰ, ਮਾਸਟਰ ਕਾਡਰ ਤੋਂ ਹੈੱਡ ਮਾਸਟਰ, ਮਾਸਟਰ ਕਾਡਰ ਤੋਂ ਲੈਕਚਰਾਰ ਕਾਡਰ, ਹੈੱਡ ਮਾਸਟਰ ਅਤੇ ਲੈਕਚਰਾਰ ਕਾਡਰ ਤੋਂ ਪ੍ਰਿੰਸੀਪਲ ਦੀਆਂ ਤਰੱਕੀਆਂ ਵੀ ਪੈਂਡਿੰਗ ਹਨ ਜਿਨ੍ਹਾਂ ਸਬੰਧੀ ਵਿਭਾਗ ਵੱਲੋਂ ਹਾਲੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਤਰੱਕੀਆਂ ਨੂੰ ਉਡੀਕਦੇ ਉਡੀਕਦੇ ਅਧਿਆਪਕ ਆਪਣੇ ਮਨ ਦੇ ਚਾਅ ਮਨ ਵਿੱਚ ਲੈ ਕੇ ਹੀ ਲਗਾਤਾਰ ਰਿਟਾਇਰ ਹੋ ਰਹੇ ਹਨ ਅਤੇ ਤਰੱਕੀਆਂ ਨਾ ਹੋਣ ਕਾਰਨ ਮਾਨਸਿਕ ਪ੍ਰੇਸ਼ਾਨੀ ਦੇ ਦੌਰ ਵਿੱਚੋਂ ਲੰਘ ਰਹੇ ਹਨ।

ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਮੀਤ ਪ੍ਰਧਾਨਾਂ ਰਾਜੀਵ ਬਰਨਾਲਾ, ਜਗਪਾਲ ਬੰਗੀ, ਗੁਰਪਿਆਰ ਕੋਟਲੀ, ਬੇਅੰਤ ਫੂਲੇਵਾਲਾ, ਹਰਜਿੰਦਰ ਵਡਾਲਾ ਬਾਂਗਰ ਅਤੇ ਰਘਵੀਰ ਭਵਾਨੀਗੜ੍ਹ, ਸੰਯੁਕਤ ਸਕੱਤਰਾਂ ਮੁਕੇਸ਼ ਕੁਮਾਰ, ਕੁਲਵਿੰਦਰ ਜੋਸ਼ਨ ਅਤੇ ਜਸਵਿੰਦਰ ਔਜਲਾ, ਪ੍ਰੈੱਸ ਸਕੱਤਰ ਪਵਨ ਕੁਮਾਰ, ਸਹਾਇਕ ਵਿੱਤ ਸਕੱਤਰ ਤਜਿੰਦਰ ਸਿੰਘ ਅਤੇ ਪ੍ਰਚਾਰ ਸਕੱਤਰ ਸੁਖਦੇਵ ਡਾਨਸੀਵਾਲ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਇਹਨਾਂ ਲੈਕਚਰਾਰਾਂ ਦੀਆਂ ਤਰੱਕੀਆਂ ਕਰਕੇ ਇਹਨਾਂ ਅਧਿਆਪਕਾਂ ਨਾਲ ਨਿਆਂ ਕਰਦੇ ਹੋਏ ਤਰੱਕੀਆਂ ਉਡੀਕਦੇ ਅਧਿਆਪਕਾਂ ਨੂੰ ਉਨ੍ਹਾਂ ਦੇ ਅਗਲੀ ਕਾਡਰਾਂ ਵਿੱਚ ਤਰੱਕੀ ਦਿੱਤੀ ਜਾਵੇ।

# ਜ਼ਿਲ੍ਹਾ ਬਰਨਾਲਾ ਦੀ ਬਾਮਸੇਫ ਦੀ ਪਲੇਠੀ ਮੀਟਿੰਗ ਹੋਈ

## ਸ਼੍ਰੀ ਗੁਰੂ ਰਵਿਦਾਸ ਧਰਮਸ਼ਾਲਾ, ਅਜਾਦ ਨਗਰ ਬਰਨਾਲਾ ਵਿਖੇ ਭਰਮੀ ਮੀਟਿੰਗ ਹੋਈ, ਹਾਜਰ ਸਾਥੀਆਂ ਵਿੱਚ ਭਾਰੀ ਉਤਸਾਹ- ਸਰਬਜੀਤ ਸਿੰਘ ਖੇੜੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਮਈ INTERNATIONAL PAPER, 9463601616 hardipchumber57@gmail.com



ਅੱਜ ਬਰਨਾਲਾ ਵਿਖੇ ਵੱਖ ਵੱਖ ਅਦਾਰਿਆਂ ਚੋਂ ਰਿਟਾਇਰਡ ਹੋਏ ਸੀਨੀਅਰ ਸਾਥੀਆਂ ਨਾਲ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਵਿਚਾਰਧਾਰਾ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਡਾਕਟਰ ਸਰਬਜੀਤ ਸਿੰਘ ਖੇੜੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਬਰਨਾਲਾ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ।

ਮੀਟਿੰਗ ਨੂੰ ਸੰਬੋਧਨ ਕਰਨ ਲਈ ਸਤਿਕਾਰਯੋਗ ਇੰਜੀਨੀਅਰ ਹਰਦੀਪ ਸਿੰਘ ਚੁੰਬਰ Retd. AGM BSNL. ਬਾਮਸੇਫ ਇੰਚਾਰਜ ਜੋਨ ਪਟਿਆਲਾ (ਮੁੱਖ ਸੰਪਾਦਕ Equality and justice) ਅਤੇ ਲੈਕਚਰਾਰ ਅਮਰਜੀਤ ਸਿੰਘ ਝਲੂਰ ਜੋਨ ਇੰਚਾਰਜ ਪਟਿਆਲਾ ਵਿਸ਼ੇਸ਼ ਤੌਰ ਤੇ ਪਹੁੰਚੇ। ਸ੍ਰੀ ਅਮਰਜੀਤ ਸਿੰਘ ਸਾਬਕਾ ਲੈਕਚਰਾਰ ਜਲੂਰ ਜੀ ਨੇ ਸਾਰੇ ਸਾਥੀਆਂ ਨਾਲ ਸਭ ਤੋਂ ਪਹਿਲਾਂ ਜਾਣ ਪਹਿਚਾਣ ਕਰਵਾਈ ਅਤੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਦੇ ਬਾਅਦ ਚੁੰਬਰ ਸਾਹਿਬ ਨੇ ਬਾਮਸੇਫ ਕੀ ਹੈ ਕਿਉਂ ਜਰੂਰੀ ਹੈ ਇਸ ਦਾ ਸਮਾਜ ਨੂੰ ਕੀਤ ਲਾਭ ਹੋਵੇਗਾ ਦੀ ਜਾਣਕਾਰੀ ਦੇ ਨਾਲ ਨਾਲ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਜੀ ਦੇ ਜੀਵਨ ਸੰਘਰਸ਼ ਉੱਤੇ ਅਤੇ ਮੌਜੂਦੀ ਹਾਲਾਤ ਬਾਰੇ ਰੋਸ਼ਨੀ ਪਾਈ।

ਸਰਦਾਰ ਸਰਬਜੀਤ ਸਿੰਘ ਖੇੜੀ ਬਸਪਾ ਜਿਲਾ ਪ੍ਰਧਾਨ ਨੇ ਬਾਮਸੇਫ ਸੰਗਠਨ ਦੀ ਮਹੱਤਤਾ ਬਾਰੇ ਵਿਚਾਰ ਸਾਂਝੇ ਕੀਤੇ।

ਇਸ ਸਮੇਂ ਪ੍ਰਿੰਸੀਪਲ ਪਿਆਰਾ ਸਿੰਘ ਸ਼ਹਿਰੀ ਪ੍ਰਧਾਨ ਬਰਨਾਲਾ, ਸ੍ਰ ਹਾਕਮ ਸਿੰਘ Retd ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਬਰਨਾਲਾ, ਸ੍ਰ ਹਰਬੇਲ ਸਿੰਘ Retd. SDO pspcl. ਠੀਕਰੀਵਾਲ, ਸ੍ਰ ਸੁਰਜੀਤ ਸਿੰਘ Retd JE pspcl ਬਰਨਾਲਾ, ਸ੍ਰ ਕਰਨੈਲ ਸਿੰਘ Retd ਲੈਕਚਰਾਰ ਬਰਨਾਲਾ, ਸ੍ਰ ਹਰਭਜਨ ਸਿੰਘ Retd ਲੈਕਚਰਾਰ, ਸ੍ਰ ਜਾਗਰ ਸਿੰਘ ਸੰਘੇੜਾ Retd BSNL, ਸ੍ਰ ਸੁਰਜੀਤ ਸਿੰਘ ਏਅਰ ਫੋਰਸ Retd ਬੈਂਕ ਮੈਨੇਜਰ, ਸੂਬੇਦਾਰ ਹਰਬੰਸ ਸਿੰਘ ਲੋਹਗੜ੍ਹ ਵਾਲੇ ਬਰਨਾਲਾ ਆਦਿ ਸਾਥੀ ਹਾਜ਼ਰ ਸਨ। ਮੀਟਿੰਗ ਵਿੱਚ ਹਾਜ਼ਰ ਹੋਏ ਸਭ ਨੇ ਆਪਣੇ ਵਿਚਾਰ ਸਾਂਝੇ ਕੀਤੇ। ਸਾਥੀਆਂ ਨੇ ਕਿਹਾ ਕਿ ਅਗਲੀ ਮੀਟਿੰਗ ਜਲਦੀ ਬੁਲਾਈ ਜਾਵੇਗੀ ਅਤੇ ਬਾਮਸੇਫ ਦੇ ਜੋਨ ਦੇ ਇੰਚਾਰਜ ਜ਼ਿਲੇ ਦੇ ਅਤੇ ਵਿਧਾਨ ਸਭਾਵਾਂ ਦੇ ਔਹਦੇਦਾਰਾਂ ਨੂੰ ਨਿਯੁਕਤ ਕੀਤਾ ਜਾਵੇਗਾ।

# ਕਿਰਤੀ ਕਿਸਾਨ ਯੂਨੀਅਨ ਵੱਲੋਂ ਬੇਗਮਪੁਰਾ ਵਸਾਉਣ ਲਈ ਤੁਰੇ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੈਂਕੜੇ ਕਾਰਕੁੰਨਾਂ ਤੇ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਦੀ ਸਖ਼ਤ ਨਿਖੇਧੀ

## ਦਿੱਲੀ ਵਿਧਾਨ ਸਭਾ ਚੋਣਾਂ ਹਾਰਨ ਮਗਰੋਂ ਆਪ ਸਰਕਾਰ ਵਲੋਂ ਪੰਜਾਬ ਵਿੱਚ ਹਰ ਜਮਹੂਰੀ ਸੰਘਰਸ਼ ਨੂੰ ਜਬਰ ਦੇ ਜ਼ਰੀਏ ਕੁਚਲਣ ਦੇ ਰਾਹ ਪਈ: ਕੇਕੇਯੂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com

ਦਲਜੀਤ ਕੌਰ





ਚੰਡੀਗੜ੍ਹ, 20 ਮਈ, 2025: ਕਿਰਤੀ ਕਿਸਾਨ ਯੂਨੀਅਨ ਦੀ ਸੂਬਾ ਕਮੇਟੀ ਨੇ ਸੰਗਰੂਰ ਜ਼ਿਲ੍ਹੇ ਦੇ ਬੀੜ ਐਸ਼ਵਿਨ ਵਿੱਚ ਜੀਂਦ ਦੇ ਰਾਜੇ ਦੀ 927 ਏਕੜ ਜ਼ਮੀਨ ਉੱਤੇ ਬੇਗਮਪੁਰਾ ਵਸਾਉਣ ਲਈ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਕੀਤੇ ਜਾਣ ਵਾਲੇ ਜਮਹੂਰੀ ਪ੍ਰਦਰਸ਼ਨ ਨੂੰ ਛੇ ਜ਼ਿਲ੍ਹਿਆਂ ਦੀ ਪੁਲਿਸ ਦੇ ਜ਼ੋਰ ਰੋਕਣ, ਸੈਂਕੜਿਆਂ ਦੀ ਗਿਣਤੀ ਵਿੱਚ ਕਾਰਕੁੰਨਾਂ ਅਤੇ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ। ਜੱਥੇਬੰਦੀ ਨੇ ਕਿਹਾ ਹੈ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਹਾਰ ਮਗਰੋਂ ਸੂਬੇ ਦੇ ਲੋਕਾਂ ਦੇ ਹਰ ਜਮਹੂਰੀ ਸੰਘਰਸ਼ ਨੂੰ ਪੁਲਿਸ ਜ਼ਬਰ ਰਾਹੀ ਕੁਚਲਣ ਦੇ ਆਤਮਘਾਤੀ ਰਾਹ ਪੈ ਗਈ ਹੈ।

ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਜਨਰਲ ਸਕੱਤਰ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਤੇ ਪ੍ਰੈੱਸ ਸਕੱਤਰ ਰਮਿੰਦਰ ਸਿੰਘ ਪਟਿਆਲਾ ਨੇ ਕਿਹਾ ਕਿ ਸਮਾਜ ਦੇ ਸੱਭ ਤੋਂ ਵੱਧ ਪੀੜਤ ਲੋਕਾਂ ਵਿੱਚ ਸ਼ਾਮਲ ਬੇਜ਼ਮੀਨੇ ਦਲਿਤ ਵਰਗ ਵਲੋਂ ਬੇਚਿਰਾਗ ਪਿੰਡ ਦੀ 927 ਏਕੜ ਜ਼ਮੀਨ ਜੋਕਿ ਜੀਂਦ ਦੇ ਰਾਜੇ ਨਾਲ ਸਬੰਧਤ ਹੈ, ਨੂੰ ਬੇਜ਼ਮੀਨਿਆਂ ਵਿੱਚ ਵੰਡਣ ਲਈ ਬੀਤੇ ਲੰਮੇਂ ਸਮੇਂ ਤੋਂ ਛੇੜੀ ਮੁਹਿੰਮ ਪ੍ਰਤੀ ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਦਾ ਰਵੱਈਆ ਲੋਕਾਂ ਦੀਆਂ ਜਾਇਜ਼ ਮੰਗਾਂ ਪ੍ਰਤੀ ਘੇਸਲ ਵੱਟ ਜਾਣ ਦੀ ਘਟੀਆ ਆਦਤ ਦਾ ਇਜ਼ਹਾਰ ਹੈ। ਉਨ੍ਹਾਂ ਕਿਹਾ ਕਿ ਅੱਜ ਬੇਗਮਪੁਰਾ ਵਸਾਉਣ ਲਈ ਆ ਰਹੇ ਜਥਿਆਂ ਨੂੰ ਪੁਲਿਸ ਵਲੋਂ ਰੋਕਾਂ ਖੜੀਆਂ ਕਰਕੇ ਰੋਕਣ, ਧੱਕਾਮੁੱਕੀ ਕਰਨ, ਸੈਂਕੜਿਆਂ ਦੀ ਗਿਣਤੀ ਵਿੱਚ ਗ੍ਰਿਫਤਾਰੀਆਂ ਨੇ ਦੱਸ ਦਿੱਤਾ ਹੈ ਕਿ ਆਪ ਸਰਕਾਰ ਕਿਸਾਨਾਂ ਮਗਰੋਂ ਹੁਣ ਦਲਿਤਾਂ ਦੇ ਸੰਘਰਸ਼ ਨੂੰ ਵੀ ਜ਼ਬਰ ਦੇ ਜ਼ੋਰ ਕੁਚਲਣ ਦੇ ਰਾਹ ਪੈ ਗਈ ਹੈ।

ਕਿਸਾਨ ਆਗੂਆਂ ਨੇ ਕਿਹਾ ਕਿ ਦਿੱਲੀ ਵਿਚ ਵਿਧਾਨਸਭਾ ਚੋਣਾਂ ਵਿੱਚ ਹਾਰ ਮਗਰੋਂ ਆਪ ਸਰਕਾਰ ਨੇ ਸੂਬੇ ਨੂੰ ਪੁਲਿਸ ਰਾਜ ਵਿੱਚ ਤਬਦੀਲ ਕਰ ਦਿੱਤਾ ਹੈ। ਸੂਬੇ ਦੇ ਲੋਕਾਂ ਦੇ ਹਰ ਜਮਹੂਰੀ ਸੰਘਰਸ਼ਾਂ ਉੱਤੇ ਪੁਲਿਸ ਜ਼ਬਰ ਢਾਹਿਆ ਜਾ ਰਿਹਾ ਹੈ।

ਕਿਰਤੀ ਕਿਸਾਨ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਸਦੀਆਂ ਤੋਂ ਦਬਾਏ ਹੋਏ ਤੇ ਲਤਾੜੇ ਦਲਿਤ ਲੋਕਾਂ ਲਈ ਆਵਾਜ ਚੁੱਕਣ ਕਰਕੇ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਨੂੰ ਦਬਾਉਣਾ ਪੰਜਾਬ ਸਰਕਾਰ ਦੇ ਦਲਿਤ,ਮਜ਼ਦੂਰ ਵਿਰੋਧੀ ਚਿਹਰੇ ਨੂੰ ਬੇਪਰਦ ਕਰਦਾ ਹੈ।




# ਨਗਰ ਨਿਗਮ ਵੱਲੋਂ ਗਿੱਲੇ ਕੂੜੇ ਤੋਂ ਤਿਆਰ ਖਾਦ ਦੀ ਵਿਕਰੀ ਸ਼ੁਰੂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com




ਫਗਵਾੜਾ 20 ਮਈ (ਸ਼ਿਵ ਕੌੜਾ) ਗਿੱਲੇ ਕੂੜੇ ਦੇ ਪ੍ਰਬੰਧਨ ਅਤੇ ਵਾਤਾਵਰਣ ਸੰਭਾਲ ਵੱਲ ਵੱਡੀ ਪਹਿਲਕਦਮੀ ਕਰਦਿਆਂ ਨਗਰ ਨਿਗਮ ਫਗਵਾੜਾ ਵੱਲੋਂ ਗਿੱਲੇ ਕੂੜੇ ਤੋਂ ਤਿਆਰ ਕੀਤੀ ਖਾਦ ਦੀ ਵਿਕਰੀ ਸ਼ੁਰੂ ਕੀਤੀ ਗਈ ਹੈ ਇਸ ਮੁਹਿੰਮ ਦਾ ਉਦੇਸ਼ ਪੌਸ਼ਟਿਕ ਤੱਤਾਂ ਨਾਲ ਭਰਪੂਰ ਜੈਵਿਕ ਖਾਦ ਦੇ ਉਤਪਾਦਨ ਅਤੇ ਵਿਕਰੀ ਦੁਆਰਾ ਬਾਇਓਡੀਗਰੇਡੇਬਲ ਗਿੱਲੇ ਕੂੜੇ ਦੀ ਮੁੜ ਵਰਤੋਂ ਨੂੰ ਉਤਸ਼ਾਹਿਤ ਕਰਨਾ ਹੈ। ਇਸ ਮੁਹਿੰਮ ਦਾ ਉਦਘਾਟਨ ਅੱਜ ਫਗਵਾੜਾ ਦੇ ਮੇਅਰ ਰਾਮਪਾਲ ਉੱਪਲ, ਨਗਰ ਨਿਗਮ ਕੌਂਸਲਰ ਪਰਵੀਨ ਠਾਕੁਰ, ਗੁਰਪ੍ਰੀਤ ਕੌਰ ਅਤੇ ਰਵੀ ਕੁਮਾਰ, ਨਗਰ ਨਿਗਮ ਦੇ ਕਮਿਸ਼ਨਰ ਡਾ. ਅਕਸ਼ਿਤਾ ਗੁਪਤਾ ਅਤੇ ਅਧਿਕਾਰੀ ਸੇਵਕ ਰਾਮ ਐਸ.ਆਈ., ਪੂਜਾ ਆਈ.ਈ.ਸੀ. ਦੇ ਨਾਲ-ਨਾਲ ਐਡਵੋਕੇਟ ਕਸ਼ਮੀਰ ਸਿੰਘ ਮੱਲ੍ਹੀ, ਡਾ. ਇਕਬਾਲ ਸਿੰਘ ਸੋਹੀ, ਪਟਵਾਰੀ ਸੋਹਣ ਸਿੰਘ, ਕੁਲਵੰਤ ਸਿੰਘ ਭਿੰਡਰ, ਜੋਤੀ ਸ਼ਰਮਾ, ਦਵਿੰਦਰ ਸਿੰਘ ਵੱਲੋਂ ਕੀਤਾ ਗਿਆ ਮੇਅਰ ਉੱਪਲ ਨੇ ਦੱਸਿਆ ਕਿ ਇਹ ਖਾਦ ਇਕੱਠੇ ਕੀਤੇ ਗਏ ਗਿੱਲੇ ਕੂੜੇ ਅਤੇ ਜੈਵਿਕ ਰਹਿੰਦ-ਖੂੰਹਦ ਤੋਂ ਤਿਆਰ ਕੀਤੀ ਜਾਂਦੀ ਹੈ। ਇਹ ਜੈਵਿਕ ਰਹਿੰਦ-ਖੂੰਹਦ ਨਗਰ ਨਿਗਮ ਵੱਲੋਂ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਬਣਾਈਆਂ ਕੰਪੋਸਟ ਪਿੱਟਸ ਵਿੱਚ ਤਿਆਰ ਕੀਤੀ ਜਾਂਦੀ ਹੈ ਉਨ੍ਹਾਂ ਗਿੱਲੇ-ਸੁੱਕੇ ਕੂੜੇ ਦੇ ਪ੍ਰਬੰਧਨ ਦੀ ਮਹੱਤਤਾ ਤੇ ਜ਼ੋਰ ਦਿੱਤਾ ਅਤੇ ਸ਼ਹਿਰਵਾਸੀਆਂ ਨੂੰ ਅਜਿਹੀਆਂ ਵਾਤਾਵਰਣ ਪ੍ਰਤੀ ਪ੍ਰਗਤੀਸ਼ੀਲ ਪਹਿਲਕਦਮੀਆਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ ਕੀਤੀ ਇਸ ਮੌਕੇ ਕਮਿਸ਼ਨਰ ਨੇ ਕਿਹਾ ਕਿ ਇਹ ਮੁਹਿੰਮ ਨਾ ਸਿਰਫ ਕੂੜੇ ਦੀ ਸਮੱਸਿਆ ਦਾ ਢੁਕਵਾਂ ਹੱਲ ਕਰੇਗੀ ਸਗੋਂ ਰਸਾਇਣਕ ਖਾਦਾਂ ਦਾ ਇੱਕ ਢੁੱਕਵਾਂ ਵਿਕਲਪ ਵੀ ਪ੍ਰਦਾਨ ਕਰਦੀ ਹੈ। ਉਨ੍ਹਾਂ ਕਿਹਾ ਕਿ ਇਹ ਖਾਦ 100 ਪ੍ਰਤੀਸ਼ਤ ਜੈਵਿਕ ਹੈ ਅਤੇ ਨੁਕਸਾਨਦੇਹ ਰਸਾਇਣਾਂ ਤੋਂ ਮੁਕਤ ਹੈ ਜ਼ਰੂਰੀ ਪੌਸ਼ਟਿਕ ਤੱਤਾਂ ਨਾਲ ਭਰਪੂਰ ਇਹ ਖਾਦ, ਬਗੀਚਿਆਂ, ਪਾਰਕਾਂ, ਨਰਸਰੀਆਂ, ਖੇਤਾਂ ਵਿੱਚ ਵਰਤੋਂ ਕੀਤੀ ਜਾ ਸਕਦੀ ਹੈ ਨਗਰ ਨਿਗਮ ਵੱਲੋਂ ਤਿਆਰ ਕੀਤੀ ਇਹ ਖਾਦ ਕਿਫਾਇਤੀ ਦਰਾਂ ਤੇ ਉਪਲੱਬਧ ਹੈ ਅਤੇ ਆਮ ਲੋਕ ਇਹ ਖਾਦ ਨਗਰ ਨਿਗਮ ਫਗਵਾੜਾ ਦੇ ਦਫਤਰ ਵਿੱਚੋਂ ਖਰੀਦ ਸਕਦੇ ਹਨ ਅਤੇ ਵਧੇਰੇ ਜਾਣਕਾਰੀ ਲਈ ਸਹਾਇਕ ਕਮਿਸ਼ਨਰ ਨਗਰ ਨਿਗਮ ਫਗਵਾੜਾ ਦੇ ਦਫ਼ਤਰ ਨਾਲ ਸੰਪਰਕ ਕਰ ਸਕਦੇ ਹਨ ਉਨ੍ਹਾਂ ਸਮੂਹ ਸ਼ਹਿਰਵਾਸੀਆਂ ਨੂੰ ਗਿੱਲੇ ਕੂੜੇ ਦੇ ਪ੍ਰਬੰਧਨ ਲਈ ਫਗਵਾੜਾ ਨੂੰ ਇੱਕ ਮਾਡਲ ਸ਼ਹਿਰ ਬਣਾਉਣ ਵਿੱਚ ਪ੍ਰਸ਼ਾਸ਼ਨ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ ਤਾਂ ਜੋ ਅਸੀਂ ਸਾਰੇ ਮਿਲ ਕੇ ਫਗਵਾੜਾ ਸ਼ਹਿਰ ਨੂੰ ਸਾਫ-ਸੁਥਰਾ ਅਤੇ ਹਰਿਆ-ਭਰਿਆ ਬਣਾ ਸਕੀਏ

# ਆਪਰੇਸ਼ਨ ਸੰਧੂਰ ਨੂੰ ਕਾਮਯਾਬ ਕਰਨ ਵਾਲੇ ਸੈਨਿਕਾਂ ਨੂੰ ਸਲਾਮ : ਬਲਵੰਤ ਸਿੰਘ ਢਿੱਲੋਂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com



ਜ਼ੀਰਾ 20 ਮਈ ( ਅੰਗਰੇਜ਼ ਬਰਾੜ ) - ਅੱਤਵਾਦੀ ਹਮਲੇ ਦਾ ਮੂੰਹ ਤੋੜ ਜਵਾਬ ਦੇਣ ਵਾਲੇ ਅਤੇ ਅਪਰੇਸ਼ਨ ਸੰਦੂਰ ਨੂੰ ਕਾਮਯਾਬ ਕਰਨ ਵਾਲੇ ਭਾਰਤੀ ਸੈਨਿਕਾਂ ਨੂੰ ਸਲਾਮ ਕਰਨਾ ਬਣਦਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਨਗਰ ਕੌਂਸਲ ਜੀਰਾ ਦੇ ਸਾਬਕਾ ਪ੍ਰਧਾਨ ਸਰਦਾਰ ਬਲਵੰਤ ਸਿੰਘ ਢਿੱਲੋ ਨੇ ਜੀਰਾ ਵਿਖੇ ਪੱਤਰਕਾਰਾਂ ਕੋਲ ਕੀਤਾ। ਉਹਨਾਂ ਕਿਹਾ ਕਿ ਆਪਣਾ ਗਵਾਂਢੀ ਦੇਸ਼ ਪਾਕਿਸਤਾਨ ਅੱਤਵਾਦ ਨੂੰ ਸਹਿ ਦਿੰਦਾ ਹੈ ਅੱਤਵਾਦੀ ਬਿਨਾਂ ਕਿਸੇ ਕਸੂਰ ਤੋਂ ਹਿੰਦੁਸਤਾਨੀਆਂ ਦਾ ਕਤਲ ਕਰ ਦਿੰਦੇ ਹਨ। ਪਾਕਿਸਤਾਨ ਅੱਤਵਾਦੀਆਂ ਨੂੰ ਰੋਕਣ ਦੀ ਬਜਾਏ ਭਾਰਤ ਨਾਲ ਮੱਥਾ ਲਾਉਂਦਾ ਹੈ। ਬਲਵੰਤ ਸਿੰਘ ਢਿੱਲੋ ਨੇ ਅੱਗੇ ਕਿਹਾ ਕਿ ਹਰ ਵਾਰ ਪਾਕਿਸਤਾਨ ਨੂੰ ਮੂੰਹ ਦੀ ਖਾਣੀ ਪੈਂਦੀ ਹੈ ਅਤੇ ਹਰ ਪਾਸਿਓਂ ਪਾਕਿਸਤਾਨ ਦੀ ਨਿਖੇਦੀ ਕੀਤੀ ਜਾਂਦੀ ਹੈ। ਉਹਨਾਂ ਕਿਹਾ ਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੈ। ਜੰਗ ਤੇ ਕਰੋੜਾਂ ਰੁਪਈਆ ਵੇਸਟ ਹੁੰਦਾ ਹੈ। ਆਰਥਿਕ ਮੰਦੀ ਨਾਲ ਜੂਝ ਰਹੇ ਪਾਕਿਸਤਾਨ ਨੂੰ ਇਸ ਬਾਰੇ ਜਰੂਰ ਸੋਚਣਾ ਚਾਹੀਦਾ ਹੈ! ਬਲਵੰਤ ਸਿੰਘ ਢਿੱਲੋ ਨੇ ਅੱਗੇ ਕਿਹਾ ਕਿ ਚੰਗਾ ਹੋਇਆ ਇਹ ਜੰਗ ਟਲ ਗਈ ਨਹੀਂ ਤਾਂ ਅਨੇਕਾਂ ਨੌਜਵਾਨਾਂ ਦੀਆਂ ਕੀਮਤੀ ਜਾਨਾ ਚਲੀਆਂ ਜਾਂਦੀਆਂ ਅਤੇ ਦੋਹਾਂ ਦੇਸ਼ਾਂ ਦਾ ਵੱਡਾ ਆਰਥਿਕ ਨੁਕਸਾਨ ਹੁੰਦਾ

# ਬਸਪਾ ਜਿਲਾ ਪਟਿਆਲਾ ਵਲੋਂ ਪੰਜਾਬ ਚੋਂ ਨਸ਼ਿਆਂ ਦੇ ਖਾਤਮੇ ਲਈ ਪਟਿਆਲਾ ਵਿਖੇ ਰੋਸ਼ ਪ੍ਰਦਰਸਨ ਕਰਦੇ ਹੋਏ ਡੀ ਸੀ ਨੂੰ ਮੰਗ ਪੱਤਰ ਦਿੱਤਾ ਜਾਵੇਗਾ, ਬਲਦੇਵ ਮਹਿਰਾ।

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com

ਪਟਿਆਲਾ ਜਗਤਾਰ ਸਿੰਘ ਰੋੜੇਵਾਲ --ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ Ex MLA ,Ex MP ਜੀ ਦੇ ਦਿਸ਼ਾ ਨਿਰਦੇਸ਼ ਅਨੁਸਾਰ "ਪੰਜਾਬ ਸੰਭਾਲੋ ਮੁਹਿੰਮ" ਤਹਿਤ ਪੰਜਾਬ ਵਿੱਚੋਂ ਨਸ਼ਿਆਂ ਦੇ ਕਾਰੋਬਾਰ, ਤੇ ਪੰਜਾਬ ਵਿੱਚੋਂ ਮੁਕੰਮਲ ਤੌਰ ਤੇ ਨਸ਼ਿਆਂ ਦੇ ਖਾਤਮੇ ਲਈ ਸਮੂਹ ਪੰਜਾਬੀਆਂ ਸਮੂਹ ਪੰਜਾਬ ਵਾਸੀਆਂ ਨੂੰ ਪੰਜਾਬ ਤੇ ਪੰਜਾਬੀਅਤ ਦੇ ਭਲੇ ਲਈ, ਪੰਜਾਬ ਨੂੰ ਬਚਾਉਣ ਲਈ, ਪੰਜਾਬ ਨੂੰ ਕਰਜ਼ਾ ਮੁਕਤ ਕਰਵਾਉਣ ਲਈ, ਬਹੁਜਨ ਸਮਾਜ ਪਾਰਟੀ ਜਿਲਾ ਪਟਿਆਲਾ ਵਲੋਂ 22 ਮਈ ਨੂੰ ਸਵੇਰੇ 9.30 ਵਜੇ ਤੋਂ 11.30 ਵਜੇ ਤੱਕ ਰੋਸ਼ ਪ੍ਰਦਰਸਨ ਕੀਤਾ ਜਾਵੇਗਾ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਬਲਦੇਵ ਸਿੰਘ ਮਹਿਰਾ ਸੂਬਾ ਜਨਰਲ ਸਕੱਤਰ ਨੇ ਦੱਸਿਆ ਕਿ ਰੋਸ ਪ੍ਰਦਰਸ਼ਨ ਬਸਪਾ ਦੇ ਮੁੱਖ ਦਫਤਰ ਨੇੜੇ ਫਲਾਈਓਵਰ ਦੁੱਖ ਨਿਵਾਰਨ ਸਾਹਿਬ ਪਟਿਆਲਾ ਤੋਂ ਸ਼ੁਰੂ ਕਰਕੇ ਮਾਨਯੋਗ ਡਿਪਟੀ ਕਮਿਸ਼ਨਰ ਪਟਿਆਲਾ ਜੀ ਨੂੰ ਮਿੰਨੀ ਸੈਕਟਰੀ ਏਕ ਪਟਿਆਲਾ ਵਿਖੇ ਮੈਮੋਰੰਡਮ ਸੌਂਪਿਆ ਜਾਵੇਗਾ। ਜਿਲਾ ਪਟਿਆਲਾ ਦੇ ਸਾਰੇ ਆਗੂਆਂ, ਬਾਮਸੇਫ ਆਗੂਆਂ,ਵਿਧਾਨ ਸਭਾ ਕਮੇਟੀਆਂ,ਬੀ. ਵੀ. ਐਫ਼ ਦੇ ਸਾਰੇ ਵਲੰਟੀਅਰਜ਼, ਸਾਰੇ ਕੋਆਰਡੀਨੇਟਰ, ਵਿਧਾਨ ਸਭਾ ਪ੍ਰਧਾਨ, ਸੈਕਟਰਾਂ ਦੇ ਇੰਚਾਰਜ ਅਤੇ ਬੂਥ ਲੈਵਲ ਦੇ ਸਾਰੇ ਸਾਥੀਆਂ ਨੂੰ ਵੱਡੀ ਗਿਣਤੀ ਵਿੱਚ ਆਪਣੇ ਆਪਣੇ ਵਹੀਕਲਜ਼ ਤੇ ਹਾਥੀ ਵਾਲੇ ਨੀਲੇ ਝੰਡੇ ਲਗਾ ਕੇ ਇਸ ਮੁਹਿੰਮ ਦਾ ਹਿੱਸਾ ਬਣਨਗੇ। ਸਾਰੇ ਸਾਥੀਆਂ ਨੂੰ ਵੱਡੀ ਗਿਣਤੀ ਵਿਚ ਸਵੇਰੇ 9.30 ਵਜੇ ਮੁਖ ਦਫਤਰ ਬਹੁਜਨ ਸਮਾਜ ਪਾਰਟੀ, ਨੇੜੇ ਫਲਾਈਓਵਰ ਪਟਿਆਲਾ ਵਿਖੇ ਪਹੁੰਚਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ ।

# ਪਲਾਸਟਿਕ ਦੇ ਭਰੇ ਟਰੱਕ ਨੂੰ ਲੱਗੀ ਅੱਗ, ਟਰੱਕ ਸੜ ਕੇ ਸੁਆਹ, -ਲੱਖਾਂ ਦਾ ਨੁਕਸਾਨ ਹੋਣ ਦਾ ਅਨੁਮਾਨ

## ਪੈਟਰੋਲ ਪੰਪ ਦੇ ਅੱਗ ਦੀ ਲਪੇਟ ਵਿੱਚ ਨਾ ਆਉਣ ਕਾਰਨ ਵੱਡਾ ਹਾਦਸਾ ਹੋਣੋਂ ਬਚਿਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com

ਮੋਰਿੰਡਾ, 20 ਮਈ ( ਪਤਰ ਪ੍ਰੇਰਕ)

ਮੋਰਿੰਡਾ ਦੇ ਨਜ਼ਦੀਕੀ ਪਿੰਡ ਕਾਂਜਲਾ ਵਿਖੇ ਸਥਿਤ ਇੱਕ ਪੈਟਰੋਲ ਪੰਪ ਦੇ ਨੇੜੇ ਇੱਕ ਪਲਾਸਟਿਕ ਦੇ ਭਰੇ ਟਰੱਕ ਨੂੰ ਅੱਗ ਲੱਗ ਗਈ। ਜਿਸ ਕਾਰਨ ਟਰਕ ਸਮਾਨ ਸਮੇਤ ਸੜਕੇ ਸੁਆਹ ਹੋ ਗਿਆ। ਇਸ ਮੌਕੇ ਟਰੱਕ ਡਰਾਈਵਰ ਬਲਵੰਤ ਸਿੰਘ ਨੇ ਦੱਸਿਆ ਕਿ ਉਹ ਆਪਣਾ ਟਰੱਕ ਨੰਬਰ ਪੀ ਬੀ 12 ਜੇ 9312 ਬਲਾਚੌਰ ਤੋਂ ਮੈਕਸ ਇੰਡੀਆ ਕੰਪਨੀ ਦਾ ਪਲਾਸਟਿਕ ਦਾ ਲਗਭਗ ਨੌਂ ਟਨ ਮਾਲ ਲੈ ਕੇ ਗੋਬਿੰਦਗੜ੍ਹ ਨੂੰ ਜਾ ਰਿਹਾ ਸੀ। ਜਦੋਂ ਮੋਰਿੰਡਾ ਦੇ ਨੇੜੇ ਪਿੰਡ ਕਾਂਝਲਾ ਪਹੁੰਚਿਆ ਤਾਂ ਉਸ ਨੂੰ ਮਹਿਸੂਸ ਹੋਇਆ ਕਿ ਟਰੱਕ ਵਿੱਚ ਪਿੱਛੇ ਅੱਗ ਲੱਗ ਗਈ ਹੈ। ਉਸਨੇ ਉਤਰ ਕੇ ਦੇਖਿਆ ਅਤੇ ਪਾਣੀ ਨਾਲ ਅੱਗ ਬੁਝਾਉਣ ਦੀ ਕੋਸ਼ਿਸ਼ ਵੀ ਕੀਤੀ । ਪ੍ਰੰਤੂ ਅੱਗ ਤੇਜ਼ੀ ਨਾਲ ਭੜਕ ਗਈ । ਬਲਵੰਤ ਸਿੰਘ ਨੇ ਦੱਸਿਆ ਕਿ ਉਸਨੇ ਪੈਟਰੋਲ ਪੰਪ ਨੂੰ ਬਚਾਉਣ ਲਈ ਅਪਣੀ ਗੱਡੀ ਪੰਪ ਤੋਂ ਥੋੜਾ ਅੱਗੇ ਲੈ ਗਿਆ ਤਾਂ ਜੋ ਪੈਟਰੋਲ ਪੰਪ ਦਾ




ਬਚਾਅ ਕੀਤਾ ਜਾ ਸਕੇ। ਇਸ ਦੌਰਾਨ ਲੋਕਾਂ ਵੱਲੋਂ ਫਾਇਰ ਬ੍ਰਿਗੇਡ ਮੋਰਿੰਡਾ ,ਸੜਕ ਸੁਰੱਖਿਆ ਫੋਰਸ(ਐਸ ਐਸ ਐਫ) ਅਤੇ ਪੁਲਿਸ ਨੂੰ ਵੀ ਸੁਚਿਤ ਕਰ ਦਿੱਤਾ ਗਿਆ। ਇਸ ਮੌਕੇ ਪੁੱਜੇ ਸੜਕ ਸੁਰੱਖਿਆ ਫੋਰਸ ਦੇ ਇੰਚਾਰਜ ਏ ਐਸ ਆਈ ਅਵਤਾਰ ਸਿੰਘ ਨੇ ਦੱਸਿਆ ਕਿ ਜਦੋਂ ਉਹਨਾਂ ਨੂੰ ਇਸ ਦੀ ਸੂਚਨਾ ਮਿਲੀ ਤਾਂ ਉਹ ਵੀ ਆਪਣੀ ਟੀਮ ਸਾਹਿਤ ਮੌਕੇ 'ਤੇ ਪਹੁੰਚੇ ਅਤੇ ਟ੍ਰੈਫਿਕ ਕੰਟਰੋਲ ਕੀਤਾ। ਫਾਇਰ ਬ੍ਰਿਗੇਡ ਸਟੇਸ਼ਨ ਮੋਰਿੰਡਾ ਤੋਂ ਫਾਇਰ ਟੈਂਕਰ ਲੈ ਕੇ ਆਏ ਡਰਾਈਵਰ ਲਖਵੀਰ ਸਿੰਘ ਨੇ ਦੱਸਿਆ ਕਿ ਟਰੱਕ ਨੂੰ ਅੱਗ ਲੱਗਣ ਦੀ ਸੂਚਨਾ ਮਿਲਣ ਉਪਰੰਤ ਉਸਦੇ ਸਾਥੀ ਦੋਵੇਂ ਗੱਡੀਆਂ ਲੈ ਕੇ ਘਟਨਾ ਸਥਾਨ 'ਤੇ ਪਹੁੰਚੇ। ਜਿੱਥੇ ਟਰੱਕ ਵਿਚੋਂ ਕਾਫੀ ਉੱਚੀਆਂ ਅੱਗ ਦੀਆਂ ਲਾਟਾਂ ਨਿਕਲ ਰਹੀਆਂ ਸਨ। ਉਹਨਾਂ ਨੇ ਤੇਜ਼ੀ ਨਾਲ ਅੱਗ ਤੇ ਕਾਬੂ ਪਾਉਣ ਲਈ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਲਖਬੀਰ ਸਿੰਘ ਨੇ ਦੱਸਿਆ ਕਿ ਜਦੋਂ ਉਹਨਾਂ ਨੇ ਦੇਖਿਆ ਕਿ ਅੱਗ ਬੇਕਾਬੂ ਹੁੰਦੀ ਜਾ ਰਹੀ ਹੈ ਤਾਂ ਉਨਾਂ ਨੇ ਸ੍ਰੀ ਚਮਕੌਰ ਸਾਹਿਬ ਅਤੇ ਰੋਪੜ ਤੋਂ ਵੀ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੰਗਵਾਈਆਂ ਤਾਂ ਜੋ ਅੱਗ 'ਤੇ ਜਲਦੀ ਤੋਂ ਜਲਦੀ ਕਾਬੂ ਪਾਇਆ ਸਕੇ। ਲਖਬੀਰ ਸਿੰਘ ਨੇ ਦੱਸਿਆ ਕਿ ਇੱਕ ਦਰਜਨ ਗੱਡੀਆਂ ਨਾਲ ਅੱਗ 'ਤੇ ਲਗਭਗ 4 ਘੰਟੇ ਦੀ ਜਦੋ ਜਹਿਦ ਦੇ ਬਾਅਦ ਅੱਗ ਤੇ ਕਾਬੂ ਪਾਇਆ ਗਿਆ ਪਰੰਤੂ ਉਦੋਂ ਤੱਕ ਟਰੱਕ ਅਤੇ ਟਰੱਕ ਵਿੱਚ ਭਰਿਆ ਮਾਲ ਸੜ ਕੇ ਸੁਆਹ ਹੋ ਗਿਆ ਸੀ।

ਟਰੱਕ ਹਾਦਸੇ ਵਾਲੀ ਥਾਂ ਦੇ ਬਿਲਕੁਲ ਨੇੜੇ ਪੈਂਦੇ ਪੈਟਰੋਲ ਪੰਪ ਅਮਨ ਫਿਲਿੰਗ ਸਟੇਸ਼ਨ ਦੇ ਮਾਲਕ ਸੁਪਿੰਦਰ ਸਿੰਘ ਨੇ ਦੱਸਿਆ ਕਿ ਟਰੱਕ ਨੂੰ ਅੱਗ ਬਿਲਕੁਲ ਪੈਟਰੋਲ ਪੰਪ ਦੇ ਸਾਹਮਣੇ ਲੱਗੀ। ਉਹਨਾਂ ਦੇ ਸਿਕਿਊਰਟੀ ਗਾਰਡ ਨੇ ਉਹਨਾਂ ਨੂੰ ਵੀ ਬੁਲਾ ਲਿਆ। ਜਦੋਂ ਉਹਨਾਂ ਦੇਖਿਆ ਕਿ ਅੱਗ ਨਾਲ ਵੱਡਾ ਨੁਕਸਾਨ ਹੋ ਸਕਦਾ ਹੈ ਤਾਂ ਉਹਨਾ ਟਰੱਕ ਨੂੰ ਪੈਟਰੋਲ ਪੰਪ ਤੋਂ ਕੁਝ ਦੂਰੀ ਤੇ ਅੱਗੇ ਕਰਵਾਇਆ। ਇਸ ਮੌਕੇ 'ਤੇ ਪੈਟਰੋਲ ਪੰਪ ਦੇ ਟੈਂਕਰ ਵਿੱਚ ਲਗਭਗ 8 ਹਜਾਰ ਲੀਟਰ ਡੀਜ਼ਲ ਅਤੇ ਸੱਤ ਹਜਾਰ ਲੀਟਰ ਪੈਟਰੋਲ ਦਾ ਸਟਾਕ ਭਰਿਆ ਹੋਇਆ ਸੀ। ਸਪਿੰਦਰ ਸਿੰਘ ਨੇ ਦੱਸਿਆ ਕਿ ਵੱਡਾ ਹਾਦਸਾ ਵਾਪਰਣ ਤੋਂ ਬਚਾਅ ਹੋ ਗਿਆ।

ਟਰੱਕ ਡਰਾਈਵਰ ਬਲਵੰਤ ਸਿੰਘ ਨੇ ਦੱਸਿਆ ਕਿ ਉਸ ਦਾ ਲੋਡ ਕੀਤੇ ਸਮਾਨ ਤੋਂ ਇਲਾਵਾ ਲਗਭਗ 10 ਲੱਖ ਰੁਪਏ ਦਾ ਨੁਕਸਾਨ ਹੋ ਗਿਆ। ਟਰੱਕ ਮਾਲਕ ਬਲਵੰਤ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਟਰਕ ਨੂੰ ਅੱਗ ਲੱਗਣ ਕਾਰਨ ਉਹ ਬਰਵਾਦ ਹੋ ਗਿਆ ਹੈ। ਮੁੜ ਪੈਰਾਂ ਤੇ ਖੜ੍ਹਾ ਕਰਨ ਲਈ ਯੋਗ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਸਮਾਜ ਸੇਵਕਾਂ ਅਤੇ ਟਰੱਕ ਅਪਰੇਟਰਾਂ ਨੇ ਵੀ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਦੁਰਘਟਨਾ ਗ੍ਰਸਤ ਟਰੱਕ ਮਾਲਕ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ ਤਾਂ ਜ਼ੋ ਉਹ ਮੁੜ ਰੋਟੀ ਕਮਾ ਕੇ ਅਪਣੇ ਪ੍ਰੀਵਾਰ ਦਾ ਪੇਟ ਭਰ ਸਕੇ।

# 17 ਜੂਨ ਤੱਕ ਮਨਾਇਆ ਜਾਵੇਗਾ ਵਿਸ਼ਵ ਹਾਈਪਰਟੈਨਸ਼ਨ ਜਾਗਰੂਕਤਾ ਮਹੀਨਾ: ਡਾਕਟਰ ਜੰਗਜੀਤ ਸਿੰਘ

## -ਕੀਰਤਪੁਰ ਸਾਹਿਬ ਵਿਖੇ ਗ਼ੈਰ ਸੰਚਾਰੀ ਰੋਗਾਂ ਦੀ ਜਾਂਚ ਲਈ ਕੈਂਪ ਲਾਏ ਗਏ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com





ਸ਼੍ਰੀ ਕੀਰਤਪੁਰ ਸਾਹਿਬ (20 ਮਈ, 2025): 17 ਮਈ ਤੋਂ ਸ਼ੁਰੂ ਹੋਏ ਵਿਸ਼ਵ ਹਾਈਪਰਟੈਨਸ਼ਨ ਜਾਗਰੂਕਤਾ ਮਹੀਨੇ ਦੌਰਾਨ ਪੀ.ਐੱਚ.ਸੀ, ਕੀਰਤਪੁਰ ਸਾਹਿਬ ਅਤੇ ਇਸ ਅਧੀਨ ਆਉਂਦੇ ਆਯੂਸ਼ਮਾਨ ਅਰੋਗਿਆ ਕੇਂਦਰਾਂ ਦੀ ਟੀਮ ਵੱਲੋਂ ਵੱਖ-ਵੱਖ ਥਾਂਵਾਂ 'ਤੇ ਗ਼ੈਰ ਸੰਚਾਰੀ ਰੋਗਾਂ ਦੀ ਜਾਂਚ ਲਈ ਵਿਸ਼ੇਸ਼ ਕੈਂਪ ਲਾਏ ਗਏ ਅਤੇ ਲੋਕਾਂ ਨੂੰ ਇਹਨਾਂ ਰੋਗਾਂ ਤੋਂ ਬਚਣ ਲਈ ਜਾਗਰੂਕ ਕੀਤਾ ਗਿਆ।

ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਜੰਗਜੀਤ ਸਿੰਘ ਨੇ ਦੱਸਿਆ ਕਿ ਉੱਚ ਰਕਤਚਾਪ ਨੂੰ "ਸਾਇਲੈਂਟ ਕਿੱਲਰ" ਕਿਹਾ ਜਾਂਦਾ ਹੈ ਕਿਉਂਕਿ ਆਮਤੌਰ 'ਤੇ ਇਸਦੇ ਕੋਈ ਖ਼ਾਸ ਲੱਛਣ ਨਹੀਂ ਹੁੰਦੇ ਪਰ ਨਿਯਮਤ ਤੌਰ 'ਤੇ ਸਵੇਰੇ ਦੇ ਸਮੇਂ ਸਿਰ ਦਰਦ, ਨੱਕ 'ਚੋਂ ਖ਼ੂਨ ਆਉਣ, ਦਿਲ ਦੀ ਧੜਕਣ ਤੇਜ਼ ਹੋਣ, ਧੁੰਦਲਾ ਵਿਖਾਈ ਦੇਣ ਅਤੇ ਘਬਰਾਹਟ ਮਹਿਸੂਸ ਹੋਣ 'ਤੇ ਤੁਰੰਤ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਭੋਜਨ ਵਿਚ ਨਮਕ ਦਾ ਘੱਟ ਇਸਤੇਮਾਲ, ਸੈਰ, ਕਸਰਤ ਅਤੇ ਯੋਗਾ ਬੀ.ਪੀ ਨੂੰ ਕਾਬੂ ਵਿਚ ਰੱਖਣ ਦਾ ਸੱਭ ਤੋਂ ਸਸਤਾ ਅਤੇ ਅਸਰਦਾਰ ਤਰੀਕਾ ਹੈ।

ਡਾਕਟਰ ਜੰਗਜੀਤ ਸਿੰਘ ਨੇ ਦੱਸਿਆ ਕਿ ਰੂਪਨਗਰ ਦੇ ਸਿਵਲ ਸਰਜਨ ਡਾ. ਸਵਪਨਜੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਸ ਰੋਗ ਬਾਰੇ ਵੱਧ ਤੋਂ ਵੱਧ ਜਾਗਰੂਕਤਾ ਫ਼ੈਲਾਉਣ ਦੇ ਉਦੇਸ਼ ਨਾਲ 17 ਜੂਨ ਤੱਕ ਵਿਸ਼ਵ ਹਾਈਪਰਟੈਨਸ਼ਨ ਜਾਗਰੂਕਤਾ ਮਹੀਨਾ ਮਨਾਇਆ ਜਾਵੇਗਾ। ਇਸ ਦੌਰਾਨ ਸਕੂਲ, ਕਾਲਜ, ਬੱਸ ਅੱਡੇ ਅਤੇ ਰੇਲਵੇ ਸਟੇਸ਼ਨ 'ਤੇ ਜਾਗਰੂਕਤਾ ਭਾਸ਼ਣ ਤੋਂ ਇਲਾਵਾ ਪੋਸਟਰ ਮੇਕਿੰਗ ਮੁਕਾਬਲੇ, ਨੁੱਕੜ ਨਾਟਕ, ਜਾਗਰੂਕਤਾ ਰੈਲੀਆਂ ਕਰਵਾਉਣ ਦਾ ਸਿਲਸਿਲਾ ਜਾਰੀ ਰਹੇਗਾ। ਉਹਨਾਂ ਦੱਸਿਆ ਕਿ ਹਾਈਪਰਟੈਨਸ਼ਨ ਜਾਗਰੂਕਤਾ ਮਹੀਨੇ ਦੀ ਸ਼ੁਰੂਆਤ ਵਿਸ਼ਵ ਹਾਈਪਰਟੈਨਸ਼ਨ ਦਿਵਸ ਮੌਕੇ ਗ਼ੈਰ ਸੰਚਾਰੀ ਰੋਗਾਂ ਦੀ ਜਾਂਚ ਲਈ ਲਗਾਏ ਗਏ ਕੈਂਪਾਂ ਨਾਲ ਹੋਈ। ਸੀਨੀਅਰ ਮੈਡੀਕਲ ਅਫ਼ਸਰ ਨੇ ਦੱਸਿਆ ਕਿ ਜੀਓਵਾਲ ਵਿਖੇ ਬਲਾਕ ਪੱਧਰੀ ਕੈਂਪ ਲਗਾਇਆ ਗਿਆ ਜਿਸ ਵਿਚ ਸੀ.ਐੱਚ.ਓ ਪੂਨਮ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਮੌਕੇ ਐੱਸ.ਐੱਮ.ਆਈ ਸਿਕੰਦਰ ਸਿੰਘ ਅਤੇ ਮਲਟੀਪਰਪਜ਼ ਹੈਲਥ ਵਰਕਰ ਕੁਲਵਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

ਬਲਾਕ ਐਜੂਕੇਟਰ ਰਤਿਕਾ ਓਬਰਾਏ ਨੇ ਦੱਸਿਆ ਕਿ ਆਯੂਸ਼ਮਾਨ ਅਰੋਗਿਆ ਕੇਂਦਰ ਗੱਗ, ਨਿੱਕੂ ਨੰਗਲ, ਲਮਲੈਹੜੀ, ਮਹਿਲਵਾਂ, ਕਥੇੜਾ, ਡੈਹਣੀ, ਗੰਗੂਵਾਲ, ਬੱਢਲ, ਅਗੰਮਪੁਰ, ਮਹਿਰੋਲੀ, ਗੋਹਲਣੀ, ਨੰਗਲੀ, ਮੋਜੋਵਾਲ, ਬੰਦਲੈਹੜੀ ਅਤੇ ਦੋਲੋਵਾਲ ਵਿਖੇ ਵੀ ਗ਼ੈਰ ਸੰਚਾਰੀ ਰੋਗਾਂ ਦੀ ਜਾਂਚ ਲਈ ਕੈਂਪ ਲਾਏ ਗਏ ਜਿੱਥੇ ਸੀ.ਐੱਚ.ਓ ਰਵਨੀਤ ਕੌਰ, ਰਜਿੰਦਰ ਕੌਰ, ਅਮਨਦੀਪ ਕੌਰ, ਰਾਣੋ, ਪੂਨਮ, ਭਵਪ੍ਰੀਤ ਕੌਰ, ਬਬਨੀਤ ਰਾਜਪ੍ਰੀਤ ਕੌਰ, ਅਨੂਪ੍ਰੀਤ ਕੌਰ, ਅੰਜਨਾ, ਜਸਪ੍ਰੀਤ, ਅਰਵਿੰਦ ਕੌਰ, ਮਨਪ੍ਰੀਤ ਕੌਰ ਅਤੇ ਉਹਨਾਂ ਦੀ ਟੀਮ ਨੇ ਲੋਕਾਂ ਨੂੰ ਗ਼ੈਰ ਸੰਚਾਰੀ ਰੋਗਾਂ ਅਤੇ ਹਾਈ ਬੀ.ਪੀ ਦੇ ਲੱਛਣਾਂ ਅਤੇ ਬਚਾਅ ਬਾਰੇ ਜਾਗਰੂਕ ਕੀਤਾ।

# ਸਿਹਤ ਲਈ ਸਾਈਕਲ, ਜੀਵਨ ਲਈ ਗਿਆਨ– ਰੰਗੀਲਪੁਰ 'ਚ ਰੈਲੀ ਤੇ ਕੈਂਪ ਰਾਹੀਂ ਲੋੜੀਂਦੀ ਸੂਚਨਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com





ਰੂਪਨਗਰ, 20 ਮਈ:- ਸੀਨੀਅਰ ਮੈਡੀਕਲ ਅਫਸਰ ਡਾ. ਆਨੰਦ ਘਈ ਜੀ ਦੀ ਅਗਵਾਈ ਹੇਠ ਆਯੁਸ਼ਮਾਨ ਆਰੋਗਿਆ ਕੇਂਦਰ ਰੰਗੀਲਪੁਰ ਵੱਲੋਂ ਪਿੰਡ ਰੰਗੀਲਪੁਰ ਵਿੱਚ ਉੱਚ ਰਕਤਚਾਪ (ਹਾਈਪਰਟੈਨਸ਼ਨ) ਸੰਬੰਧੀ ਵਿਸ਼ੇਸ਼ ਜਾਗਰੂਕਤਾ ਕੈਂਪ ਅਤੇ ਸਾਈਕਲ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਲੋਕਾਂ ਵਿੱਚ ਹਾਈਪਰਟੈਨਸ਼ਨ ਬਾਰੇ ਜਾਣਕਾਰੀ ਫੈਲਾਉਣਾ ਅਤੇ ਸਿਹਤਮੰਦ ਜੀਵਨਸ਼ੈਲੀ ਲਈ ਪ੍ਰੇਰਿਤ ਕਰਨਾ ਸੀ।

ਇਹ ਸਾਰਾ ਪ੍ਰੋਗਰਾਮ ਕਮਿਊਨਿਟੀ ਹੈਲਥ ਅਫਸਰ ਨਵਰੀਤ ਕੌਰ, ਹੈਲਥ ਵਰਕਰ ਪ੍ਰਿੰਸ ਵਰਮਾ, ਹਰਪ੍ਰੀਤ ਕੌਰ, ਰੁਪਿੰਦਰ ਕੌਰ, ਆਸ਼ਾ ਫੈਸੀਲੀਟੇਟਰ ਅਮਰਜੀਤ ਕੌਰ ਅਤੇ ਆਸ਼ਾ ਵਰਕਰ ਮੰਜੀਤ ਕੌਰ ਵੱਲੋਂ ਯੋਜਨਾਬੱਧ ਢੰਗ ਨਾਲ ਕਰਵਾਇਆ ਗਿਆ।

ਕੈਂਪ ਦੌਰਾਨ ਪਿੰਡ ਵਾਸੀਆਂ ਦੀ ਰਕਤਚਾਪ ਦੀ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਹਾਈਪਰਟੈਨਸ਼ਨ ਦੇ ਕਾਰਨ, ਲੱਛਣ, ਨਿਯੰਤਰਣ ਅਤੇ ਇਲਾਜ ਬਾਰੇ ਜਾਣੂ ਕਰਵਾਇਆ ਗਿਆ। ਸਿਹਤ ਟੀਮ ਵੱਲੋਂ ਸਲਾਹ ਦਿੱਤੀ ਗਈ ਕਿ ਨਿਯਮਤ ਵਰਜ਼ਿਸ਼, ਸਰੀਰਕ ਸਰਗਰਮੀ, ਸੰਤੁਲਿਤ ਭੋਜਨ ਅਤੇ ਤਣਾਅ ਮੁਕਤ ਜੀਵਨ ਰਾਹੀਂ ਹਾਈਪਰਟੈਨਸ਼ਨ ਤੋਂ ਬਚਿਆ ਜਾ ਸਕਦਾ ਹੈ।

ਇਸ ਮੌਕੇ ਸਟਾਫ ਵੱਲੋਂ ਇੱਕ ਸਾਈਕਲ ਰੈਲੀ ਵੀ ਕੱਢੀ ਗਈ । ਰੈਲੀ ਰਾਹੀਂ ਲੋਕਾਂ ਨੂੰ ਸਿਹਤ ਬਾਰੇ ਨਾਰੇ ਲਗਾ ਕੇ ਜਾਗਰੂਕ ਕੀਤਾ ਗਿਆ।

ਸਿਨੀਅਰ ਮੈਡੀਕਲ ਅਫਸਰ ਡਾ. ਆਨੰਦ ਘਈ ਨੇ ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਜਾਗਰੂਕਤਾ ਪ੍ਰੋਗਰਾਮ ਪਿੰਡ ਪੱਧਰ 'ਤੇ ਸਿਹਤ ਸੰਬੰਧੀ ਸਮੱਸਿਆਵਾਂ ਨੂੰ ਸਮਝਣ ਅਤੇ ਉਨ੍ਹਾਂ ਤੋਂ ਬਚਾਅ ਲਈ ਬਹੁਤ ਲਾਭਕਾਰੀ ਹਨ। ਸਾਡੀ ਕੋਸ਼ਿਸ਼ ਰਹੇਗੀ ਕਿ ਹੋਰ ਪਿੰਡਾਂ ਵਿੱਚ ਵੀ ਅਜਿਹੇ ਮੁਹਿੰਮ ਚਲਾਈਆਂ ਜਾਣ।

ਇਸ ਮੁਹਿੰਮ ਵਿੱਚ ਪਿੰਡ ਵਾਸੀਆਂ ਨੇ ਵਧ ਚੜ੍ਹ ਕੇ ਭਾਗ ਲਿਆ ਅਤੇ ਸਿਹਤ ਸੰਬੰਧੀ ਜਾਣਕਾਰੀ ਪ੍ਰਾਪਤ ਕੀਤੀ।

# -ਪੰਜਾਬ ਸਿੱਖਿਆ ਕ੍ਰਾਂਤੀ- ਸਰਕਾਰੀ ਹਾਈ ਸਮਾਰਟ ਸਕੂਲ, ਪੁੰਨਾਂਵਾਲ ਵਿਖੇ ਕਰੀਬ 04 ਲੱਖ 29 ਹਜ਼ਾਰ ਰੁਪਏ ਦੀ ਲਾਗਤ ਨਾਲ ਕੀਤੇ ਗਏ ਨਵੀਨੀਕਰਨ ਦੇ ਕਾਰਜ

## ਪੰਜਾਬ ਰਾਜ ਲਘੂ ਉਦਯੋਗ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਵੱਲੋਂ ਲੋਕ ਅਰਪਿਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com



ਦਲਜੀਤ ਕੌਰ

ਧੂਰੀ, 20 ਮਈ, 2025: ਮੁੱਖ ਮੰਤਰੀ, ਪੰਜਾਬ, ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਅਗਵਾਈ ਵਿੱਚ ਸ਼ੁਰੂ ਕੀਤੀ "ਪੰਜਾਬ ਸਿੱਖਿਆ ਕ੍ਰਾਂਤੀ" ਮੁਹਿੰਮ ਤਹਿਤ ਸਰਕਾਰੀ ਹਾਈ ਸਮਾਰਟ ਸਕੂਲ, ਪੁੰਨਾਂਵਾਲ ਵਿਖੇ ਕਰੀਬ 04 ਲੱਖ 29 ਹਜ਼ਾਰ ਰੁਪਏ ਦੀ ਲਾਗਤ ਨਾਲ ਕੀਤੇ ਗਏ ਨਵੀਨੀਕਰਨ ਦੇ ਕਾਰਜ, ਜਿਨ੍ਹਾਂ ਵਿੱਚ ਚਾਰਦੀਵਾਰੀ ਅਤੇ ਫ਼ਰਸ਼ ਟਾਈਲਾਂ ਸ਼ਾਮਲ ਹਨ, ਪੂਰੇ ਹੋਣ ਉਪਰੰਤ ਪੰਜਾਬ ਰਾਜ ਲਘੂ ਉਦਯੋਗ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਵੱਲੋਂ ਲੋਕ ਅਰਪਿਤ ਕੀਤੇ ਗਏ।

ਇਸ ਮੌਕੇ ਪੰਜਾਬ ਰਾਜ ਲਘੂ ਉਦਯੋਗ ਨਿਗਮ ਦੇ ਚੇਅਰਮੈਨ ਸ. ਦਲਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਸਿੱਖਿਆ ਢਾਂਚੇ ਨੂੰ ਬਿਹਤਰੀਨ ਬਨਾਉਣ ਦਾ ਵਾਅਦਾ ਕਰ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਆਈ ਸੀ ਤੇ ਸਰਕਾਰ ਨੇ ਦਿਨ ਰਾਤ ਇੱਕ ਕਰ ਕੇ ਇਹ ਵਾਅਦਾ ਪੂਰਾ ਕੀਤਾ ਹੈ। ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿੱਚ ਪਿਛਲੇ 75 ਸਾਲ ਤੋਂ ਬੁਨਿਆਦੀ ਕੰਮ ਬਕਾਇਆ ਪਏ ਸਨ, ਜਿਨ੍ਹਾਂ ਨੂੰ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਕਰਵਾਇਆ ਗਿਆ ਹੈ।

ਚੇਅਰਮੈਨ ਢਿੱਲੋਂ ਨੇ ਦੱਸਿਆ ਕਿ ਸਰਕਾਰੀ ਸਕੂਲਾਂ ਵਿੱਚ 20 ਹਜ਼ਾਰ ਨਵੇਂ ਅਧਿਆਪਕ ਭਰਤੀ ਹੋਏ ਹਨ ਤੇ 12,700 ਕੱਚੇ ਅਧਿਆਪਕ ਪੱਕੇ ਕੀਤੇ ਗਏ ਹਨ। ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਉੱਚ ਦਰਜੇ ਦੀ ਸਿਖਲਾਈ ਹਾਸਲ ਕਰਨ ਲਈ ਦੇਸ਼ ਦੀਆਂ ਵੱਡੀਆਂ ਸੰਸਥਾਵਾਂ ਅਤੇ ਵਿਦੇਸ਼ਾਂ ਵਿੱਚ ਭੇਜਿਆ ਗਿਆ ਹੈ। ਅਤਿ ਆਧੁਨਿਕ ਸਹੂਲਤਾਂ ਨਾਲ ਲੈਸ 100 ਦੇ ਕਰੀਬ ਸਕੂਲ ਆਫ ਐਮੀਨੈਂਸ ਬਣਾਏ ਗਏ ਹਨ।

ਸਰਕਾਰੀ ਸਕੂਲਾਂ ਲਈ ਬੱਸ ਸੇਵਾ ਵੀ ਸ਼ੁਰੂ ਕੀਤੀ ਗਈ ਹੈ ਤੇ 10 ਹਜ਼ਾਰ ਵਿਦਿਆਰਥੀ ਬੱਸ ਸੇਵਾ ਦਾ ਲਾਭ ਲੈ ਰਹੇ ਹਨ। ਕੈਂਪਸ ਮੈਨੇਜਰ, ਸੁਰੱਖਿਆ ਗਾਰਡ ਤੇ ਚੌਕੀਦਾਰ ਸਕੂਲਾਂ ਵਿੱਚ ਨਿਯੁਕਤ ਕੀਤੇ ਗਏ ਹਨ। 17 ਹਜ਼ਾਰ ਤੋਂ ਵੱਧ ਸਕੂਲਾਂ ਨੂੰ ਇੰਟਰਨੈਟ ਵਾਈ ਫਾਈ ਦੀ ਸਹੂਲਤ ਨਾਲ ਲੈਸ ਕੀਤਾ ਗਿਆ ਹੈ।

ਸੂਬੇ ਵਿੱਚ ਨਿਵੇਸ਼ ਦੀ ਦਰ ਵੀ ਬਹੁਤ ਉੱਪਰ ਗਈ ਹੈ ਅਤੇ 97 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਹੋਇਆ ਹੈ। ਇਸ ਨਾਲ ਸੂਬੇ ਦੇ ਨੌਜਵਾਨਾਂ ਨੂੰ ਵੱਡੇ ਪੱਧਰ ਉੱਤੇ ਰੁਜ਼ਗਾਰ ਮਿਲ ਰਿਹਾ ਹੈ। ਪੰਜਾਬ ਸਰਕਾਰ ਵੱਲੋਂ 56 ਹਜ਼ਾਰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ।

ਇਸ ਮੌਕੇ ਸ. ਢਿੱਲੋਂ ਵੱਲੋਂ ਸਕੂਲਾਂ ਦੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਸਕੂਲਾਂ ਦੇ ਸਟਾਫ ਵੱਲੋਂ ਸ. ਢਿੱਲੋਂ ਦਾ ਸਨਮਾਨ ਵੀ ਕੀਤਾ ਗਿਆ।

ਇਸ ਮੌਕੇ ਦਰਸ਼ਨ ਸਿੰਘ ਸਿੱਖਿਆ ਕੋਆਰਡੀਨੇਟਰ, ਜਗਸੀਰ ਸਿੰਘ ਲੱਡਾ ਸਮੇਤ ਵੱਡੀ ਗਿਣਤੀ ਵਿਦਿਆਰਥੀ, ਅਧਿਆਪਕ ਤੇ ਪਿੰਡ ਵਾਸੀ ਹਾਜ਼ਰ ਸਨ

# ਸਿੱਖਿਆ ਅਤੇ ਕਲਾ ਮੰਚ ਪੰਜਾਬ ਵੱਲੋਂ ਰਾਜ ਪੱਧਰੀ ਆਨਲਾਈਨ, ਆਫ਼ਲਾਈਨ ਕਲਾ ਮੁਕਾਬਲਿਆਂ ਦਾ ਪ੍ਰਾਸਪੈਕਟ ਜਾਰੀ

## 50 ਹਜ਼ਾਰ ਵਿਦਿਆਰਥੀਆਂ ਨੂੰ ਆਨਲਾਈਨ ਕਲਾ ਮੁਕਾਬਲਿਆਂ ਦੌਰਾਨ ਸ਼ਮੂਲੀਅਤ ਕਰਵਾਉਣ ਦਾ ਟੀਚਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਮਈ
INTERNATIONAL PAPER, 94636 01616
hardipchumber57@gmail.com

